GOVERNMENT OF INDIA
NATIONAL LIBRARY, CALCUTTA

Class No. P 294.553
Book No. H476p
N. L. 38.
MGIPC--S1--36 LNL/60--14-9-61--50,000.

ਪ੍ਰਾਚੀਨ

# ਤ੍ਵਾਰੀਖ ਅਕਾਲੀ

ਰਚਿਤ

## ਸ੍ਰੀ ਮਾਨ ਮਾਸਟਰ ਹਰੀ ਸਿੰਘ ਜੀ ਗ੍ਯਾਨੀ

ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ

ਜਿਸ ਵਿਚ

ਅਕਾਲੀਆਂ ਦਾ ਪੂਰਾ ੨ ਵਰਨਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈਕੇ ਅਜ ਤਕ ਬ੍ਰਿਤਾਂਤ ਹੈ ਤੇ ਆਉਣ ਵਾਲੇ ਸਮੇਂ ਦਾ ਹਾਲ ਭੀ ਲਿਖਿਆ ਹੈ।

ਜਿਸਨੂੰ

**ਭਗਤਸਿੰਘ ਕੁਤਬਫਰੋਸ਼ ਬਜ਼ਾਰਮਾਈਸੇਵਾਂ**

ਸ੍ਰੀ ਅੰਮ੍ਰਿਤਸਰ ਨੇ ਛਪਵਾਇਆ।

ਪੁਸਤਕ ਮਿਲਨ ਦਾ ਪਤਾ:-

**ਗੋਲਡਨਪ੍ਰੈਸ ਪਾਸ-(ਬਾਗ ਜਲਿਆਂ ਵਾਲਾ)**

**ਅੰਮ੍ਰਿਤਸਰ।**

ਗੋਲਡਨਪ੍ਰੈਸ ਪਾਸ-(ਬਾਗ ਜਲਿਆਂ ਵਾਲਾ) ਅੰਮ੍ਰਿਤਸਰ ਵਿਚ
ਭਾਈ ਸ਼ਾਮਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੀ।

ਪਹਿਲੀ ਵਾਰ ੨੦੦੦ ਕਾਪੀ] [ਭੇਟਾ ।)

P
294.553
H 476 p

SHELF LISTED

NATIONAL LIBRARY
No. 598
Date 12.3.57
CALCUTTA

22 cm.

# ਤਤਕਰਾ ਤਵਾਰੀਖ ਅਕਾਲੀ


| ਵਿਸ਼ਯ | ਪੰਨਾ |
|---|---|
| ਭੂਮਕਾ | ੧ |
| ਤਵਾਰੀਖ਼ ਹਾਲਾਤ | ੨ |
| ਹਿੰਦੁਸਤਾਨ ਦੀ ਪਹਿਲੀ ਦਸ਼ਾ | ੩ |
| ਮੁਸਲਮਾਨੀ ਰੌਜ਼ ਤੇ ਜ਼ੁਲਮ | ੫ |
| ਭਵਿਸ਼ਤ ਪੁਰਾਣ ਵਿਚ ਸ੍ਰੀ ਗੁਰੂ ਨਾਨਕ ਜੀ ਦਾ ਪ੍ਰਗਟ ਹੋਣਾ | ੬ |
| ਸਵਾਲ ਜਵਾਬ ਕਾਜ਼ੀ ਰੁਕਨ ਦੀਨ | ੧੧ |
| ਮਕੇ ਵਿਚ ਬਾਬੇ ਨਾਨਕ ਜੀ ਨੇ ਅਕਾਲੀ ਹੋਣ ਦੀ ਭਵਿਸ਼ਤ ਕਥਾ ਕੈਹਣੀ | ੧੨ |
| ਸਵਾਲ ਜੁਵਾਬ ਕਾਜੀ ਰੁਕਨ ਦੀਨ | ੧੩ |
| ਕਾਰੂ ਬਾਦਸ਼ਾਹ ਨੂੰ ਅਕਾਲੀ ਹੋਣ ਦਾ ਭਵਿਸ਼ਤ ਬਚਨ ਬੋਲਨਾ | ੧੪ |
| ਕਲਜੁਗ ਹੋਸੀ ਕਾਲਾ ਬਾਣਾ | ੧੫ |
| ਭਾਈ ਲਾਲੋ ਦੇ ਪ੍ਰਥਾਇ ਭਵਿਸ਼ਤ ਬਚਨ ਬੋਲਨਾ | ੧੫ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ | ੧੯ |
| ਤਖਤ ਅਕਾਲ ਬੂੰਗਾ | ੨੨ |
| ਗੁਰੂ ਹਰਿਰਾਇ ਜਾਨੇ ਨਾਭੇ ਪਟਿਆਲੇ ਤੇ ਜੀਂਦ ਦਾ ਰਾਜ ਬਖਸ਼ਨਾ | ੨੫ |
| ਝੂਠੀ ਖੁਸ਼ਾਮਦ ਤੇ ਰਾਮ ਰਾਇ ਨੂੰ ਪੰਥ ਤੋਂ ਖਾਰਜ ਕਰਨਾ | ੨੬ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | ੨੭ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਗਟ ਹੋਣਾ | ੩੩ |
| ਭੀਖਮ ਸ਼ਾਹ ਨੇ ਦਰਸ਼ਨ ਕਰਨ ਆਉਣਾ ਤੇ ਅਕਾਲੀ ਹੋਣ ਦੀ ਭਵਿਸ਼ਤ ਕਥਾ ਕੈਹਣੀ | ੩੫ |
| ਗੁਰਪਰਨਾਲੀ | ੩੬ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਚੁਣਨੇ ਤੇ ਅੰਮ੍ਰਿਤ ਪ੍ਰਚਾਰ ਕਰਨਾ | ੪੨ |
| ਬਾਬਾ ਫਤਹ ਸਿੰਘ ਜੀ ਨੇ ਅਕਾਲੀ ਸਿੰਘ ਪੈਦਾ ਕਰਨੇ | ੪੯ |
| ਮਾਨ ਸਿੰਘ ਅਕਾਲੀ ਨੂੰ ਬਖਸ਼ਸ਼ ਕਰਨੀ | ੫੧ |
| ਨਸ਼ਿਆਂ ਦੀ ਨਖੇਧੀ | ੫੪ |
| ਪ੍ਰਾਚੀਨ ਸਿੰਘਾਂ ਦੀ ਰਹਿਣੀ | ੫੫ |
| ਜਥੇਦਾਰ ਦਾ ਹੁਕਮ | ੫੭ |
| ਖਾਲਸੇ ਦਾ ਖਾਨ ਪੀਨ ਤੇ ਟਹਿਣਾ ਬਹਿਣਾ | ੫੭ |
| ਖਾਲਸੇ ਦੇ ਅਪਨੇ ਬੋਲੇ | ੬੦ |
| ਖਾਲਸੇ ਦੀ ਜਨਮ ਮਰਨ ਰੀਤੀ | ੬੨ |
| ਇਸਤ੍ਰੀ ਸਿਖਯਾ | ੬੩ |
| ਸਿਖੀ ਦਾ ਨਾਤਾ | ੬੪ |

| ਵਿਸ਼ਯ | ਪੰਨਾ |
|---|---|
| ਖਾਲਸੇ ਦੀ ਮਹਿਮਾ | ੬੫ |
| ਤਨਖਾਹ ਨਾਮਾ | ੬੭ |
| ਕੜਾਹ ਪ੍ਰਸ਼ਾਦ ਦੀ ਰੀਤੀ | ੬੮ |
| ਪ੍ਰਸ਼ਨ ਉੱਤਰ ਭਾਈ ਨੰਦ ਲਾਲ ਜੀ | ੭੦ |
| ਕੇਸ ਰਖਣੇ ਪਰਮ ਧਰਮ ਹੈ | ੭੧ |
| ਕਛ, ਕੜਾ, ਕ੍ਰਿਪਾਨ, ਕੰਘਾ ਰਖਣਾ ਜਰੂਰੀ ਹੈ | ੭੬ |
| ਜੋ ਕੋਈ ਭੀ ਗੁਰ ਸਿਖੀ ਤੋਂ ਗਿਰੇਗਾ ਉਸਦਾ ਬੁਰਾ ਹਾਲ ਹੋਵੇਗਾ | ੭੮ |
| ਗੁਰੂ ਘਰ ਵਿਚ ਜ਼ਾਤ ਪਾਤ ਦਾ ਖਿਆਲ ਨਹੀਂ | ੭੯ |
| ਪੰਜਾਂ ਪਿਆਰਿਆਂ ਦੇ ਜਥੇਦਾਰ ਭਾਈ ਦਯਾ ਸਿੰਘ ਦਾ ਰਹਿਤ ਨਾਮਾ | ੮੦ |
| ਅਨੰਦ ਪੁਰ ਵਿਚ ਪਹਾੜੀ ਰਾਜਿਆਂ ਤੇ ਬੇਦੀ ਸੋਢੀਆਂ ਨੂੰ ਅੰਮ੍ਰਿਤ ਛਕਨ ਦਾ ਕਹਿਣਾ | ੮੩ |
| ਅਨੰਦ ਪੁਰ ਦਾ ਜੰਗ ਤੇ ਗੁਰੂ ਜੀ ਪਰ ਪਹਿਲਾ ਹਮਲਾ | ੮੫ |
| ਦੂਸਰਾ ਹਮਲਾ | ੮੬ |
| ਤੀਸਰਾ ਹਮਲਾ | ੮੮ |
| ਸਹੋਲੀ ਤੇ ਭੰਬੌਰ ਜਾਣਾ | ੮੯ |
| ਚੌਥਾ ਹਮਲਾ | ੯੧ |
| ਪੰਜਵਾਂ ਹਮਲਾ | ੯੨ |
| ਛੇਵੀਂ ਲੜਾਈ | ੯੫ |
| ਜੰਗ ਚਮਕੌਰ | ੯੩ |

| ਵਿਸ਼ਯ | ਪੰਨਾ |
|---|---|
| ਵਡੇ ਸਾਹਿਬ ਜ਼ਾਦਿਆਂ ਦੀ ਸ਼ਹੀਦੀ | ੯੯ |
| ਛੋਟੇ ਸਾਹਿਬ ਜ਼ਾਦਿਆਂ ਦੀ ਸ਼ਹੀਦੀ | ੧੦੧ |
| ਲਾਲਾ ਟੋਡਰ ਮਲ ਨੇ ਸਾਹਿਬ ਜ਼ਾਦਿਆਂ ਦਾ ਸਸਕਾਰ ਕਰਨਾ | ੧੦੫ |
| ਗੁਰੂ ਜੀ ਨੇ ਉਚ ਦੇ ਪੀਰ ਬਨਣਾ | ੧੦੪ |
| ਬੰਦੇ ਨੂੰ ਮਿਲਣਾ ਤੇ ਨਦੇੜ ਪੁਜਣਾ | ੧੦੮ |
| ਬਾਰਾਂ ਮਿਸਲਾਂ ਦਾ ਹਾਲ | ੧੦੯ |
| ਭਾਈ ਗਜਨ ਸਿੰਘ ਦੀ ਸਾਖੀ | ੧੧੨ |
| ਦਿਲੀ ਤੋੜ ਸਿੰਘ ਨਿਹੰਗ ਦੀ ਸਾਖੀ | ੧੧੪ |
| ਬੰਦੇ ਨੇ ਸਰਹੰਦ ਉਜਾੜਨੀ | ੧੧੫ |
| ਨਵਾਬ ਕਪੂਰ ਸਿੰਘ ਜੀ | ੧੧੬ |
| ਅਕਾਲੀ ਫੂਲਾ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ | ੧੧੬ |
| ਭਾਈ ਗਨੰਦ ਗੋਰਾ ਵਾੜਾ | ੧੧੭ |
| ਮਸ ਰੰਗੜ ਨੂੰ ਮਾਰਨਾ | ੧੧੮ |
| ਭਾਈ ਮਨੀ ਸਿੰਘ ਜੀ | ੧੨੦ |
| ਭਾਈ ਤਾਰੂ ਸਿੰਘ ਸ਼ਹੀਦ | ੧੨੧ |
| ਭਾਈ ਸੁਬੇਗ ਸਿੰਘ ਸ਼ਾਹ ਬਾਜ਼ ਸਿੰਘ ਜੀ ਸ਼ਹੀਦ | ੧੨੨ |
| ਬਾਬਾ ਦੀਪ ਸਿੰਘ ਗੁਰ ਬਖਸ਼ ਸਿੰਘ ਸ਼ਹੀਦ | ੧੨੩ |
| ਬਾਬਾ ਖੁਦਾ ਸਿੰਘ | ੧੨੪ |

Pracin Tavarikh Akali
by Master Hari Singh
1924
22cm
NATIONAL LIBRARY
No. 598
Date 12.3.57
CALCUTTA

੧ ਓ ਸਤਿਗੁਰ ਪ੍ਰਸਾਦਿ ॥

## ਭੂਮਕਾ

ਜਿਸ ਕੌਮ ਦਾ ਇਤਹਾਸ ਲਿਖਿਆ ਜਾਵੇ ਜਿਨਾਂ ਚਿਰ ਉਸ ਕੌਮ ਦੇ ਬਾਨੀ ਮਹਾਂ ਪੁਰਸ਼ ਦੇ ਕੁਛ ਇਤਹਾਸ, ਉਨ੍ਹਾਂ ਦੇ ਆਉਣ ਦੇ ਮਨਤਵ, ਉਨ੍ਹਾਂ ਦੇ ਆਉਣ ਦੇ ਕਾਰਨ ਪੂਰੇ ੨ ਨਾਂ ਦਸੇ ਜਾਨ, ਤਾਂ ਪਤਾ ਨਹੀਂ ਲਗਦਾ ਕਿ ਉਨ੍ਹਾਂ ਨੇ ਕੀ ੨ ਉਪਕਾਰ ਕੀਤੇ ਹਨ? ਨਾਲ ਹੀ ਇਹ ਦਸਦੇਣਾ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਦੇ ਆਉਣ ਤੋਂ ਪਹਿਲੋਂ ਦੇਸ਼ ਦੀ ਕੀ ਹਾਲਤ ਸੀ? ਕੀ ੨ ਔਕੜਾਂ ਸਨ ਜਿਸ ਕਰਕੇ ਉਨ੍ਹਾਂ ਦੀ ਦੁਨੀਯਾਂ ਤੇ ਆਉਣ ਦੀ ਲੋੜ ਪਈ, ਅਤੇ ਉਨ੍ਹਾਂ ਨੇ ਜੋ ਉਪਕਾਰ ਭਾਰਤ ਵਰਸ਼ ਉਤੇ ਕੀਤੇ ਹਨ, ਤੇ ਕੁਰਬਾਨੀਆਂ ਆਪਨੇ ਬੇਟੇ, ਮਾਤਾ, ਪਿਤਾ, ਅਤੇ ਆਪਨੀਆਂ ਕੀਤੀਆਂ ਹਨ, ਓਹ ਸਭ ਦੇਸ਼ ਅਤੇ ਕੌਮ ਦੀ ਖਾਤਰ ਕੀਤੀਆਂ ਹਨ, ਅਰ ਉਨ੍ਹਾਂ ਦੇ ਆਉਣ ਤੋਂ ਪਹਿਲੇ ਜੋ ਦੇਸ਼ ਦੀ ਦੁਰਗਤੀ ਸੀ ਅਗਰ ਪੂਰੇ ਤੌਰ ਤੇ ਵਰਨਨ ਕੀਤੀ ਜਾਵੇ ਤਾਂ ਇਕ ਪੋਥਾ ਬਣ ਜਾਂਦਾ ਹੈ ਪਰ ਸੰਖੇਪ ਨਾਲ ਕੁਛ ਵਰਨਨ ਕੀਤਾ ਜਾਂਦਾ ਹੈ। ਜੈਸਾ ਕਿ ਮਾਝ ਦੀ ਵਾਰ ਵਿਚ ਗੁਰ ਵਾਕ ਹੈ:-

"ਕਲਿ ਕਾਤੀ ਰਾਜੇ ਕਾਸਾਈ, ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਂਹੀ ਕੇ ਚੜ੍ਹਿਆ।
ਹਉ ਭਾਲ ਵਿਕੁੰਨੀ ਹੋਈ ਅੰਧੇਰੈ ਰਾਹੁ ਨ ਕੋਈ।
ਵਿਚਹਉਮੈ ਕਰ ਦੁਖ ਰੋਈਕਹੁ ਨਾਨਕਕਿਨ ਬਿਧਗਤਿ ਹੋਈ"।

ਸੋ ਐਸੀ ਦੁਰਘਟਣਾ ਦੇਸ਼ ਦੀ ਹੋਈ ਜੋ ਕੋਈ ਸੁਖ ਨਾਲ ਨਹੀਂ ਬੈਠ ਸਕਦਾ ਸੀ, ਇਸਤੋਂ ਪਹਿਲੇ ਜੋ ਦੇਸ਼ ਦੀ ਹਾਲਤ ਸੀ ਓਹ ਆਪ ਅਗੇ ਪ੍ਰਗਟ ਕੀਤੀ ਜਾਂਦੀ ਹੈ॥

ਇਸਲਾਮ ਬਾਦਸ਼ਾਹ ਦੇ ਆਉਣ ਤੋਂ ਪਹਿਲੇ ਜੋ ਦੇਸ਼ ਦੀ ਹਾਲਤ ਉਨਤੀ ਵਿਚ ਸੀ ਕੁਛ ਥੋੜੀ ਜਹੀ ਉਹ ਭੀ ਵਰਨਨ ਕੀਤੀ ਜਾਂਦੀ ਹੈ ਜੋ ਦੂਸਰੇ ਦੇਸ਼ ਦੇ ਯਾਤ੍ਰੂਆਂ ਨੇ ਲਿਖਾ ਹੈ ॥

ਮਹਮੂਦ ਗਜ਼ਨਵੀ ਦੇ ਹੱਲਿਆਂ ਤੋਂ ਪਹਿਲੇ ਈਰਾਨ ਦੇ ਬਾਦਸ਼ਾਹ ਦਾ ਇਕ ਵਕੀਲ ਅਬਦੁਲ ਰਜ਼ਾਕ ਨਾਮੀ ਆਪਣੇ ਸਫ਼ਰ ਨਾਮੇ ਵਿਚ ਇਉਂ ਲਿਖਦਾ ਹੈ:—

"ਜਦ ਮੈਂ ੭੭੨ ਹਿ: ਨੂੰ ਆਰਯਾ ਵਰਤ ਵਿਚ ਗਿਆ ਤਾਂ ਸਭਨਾਂ ਲੋਕਾਂ ਦੇ ਮਕਾਨਾਂ ਤੇ ਮੰਦਰਾਂ ਤੇ ਸੋਨੇ ਦੇ ਕਲਸ ਤੇ ਗਹਿਣੇ ਹੀਰੇ ਪੰਨੇ ਜੜੇ ਡਿਠੇ ਧਨਾਂ ਦੇ ਬਰਤਨ ਗਊਆਂ ਘੋੜਿਆਂ ਦੇ ਜੰਜੀਰ ਸੋਨੇ ਚਾਂਦੀ ਦੇ ਸਨ ਬਜ਼ਾਰਾਂ ਵਿਚ ਹੀਰਾ, ਮੋਤੀ, ਪੰਨਾ, ਮਾਣਕ, ਚੁਨੀ, ਲਾਲ, ਲਸਣੀਏ, ਪੁਖਰਾਜ, ਭਾਮੜੇ ਆਦਿਕ ਰਤਨਾਂ ਦੇ ਢੇਰ ਲਗੇ ਹੋਏ ਸਰਾਫ਼ਾਂ ਦੀ ਦੁਕਾਨ ਤੇ ਡਿਠੇ, ਬਹੁਤ ਹੀ ਹਵੇਲੀਆਂ ਐਸੀਆਂ ਦੇਖੀਆਂ ਜਿਨ੍ਹਾਂ ਉਤੇ ਦਸ ਦਸ ਵੀਹ ਵੀਹ ਧੁਜਾ ਖਲੋਤੀਆਂ ਸਨ। ਜੋ ਇਕ ਧੁਜਾ ਕਰੋੜ ਦੀ ਨਿਸ਼ਾਨੀ ਹੁੰਦੀ ਹੈ। ਰਾਜਿਆਂ ਦੇ ਬੂਹਿਆਂ ਅਗੇ ਸੋਨੇ ਚਾਂਦੀ ਦੇ ਝੂਲਾਂ ਹੌਦਿਆਂ ਕਾਠੀਆਂ ਵਾਲੇ ਘੋੜੇ ਹਾਥੀ ਰਤਨ ਜੜਤ ਗਹਿਣਿਆਂ ਵਾਲੇ ਖਲੋਤੇ ਡਿਠੇ ॥

ਜਦ ਮੈਂ ਕਲੀ ਕੋਟ ਦੇ ਮਹਾਰਾਜੇ ਪਾਸ ਗਿਆ ਤਾਂ ਏਤਨੀ ਦੌਲਤ ਡਿਠੀ ਕਿ ਦਸੀ ਨਹੀਂ ਜਾਂਦੀ, ਬਜ਼ਾਰਾਂ ਵਿਚ ਸੋਨੇ, ਚਾਂਦੀ, ਰਤਨਾਂ ਦੇ ਢੇਰ ਲਗੇ ਹੋਏ ਤੇ ਬਾਣੀਏ ਲੈਣ ਦੇਣ ਕਰਦੇ ਡਿਠੇ, ਇਕ ਰੇਸ਼ਮੀ ਧੋਤੀ ਤੋਂ ਬਿਨਾਂ ਹੋਰ ਕੋਈ ਕਪੜਾ ਤੀਵੀਂ ਮਰਦ ਨਹੀਂ *ਪੈਹਨਦੇ। §ਲੱਕ ਵਿਚ ਸੋਨੇ ਦੇ ਜੰਜੀਰ, ਗਲ ਵਿਚ ਗੋਪ ਜੜਾਊ ਭਵਟੇ, ਕੜੇ, ਵਾਲੇ ਸਭਨਾਂ ਦੇ ਪਾਏ ਹੋਏ ਡਿਠੇ, ਰਾਜਾ ਦੇ ਮੰਦਰ ਸੋਨੇ ਦੇ ਰਤਨ ਜੜਤ ਮੂੰਗੇ ਦੀਆਂ ਚੁਗਾਠਾਂ ਚੰਦਨ ਦੇ ਤਖਤੇ ਦਰਵਾਨ ਸੋਨੇ ਦੇ ਡੰਡੇ ਲੈਕੇ ਵਡੇ ਮੁਲ ਦੇ ਗੈਹਣੇ ਪਾਏ ਹੋਏ ਪੰਜ

---

*ਇਹ ਪੜਦੇ ਦੀ ਰਸਮ ਮੁਸਲਮਾਨਾਂ ਦੇ ਰਾਜ ਤੋਂ ਨਿਕਲੀ ਹੈ॥

§ਹੁਣ ਵੀ ਮਾਰਵਾੜੀ ਲੋਕ ਮਰਦ ਅਤੇ ਤੀਵੀਆਂ ਸੋਨੇ ਦੀਆਂ ਲੱਕ ਵਿਚ ਤੜਾਗੀਆਂ ਪੈਹਨਦੇ ਹਨ, ਜਿਸਦਾ ਪ੍ਰਤੱਖ ਨਮੂਨਾ ਦੇਖ ਲੋ ॥

ਸੌ ਘੋੜਾ ਪੰਜਾਹ ਪਾਲਕੀਆਂ ਇਕ ਸੌ ਇਕ ਹਾਥੀ ਸੋਨੇ ਚਾਂਦੀ ਦੇ ਮੜ੍ਹੇ ਹੋਏ, ਉਸਦੀ ਡਿਉੜੀ ਤੇ ਖਲੋਤੇ ਹੋਏ ਡਿਠੇ, ਇਕ ਹਾਥੀ ਚਿਟੇ ਰੰਗਦਾ ਸੋਨੇ ਦੇ ਜੰਜੀਰ ਗਹਿਣੇ ਜੜਾਊ ਅੰਬਾਰੀ ਵਾਲਾ ਰਾਜ ਗਦੀ ਦੇ ਪਾਸ ਖਲੋਤਾ ਰਹਿੰਦਾ, ਜਿਸ ਰਾਜ ਗੱਦੀ ਵਿਚ ਕਈ ਮਨ ਰਤਨ ਜੜੇ ਹੋਏ ਸੂਰਜ ਚੰਦ ਵਾਂਙੂ ਪ੍ਰਕਾਸ਼ ਕਰ ਰਹੇ ਸਨ, ਉਸ ਰਾਜ ਗੱਦੀ ਤੇ ਬੈਠਕੇ ਰਾਜਾ ਤੇ ਰਾਣੀ ਨਿਆਉਂ ਕਰਦੇ ਸਨ, ਇਕ ਲਖ ਕੋਤਲ ਸੋਨੇ ਚਾਂਦੀ ਦੇ ਜੰਜੀਰਾਂ ਵਾਲੇ ਤਬੇਲੇ ਵਿਚ ਖਲੋਤੇ ਰਹਿੰਦੇ ਸਨ ਮੈਂ ਅਨੇਕਾਂ ਮੁਲਕ ਡਿਠੇ ਪਰ ਏਸ ਮੁਲਕ ਵਿਚ ਸਾਰੀ ਦੁਨੀਆਂ ਨਾਲੋਂ ਲੱਖਾਂ ਗੁਣਾਂ ਦੌਲਤ ਹੈ, ਤੀਵੀਂ ਮਰਦ ਬਹੁਤ ਸੁੰਦਰ ਹਨ, ਚੋਰੀ ਠੱਗੀ ਦਗੇ ਫਰੇਬ ਦਾ ਕੋਈ ਨਾਮ ਨਹੀਂ ਜਾਣਦਾ, ਦੁਕਾਨਾਂ ਤੇ ਘਰ ਬਿਨਾਂ ਜੰਦਰੇ ਕੁੰਡੇ ਰਹਿੰਦੇ ਹਨ, ਸ਼ਰਾਬ ਨਹੀਂ ਪੀਂਦੇ ਮਾਸ ਨਹੀਂ ਖਾਂਦੇ ਜਿਸਨੂੰ ਬਹਿਸ਼ਤ ਆਖਦੇ ਹਨ ਸੋ ਇਹ ਮੁਲਕ ਹੈ ॥

ਇਹ ਇਕ ਦਾਨੇ ਪੁਰਸ਼ ਗੈਰ ਮੁਲਕ ਵਾਲੇ ਦੀ ਰਾਇ ਹੈ, ਜਿਸਤੋਂ ਪਾਠਕ ਜਨ ਪਤਾ ਲਗਾ ਸਕਦੇ ਹਨ ਕਿ ਸਾਡਾ ਦੇਸ਼ ਮਾਇਕੀ ਹਾਲਤ ਵਿਚ ਕਿਥੋਂ ਤੀਕਨ ਪੁਜਾ ਹੋਇਆ ਸੀ। ਮਗਰ ਏਸ ਦੇਸ਼ ਦੀ ਫੁਟ ਨੇ ਮੁਲਕ ਨੂੰ ਤਬਾਹ ਕਰ ਦਿਤਾ ਸੀ ॥

ਯਥਾ ਕਬਿਤ ਫੁਟ ਦਾ:--

"ਜੀਂਵਦੇ ਨੇ ਲੋਕ ਏਸ ਦੇਸ਼ ਦੇ ਪਿਆਰ ਕਰ,
ਰੋਡੀਆਂ ਨੂੰ ਗਡ ਰੋਬ ਚੰਗੀ ਤਰਾਂ ਪਾਲਦੇ।
ਵੇਲਾਂ ਵਾਲੀ ਰਾਖੀ ਰਖ ਪਾਣੀ ਦੇਨ ਦੇਨ ਤਿਜੇ ਦਿਨ,
ਪਸ਼ੂ ਪੰਛੀ ਸਾਰਿਆਂ ਨੂੰ ਦੂਰ ਦੂਰ ਟਾਲਦੇ।
ਲਾਗਦੇ ਨੇ ਕਚਰੇ ਖਿੜੇ ਵਾਂਗ ਖਖੜੀ ਦੇ।
ਨਰ ਨਾਰੀ ਖਾਵੇ ਜੋ ਸਵਾਏ ਸੋਈ ਭਾਲਦੇ।
ਖੇਤ ਵਿਚ ਹੋਵੇ ਤੇ ਪਿਆਰੀ ਲਗੇ ਸਾਰਿਆਂ ਨੂੰ,
ਕੌਮਾਂ ਵਿਚ ਹੋਇ ਹਾਇ! ਕੌਮ ਸਾਰੀ ਗਾਲਦੇ।"

ਇਸ ਫੁਟ ਨਾਲ ਭਰਾ ਭਰਾ ਨੂੰ ਖਾਨ ਲਗਾ ਤੇ ਦੁਸ਼ਮਨਾਂ ਨੂੰ ਚੜ੍ਹਾਕੇ ਲਿਆਉਣ ਲਗ ਪਏ ਮੂਰਖਾਂ ਨੂੰ ਇਹ ਪਤਾ ਨਾ ਲਗਾ ਕਿ ਅਜੇ ਮੈਂ ਏਹਦੀ ਦੁਰਗਤੀ ਕਰਾਂਗਾ, ਕਲ ਓਹ ਮੇਰਾ ਨਾਸ

ਵਰਤਾ ਵੇਗਾ। ਜੈਸਾ ਕਿ ਫੁਟ ਦੀ ਬਾਬਤ ਮਹਾਤਮਾਂ ਨੇ ਕਿਹਾ ਹੈ:

"ਫੂਟਕੈ ਪ੍ਰਹਲਾਦ ਹਰਨਾਖਸ਼ ਨਰਸਿੰਘ ਹਤਯੋ,
ਫੂਟਕੇ ਭਭੀਸ਼ਨ ਲੁਟਾਇ ਲੰਕ ਦੇਈ ਹੈ।
ਫੂਟ ਕਰ ਪੰਡ ਗਏ ਸਭੈ ਕੁਲ ਨਾਸ ਭਏ,
ਫੂਟੀ ਜੌ ਕੇਕਈ ਬਨ ਰਾਮ ਸੀਆ ਗਈ ਹੈ।
ਫੂਟੇ ਰਾਜ ਪੂਤ ਜੋਈ, ਬੜੇ ਦੁਖ ਪਾਯੋ ਸੋਈ,
ਔਰ ਹੈ ਅਨੇਕ ਬਾਤ ਕੌਊ ਪਾਛੇ ਭਈ ਹੈ।
ਫੂਟਕੇ ਤੇ ਮਹਾਂ ਦੁਖ ਮੇਲ ਕੀਏ ਹੋਤ ਸੁਖ,
ਤਾਂਤੇ ਮੇਲ ਕਰੌ ਪਾਛੇ ਭਈ ਬੀਤ ਗਈ ਹੈ।"

ਸੋ ਇਸਤਰਾਂ ਫੁਟ ਨਾਲ ਦੇਸ਼ਦਾ ਨਾਸ ਹੋਗਿਆ। ਤੇ ਮੁਗਲਾਂ ਨੇ ਜਿਸਤ੍ਰਾਂ ਤਬਾਹੀ ਕੀਤੀ ਹੈ ਤੇ ਹਿੰਦੂ ਜਾਤੀ ਨੂੰ ਕਸ਼ਟ ਦਿਤੇ ਹਨ ਉਸਦਾ ਥੋੜਾ ਜਿਹਾ ਨਮੂਨਾ ਦਿਖਾਯਾ ਜਾਂਦਾ ਹੈ॥

(੧) ਤਾਰੀਖ ਤਾਜੁਲ ਮੁਆਸਰ ਵਿਚ ਲਿਖਿਆ ਹੈ। ਸੰਮਤ ੧੨੬੩ ਬਿ: ਨੂੰ ਜਦ ਕੁਤਬਦੀਨ ਏਬਕ ਨੇ ਰਾਜੇ ਬੰਸਪਾਲ ਤੋਂ ਮੇਰਟ ਸ਼ਹਿਰ ਛੁਡਾਇਆ ਤਾਂ ੭੦੦ ਦੀਵਾਲੇ ਢਾਹਕੇ ਮਸੀਤਾਂ ਬਣਵਾਈਆਂ ਰਾਜਾ ਬੰਸ ਪਾਲ ਤਾਂ ਸ਼ਹੀਦ ਹੋਯਾ ਉਸਦੇ ਕੁਟੰਬ ਦਾ ਤਿੰਨ ਹਜ਼ਾਰ ਕਾਫ਼ਰ ਕਤਲ ਕਰਕੇ ਉਹਨਾਂ ਦੇ ਲਹੂ ਨਾਲ ਮੂਰਤਾਂ ਨੂੰ ਨੁਹਾਇਆ ਤੇ ਚੂਨਾ ਬਣਾਕੇ ਮਸੀਤਾਂ ਨੂੰ ਲਾਇਆ॥

(੨) ਸੰਮਤ ੧੨੬੯ ਬਿਕਰਮੀ ਵਿਚ ਏਸ ਬਾਦਸ਼ਾਹ ਨੇ ਕੋਇਲ ਸ਼ਹਿਰ ਰਾਣੀ ਜਗ ਦੇਈ ਤੋਂ (ਜੋ ਮਰਦਾਨਾ ਵੇਸ ਕਰਕੇ ਲੜਦੀ ਸੀ) ਛੁਡਾਇਆ ਭਾਵੇਂ ਰਾਣੀ ਸ਼ਹੀਦ ਹੋ ਗਈ ਪਰ ਬਾਕੀ ਸਾਰੇ ਕਾਫ਼ਰਾਂ ਨੇ ਦੀਨ ਨਾ ਕਬੂਲ ਕੀਤਾ ਤੇ ਜਿਸ ਕਰਕੇ ਕਤਲ ਕੀਤੇ ਗਏ ਸਾਰ ਮੰਦਰ ਤੋੜਕੇ ੨੩ ਮਸੀਤਾਂ ਤਿਆਰ ਕਰਵਾਈਆਂ॥

(੩) ਸ਼ਹਿਰ ਕਲੰਜਰ ਦੇ ੧੧੩ ਮੰਦਰ ਤੋੜਕੇ ਮਸੀਤਾਂ ਬਣਵਾਈਆਂ ਤੇ ਤੇਤੀ ਹਜ਼ਾਰ ਓਹ ਹਿੰਦੂ ਕਤਲ ਹੋਏ ਜਿਨ੍ਹਾਂ ਨੇ ਕਲਮਾ ਨਾ ਪੜ੍ਹਿਆ ੫੦ ਹਜ਼ਾਰ ਹਿੰਦੂ ਗੋਲੀਆਂ ਤੇ ਗੋਲੇ ਬਣਾਕੇ ਗਜ਼ਨੀ ਵਿਚ ਘੱਲੇ ਗਏ॥

(੪) ਤਾਰੀਖ ਚਚ ਵਿਚ ਲਿਖਿਆ ਹੈ ਕਿ ਜਦ ਮੁਹੰਮਦ ਕਾਸਮ ਨੇ ਸਿੰਧ ਵਿਚ ਹਰੌੜੇ ਦਾ ਕਿਲ੍ਹਾ ਫਤੇ ਕਰਕੇ ਅਠ ਹਜ਼ਾਰ

ਕੁੜੀ ਮੁੰਡਾ ਪਰਜਾ ਦਾ ਤੇ ਤਿੰਨ ਹਜ਼ਾਰ ਰਾਜੇ ਦੇ ਘਰਾਣੇ ਦਾ ਬਗਦਾਦ ਘਲਿਆ ਜੋ ਵੰਡੇ ਗਏ ॥

(੫) ਏਸ ਬਾਦਸ਼ਾਹ ਨੇ ਪ੍ਰਗਣੇ ਦਿਪਾਲ ਪੁਰ ਨੂੰ ਲੁਟ ਪੁਟ ਕੇ ਲਖਾਂ ਰੁਪਏ ਤੇ ੯੦੦੦ ਹਿੰਦੂ ਕੈਦ ਕਰਕੇ ਬੁਗਦਾਦ ਭੇਜ ॥

(੬) ਤਾਰੀਖ ਸਿੰਧ ਵਿਚ ਲਿਖਿਆ ਹੈ ਕਿ ਏਸੇ ਬਾਦਸ਼ਾਹ ਨੇ ਬਾਹਮਨਾਂ ਨੂੰ ਉਜਾੜਕੇ ੧੬ ਹਜ਼ਾਰ ਹਿੰਦੂ ਕਤਲ ਕੀਤੇ ੨੦੦੦੦ ਕੈਦ ਕਰਕੇ ਬੁਗਦਾਦ ਭੇਜੇ ਜਿਨਾਂ ਵਿਚ ੨੦ ਲੜਕੀਆਂ ਰਾਜੇ ਦੀਆਂ ਸਨ ॥

(੭) ਸੰਮਤ ੧੨੬੬ ਬਿਕਰਮੀ ਨੂੰ ਇਕ ਭੌਲਸਾ ਦਾ ਮੰਦਰ ਤੋੜਨ ਸਮੇਂ ਸ਼ਮਸ ਦੀਨ ਗੌਰੀ ਨੂੰ ੭੨ ਕਰੋੜ ਦਾ ਹੀਰਾ ਮੋਤੀ ਤੇ ਸਨਾ ਚਾਂਦੀ ਆਦਿਕ ਹਥ ਲਗਾ ਏਹ ਮੰਦਰ ੧੦੫ ਗਜ਼ ਉਚਾ ਤੇ ਅਧ ਕੋਹ ਚੌੜਾ ਤੇ ਲੰਮਾ ਸੀ ॥

(੮) ਮਹਮੂਦ ਗਜ਼ਨਵੀ ਨੇ ੧੮ ਹਲੇ ਕਰਕੇ ਅਰਬਾਂ ਰੁਪਯੇ ਦਾ ਸਾਮਾਨ ਲੁਟ ਪੁਟਕੇ ਹਿੰਦੁਸਤਾਨ ਨੂੰ ਤਬਾਹ ਕਰ ਦਿਤਾ ਤੇ ਸੋਮਨਾਥ ਜੀ ਦੇ ਮੰਦਰ ਵਿਚ ਕਰੋੜਾਂ ਰੁਪਯਾਂ ਦੀ ਜਵਾਰਾਤ ਮੂਰਤੀਆਂ ਤੋੜਕੇ ਕਢ ਲਈ ॥

(੯) ਤਾਰੀਖ ਇਲਾਹੀ ਵਿਚ ਅਮੀਰ ਖੁਸਰੋ ਨੇ ਲਿਖਿਆ ਹੈ ਸੰਨ ੧੩੪੬ ਈ: ਨੂੰ ਫੀਰੋਜ਼ ਸ਼ਾਹ ਨੇ ਦਖਣ ਦੇਸ ਦੇ ਰਾਜਾ ਬੀਰ ਸੈਨ ਤੋਂ ਫਤੇ ਕਰਕੇ ਤਿੰਨ ਵੇਰ ਪਰਜਾ ਨੂੰ ਮੁਸਲਮਾਨਾਂ ਤੋਂ ਐਨਾ ਲੁਟਾਇਆ ਕਿ ਅੰਨ ਬਸਤ੍ਰ ਵੀ ਨਾਂ ਛਡਿਆ ਤਾਂ ਭੀ ਕਾਫਰਾਂ ਨੇ ਦੀਨ ਨਾਂ ਮੰਨਿਆ ਆਖਰ ਕਤਲ ਕੀਤੇ ਗਏ ॥

(੧੦) ਤਾਰੀਖ ਇਲਾਹੀ ਵਿਚ ਲਿਖਿਆ ਹੈ ਕਿ ਅਲਾਉ ਦੀਨ ਨੇ ਇਕ ਦਿਨ ਕਾਜ਼ੀ ਤੋਂ ਪੁਛਿਆ ਕਿ ਹਿੰਦੂ ਕਾਫਰਾਂ ਵਾਸਤੇ ਸ਼ਜ਼ਾ ਕੀ ਦਸਦੀ ਹੈ ? ਕਾਜ਼ੀਆਂ ਨੇ ਆਖਿਆ ਹਿੰਦੂ ਧਰਤੀ ਹਨ ਏਨ੍ਹਾਂ ਤੋਂ ਮੁਸਲਮਾਨ ਚਾਂਦੀ ਮੰਗਨ ਤਾਂ ਸਿਉਨਾ ਕਢਦੇ ਹਨ। ਹਿੰਦੂ ਕਮਾਦ ਹਨ ਜਿਨਾ ਪੀੜੇ ਜਾਨ ਉਤਨਾ ਰਸ ਨਿਕਲਦਾ ਹੈ। ਜੇ ਮੁਸਲਮਾਨ ਥੁਕੇ ਤਾਂ ਹਿੰਦੂ ਰਾਜੀ ਖੁਸ਼ੀ ਓਸਨੂੰ ਮੂੰਹ ਵਿਚ ਪੁਵਾ ਲਵੇ ਖੁਦਾ ਨੇ ਹਿੰਦੂ ਮੋਮਨਾਂ ਦੀ ਸੇਵਾ ਵਾਸਤੇ ਪੈਦਾ ਕੀਤੇ ਹਨ ਹਦ ਸ ਜਿਆਉਲਾ ਵਿਚ ਪੈਗੰਬਰ ਸਾਹਿਬ ਦਸਦੇ ਹਨ ਕਾਫਰ

ਕਈ ਗੱਲਾਂ ਗੁਰਮਤ ਦੇ ਉਲਟ ਸਨ, ਜਿਨ੍ਹਾਂ ਦੇ ਪੜ੍ਹਨ ਕਰਕੇ ਲਾਭ ਦੀ ਥਾਂ ਸਗੋਂ ਨੁਕਸਾਨ ਪ੍ਰਾਪਤ ਹੁੰਦਾ ਹੈ। ਇਸ ਵਿਚ ਮਤਲਬ ਬਹੁਤ ਤੇ ਮਜ਼ਮੂਨ ਥੋੜ੍ਹਾ ਲਿਖਿਆ ਹੈ ਮਾਨੋ "ਸਮੁੰਦਰ ਨੂੰ ਕੂਜ਼ੇ ਵਿਚ ਬੰਦ ਕੀਤਾ ਹੈ" ॥

ਇਸ ਵਿਚ ਜੋ ਗਲਤੀ ਰੇਹਗਈ ਹੋਵੇ ਸੱਜਨ ਭੁਲ ਬਖਸ਼ਕੇ ਕ੍ਰਿਤਾਰਥ ਕਰਨ ਜੋ ਅਗਲੀ ਐਡੀਸ਼ਨ ਵਿਚ ਠੀਕ ਕੀਤੀ ਜਾਵੇ

ਅੰਮ੍ਰਿਤਸਰ
੨੩-੫-੨੪

ਆਪਦਾ-
——ਦਾ

੧ ੴ ਸਤਿਗੁਰਪ੍ਰਸਾਦਿ ॥

—o—

ਗੁਰੂ ਨਾਨਕ ਜੀ ਆਦਿ ਲੈ ਦਸਮ ਗੁਰੂ ਪ੍ਰਯੰਤ ।
ਬਾਰ ਬਾਰ ਬੰਦੂ ਸਦਾ ਭੈ ਭੰਜਨ, ਭਗਵੰਤ ।
ਸੁਕਲ ਬਾਜ਼ ਜਾਂਕੈ ਹਸਤ ਖੰਡਾ ਖੜਗ ਸੁ ਤੀਰ ।
ਕਲਗੀ ਜਿਗਾ ਮਸਤਕ ਸੋਹੇ ਸ੍ਰੀ ਦਸਮੇਸ਼ ਸੁ ਬੀਰ ।
ਰਚਯਾ ਪੰਥ ਜਿਨ ਖਾਲਸਾ ਰਚੇ ਅਕਾਲੀ ਬੀਰ ।
ਤੀਨ ਲੋਕ ਜਸ ਗਾਂਵਦੇ ਸ੍ਰੀ ਗੁਰੂ ਗਹਿਰ ਗੰਭੀਰ ।

॥ ਕਬਿੱਤ ॥

ਤੀਨ ਲੋਕ ਵਿਚ ਜਸ ਗਾ ਰਿਹਾ ਗੁਰੂ ਜੀਦਾ,
ਧੰਨ ਗੁਰੂ ਨਾਨਕ ਧੰਨ ਅੰਗਦ ਜੀਦੀ ਬਾਣੀ ਹੈ ।
ਬਾਣੀ ਹੈ ਗੁਰੂ ਜੀ ਦੀ ਅਮਰ ਦਾਸ ਜੀ ਨੇ ਗਾਈ,
ਰਾਮਦਾਸ ਗੁਰੂ ਜੀ ਨੇ ਸੁਧਾਸਰ ਬਖਾਨੀ ਹੈ ।
ਬਖਾਨੀ ਹੈ ਅਰਜਨ ਜੀਨੇ, ਬੀੜ ਬੰਧ ਕਰ ਭਾਰੀ,
ਸ੍ਰੀ ਗੁਰੂ ਗ੍ਰੰਥ ਜੀਦੀ ਬਾਣੀ, ਗੁਣ ਖਾਣੀ ਹੈ ।
ਖਾਣੀ ਹੈ ਚੂਰਨ ਮਈ ਅੰਮ੍ਰਿਤ ਰਸ ਭਰੀ,
ਧੰਨ ਗੁਰ ਸਾਹਿਬ ਧੰਨ ਉਨ੍ਹਾਂ ਦੀ ਬਾਣੀ ਹੈ ॥

ਤਥਾ—

ਮੀਰੀ ਪੀਰੀ ਦੈਨੇ ਤੇਗ ਬਾਂਧ ਛੇਵੇਂ ਗੁਰੂ ਜੀ ਨੇ,
ਰਾਜਨ ਛੁਡਾਏ ਚੰਦੂ ਸਜ਼ਾ ਚੋ ਡਾਲੀ ਹੈ ।
ਡਾਲੀ ਹਰਿਰਾਇ ਜੀਨੇ ਗੱਦੀ ਹਰਿ ਕ੍ਰਿਸ਼ਨ ਜੀਨੂੰ,
ਤੇਗ ਜੀ ਬਹਾਦਰ ਧਰਮ ਦੀ ਰੀਤ ਪਾਲੀ ਹੈ ।
ਪਾਲੀ ਹੈ ਆਗਯਾ ਪਿਤਾ ਜੀਦੀ ਕਲਗੀ ਧਰ ਜੀਨੇ,
ਜ਼ੁਲਮ ਦੀ ਨੀਂਵ ਗੁਰੂ ਜੀ ਨੇ ਉਠਾਲੀ ਹੈ ।
ਉਠਾਲੀ ਹੈ ਮੁਨਮਤ ਖਾਲਸਾ ਪੰਥ ਸਾਜ਼,
ਧੰਨ ਗੁਰੂ ਮਹਾਰਾਜ ਧੰਨ ਸਿਖੀ ਅਕਾਲੀ ਹੈ ।

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਗਟ ਹੋਣਾ

ਜਦ ਬਹੁਤ ਸਾਰਾ ਦੁਨੀਆਂ ਤੇ ਅਤਯਾਚਾਰ ਹੋਣ ਲਗਾ ਤਾਂ ਜਿਧਰ ਕਿਧਰ ਵੈਰ ਵਿਰੋਧ ਝਗੜੇ ਵਧ ਗਏ। ਸਰਧਾ ਭਗਤੀ ਨਿਮ੍ਰਤਾ ਜਾਂਦੀ ਰਹੀ ਤਾਂ ਸਰਬ ਸ਼ਕਤੀਮਾਨ ਨੇ ਆਪਣੀ ਸ਼ਕਤੀ ਅਰ ਗੁਰੂ ਪਦਵੀ ਦੇਕੇ ਜੈਸਾ ਕਿ ਲਿਖਿਆ ਹੈ "ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਇਓ"। ਸੰਸਾਰ ਤੇ ਦੁਨੀਆਂ ਤਾਰਨ ਵਾਸਤੇ ਭੇਜਿਆ ਹੈ ਜੈਸਾ ਕਿ ਲਿਖਿਆ ਹੈ:-

'ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਇਆ। ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿਖਾਂ ਪੀ ਲੀਆ। ਪਾਰ ਬ੍ਰਹਮ ਪੂਰਣ ਬ੍ਰਹਮ ਕਲਿਜੁਗ ਅੰਦਰ ਇਕ ਦਿਖਾਯਾ। ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਯਾ। ਰਾਣਾ ਰੰਕ ਬਰਾਬਰੀ ਪੈਰੀ ਪੈਣਾ ਜਗ ਵਰਤਾਯਾ। ਉਲਟਾ ਖੇਲ ਪਿਰਮ ਦਾ ਵਾ ਪੈਰਾਂ ਉਪਰ ਸੀਸ ਧਰਵਾਯਾ। ਕਲਿਜੁਗ ਬਾਬੇ ਤਾਰਿਆ ਸਤਿਨਾਮ ਪੜ੍ਹਿ ਮੰਤ੍ਰ ਸੁਣਾਯਾ। ਕਲਿ ਤਾਰਨ ਗੁਰ ਨਾਨਕ ਆਯਾ॥

ਸੋ ਸੰਮਤ ੧੫੨੬ ਬਿਕਰਮੀ ਕਤਕ ਸੁਦੀ ੧੫ ਰਾਇ ਭੋਇ ਦੀ ਤਲਵੰਡੀ ਵਿਚ ਕਲਿਆਨ ਚੰਦ ਮਹਿਤੇ ਦੇ ਘਰ ਮਾਤਾ ਤ੍ਰਿਪਤਾ ਤੋਂ ਇਕ ਪਹਿਰ ਰਾਤ ਰਹਿੰਦੀ ਅੰਮ੍ਰਿਤ ਵੇਲੇ ਐਤਵਾਰ ਪ੍ਰਗਟੇ ਜਿਨ੍ਹਾਂ ਦੇ ਜਨਮਦੇ ਹੀ ਸੁਤੇ ਹੀ ਲੋਕਾਂ ਦਾ ਮਨ ਪਾਪ ਵਲੋਂ ਹਟਕੇ ਦਯਾ ਧਰਮ ਵਲ ਲਗ ਗਿਆ। ਇਨ੍ਹਾਂ ਦੇ ਅਵਤਾਰ ਧਾਰਨ ਦੇ ਵਕਤ ਇਸਤ੍ਰਾਂ ਦਾ ਪ੍ਰਕਾਸ਼ ਹੋਗਿਆ। ਮਾਨੋ ਸੂਰਜ ਪ੍ਰਕਾਸ਼ ਹੋਕੇ ਦਿਨ ਚੜ੍ਹ ਗਿਆ ਹੈ ਅਰ ਚਾਰੇ ਤਰਫੋਂ ਸੁਗੰਧੀ ਆਉਣ ਲਗ ਪਈ ਅਰ ਤੁਲਸਾਂ ਦਾਈ ਨੇ ਆਖਿਆ ਕਿ ਐਸਾ ਲੜਕਾ ਅਜ ਤਕ ਪੈਦਾ ਨਹੀਂ ਹੋਇਆ। ਪਿਤਾ ਜੀ ਨੇ ਉਨਾਂ ਦੇ ਪ੍ਰਗਟ ਹੋਣ ਤੇ ਗਰੀਬਾਂ ਨੂੰ ਬਹੁਤ ਦਾਨ ਦਿਤਾ॥

—o—

# ਸ੍ਰੀ ਗੁਰੂ ਨਾਨਕ ਸਾਹਿਬ ਜੀ ਅਰ ਅਕਾਲੀ ਧਰਮ ਪ੍ਰਗਟ ਹੋਣ ਦਾ ਬ੍ਰਿਤਾਂਤ ਭਵਿਸ਼ਤ ਪੁਰਾਣ ਵਿਚੋਂ

ਇਹ ਕਥਾ ਪੰਡਤ ਵੇਦ ਵਿਆਸ ਜੀ ਨੇ ਭਵਿਸ਼ਤ ਪੁਰਾਣ ਵਿਚ ਲਿਖੀ ਹੈ ਜੋ "ਪੰਥ ਮਿਤ੍ਰ" ਅਖਬਾਰ ਵਿਚ ਬਹੁਤ ਬਰਸ ਹੋਏ ਤਾਂ ਛਪੀ ਸੀ ॥

ਏਵੰਵਈ ਧਰਮ ਪ੍ਰਾਚਰੰਯੰ,
ਬਵਿਸ਼ਤ ਯਦਾ ਕਲੌ।
ਤਥਾ ਵਈ ਲੋਕ ਰਖਯਾਰਥੰ,
ਮਲੇਛਾਨਾ ਨਾਸ ਨਾਸ ਹੇਤਵੇ।
ਪਸਚੋਮੇਤੇ ਸ਼ੁਭੇ ਦੇਸੇ,
ਵੇਦੀ ਵੰਸੇਚ ਨਾਨਕਾ ॥
ਨਾਮਨਾ ਭੁਵ ਰਾਜ· ਰਿਖੀ,
ਬ੍ਰਹਮ ਗਯਾਨੇਕ ਮਾਨਸਾ।
ਭਵਿਸ਼ਤੀ ਕਲਊ ਸਕੰਦ,
ਤੱਤ ਬਿਤਯੇ ਕਲ ਯਾਹਰੇ।
ਸ੍ਰੀ ਮਾਨ ਰਾਜ ਸਾਰਦੂਲਾ,

ਨ੍ਰਪ ਦਸਯੰਤੀ ਪਨਾ ॥
ਮਲੇਛਾਨਰਹਿ ਨਿਸਯੰਤ ਸਕੰਦ,
ਧਰਮ ਤਤ੍ਰੂਪ ਦੇਸ ਕ੍ਰਿਤਾ ॥
ਤੌਨੇਪ ਦਿਸੀ ਮਾਰ ਗੋਵਯ,
ਗ੍ਰਹੀ ਸਯੰਤੀ ਭੂਮਿਪਾ ॥
ਮੇਵੇ ਰਾਜ ਕਰ ਸਯੰਤੀ,
ਤਸਯ ਸਿਖ ਯਾਨੂੰ ਸਾਰਤਾ ॥

**ਭਾਵੇ ਅਰਥ**—ਕਲਜੁਗ ਵਿਚ ਜਦ ਧਰਮ ਦੀ ਗਿਲਾਨੀ ਹੋਵੇਗੀ, ਲੋਕਾਂ ਦੀਆਂ ਬੁਧਾਂ ਵਿਗੜਕੇ ਪਾਪ ਕਰੇਮ ਦਾ ਉਦੈ ਹੋਵੇਗਾ ਤਦ ਲੋਕਾਂ ਦੇ ਧਰਮ ਰਖਨ ਵਾਸਤੇ ਤੇ ਮਲੇਸ਼ਾਂਦੇ ਨਾਸ ਕਰਨ ਵਾਸਤੇ ਇਕ ਅਵਤਾਰ ਪਸਚਮ ਦੇਸ਼ ਵਿਚ ਪੈਦਾ ਹੋਵੇਗਾ। ਜਿਸਦਾ ਨਾਮ ਗੁਰੂ ਨਾਨਕ ਜੀ ਹੋਵੇਗਾ ਜੋ ਵੇਦੀ ਕੁਲ ਵਿਖੇ ਪੈਦਾ ਹੋਕਰ ਜਗਤ ਦਾ ਉਧਾਰ ਕਰੇਗਾ। ਅਰ ਸਿਖ ਧਰਮ ਫੈਲਾਕਰ ਧਰਮ ਦਾ ਪ੍ਰਚਾਰ ਕਰੇਗਾ ॥

—o—

## ਮਕੇ ਵਿਚ ਕਾਜ਼ੀਆਂ ਨੂੰ ਗੁਰੂ ਨਾਨਕ ਜੀ ਨੇ ਅਕਾਲੀਆਂ ਦੇ ਹੋਣ ਦੀ ਭਵਿਸ਼ਤ ਕਥਾ ਕੈਹਣੀ

ਸ੍ਰੀ ਗੁਰੂ ਨਾਂਨਕ ਜੀ ਨੇ ਦੁਨੀਆਂ ਉਤੇ ਜੋ ਉਪਰ ਕੀਤੇ ਸੋ ਦੁਨੀਆਂ ਨੂੰ ਤਾਰਦੇ ਹੋਏ ਮਕੇ ਪਹੁੰਚੇ। ਇਹ ਇਕ ਵਡਾ ਸ਼ੈਹਰ ਮੁਸਲਮਾਨਾਂ ਦੀ ਰਾਜਧਾਨੀ ਦਾ ਹੈ ਅਰ ਹਜ਼ਰਤ ਮੁਹੰਮਦ ਸਾਹਿਬ

ਜੀ ਦੀ ਜਨਮ ਭੂਮਕਾ ਹੈ ਓਥੇ ਪਹੁੰਚੇ ਤਾਂ ਉਥੇ ਕਾਜ਼ੀ ਮੌਲਾਣੇ ਸਭ ਇਕਠੇ ਹੋਏ ਓਨਾਂ ਪੁਛਿਆ ਹਿੰਦੂ ਵਡਾ ਹੈ ਯਾਂ ਮੁਸਲਮਾਨ ਤਾਂ ਗੁਰੂ ਜੀ ਆਖਿਆ:-

"ਪੁਛਨ ਗੱਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ।
ਵਡਾ ਸਾਂਗੀ ਵਰਤਾਇਆ ਲਖ ਨ ਸਕੇ ਕੁਦਰਤ ਕੋਈ।
ਪੁਛਨ ਫੋਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖਿਆ ਕਾਜ਼ੀਆਂ ਸ਼ੁਭ ਅਮਲਾਂ ਬਾਝੋ ਦੋਨੋ ਰੋਈ।

ਚਰਚਾ ਬਹੁਤ ਹੋਈ ਜੋ ਮਕੇ ਦੀ ਗੋਸ਼ਟ ਵਿਚ ਲਿਖੀ ਹੈ ਏਥੇ ਸਿਰਫ ਏਨਾਂ ਹੀ ਲਿਖਨ ਦੀ ਲੋੜ ਹੈ ਜੋ ਬਾਬੇ ਨੇ ਅਕਾਲੀਆਂ ਦੇ ਹੋਣ ਦੀ ਭਵਿਸ਼ਤ ਕਥਾ ਆਖੀ ਹੈ॥

ਜਿਸ ਵੇਲੇ ਗੁਰੂ ਨਾਨਕ ਜੀ ਦੇ ਬਚਨ ਸੁਣਕੇ ਕਾਜ਼ੀ ਗੁਰੂ ਜੀ ਦੇ ਮੁਰੀਦ ਹੋਗਏ ਤਾਂ ਓਨਾਂ ਨੇ ਆਖਿਆ ਫਿਰ ਕਦ ਦਰਸ਼ਨ ਦਿਓਗੇ ਤਾਂ ਗੁਰੂ ਜੀ ਨੇ ਬਚਨ ਕੀਤਾ ਜਿਸ ਵਿਚ ਗੁਰੂ ਗੋਬਿੰਦਸਿੰਘ ਅਤੇ ਖਾਲਸਾ ਪੰਥ ਪ੍ਰਗਟ ਹੋਨ ਦਾ ਹਾਲ ਹੈ ਸੋ ਲਿਖਿਆ ਜਾਂਦਾ ਹੈ॥

—o—

## ਸਵਾਲ ਜਵਾਬ ਕਾਜ਼ੀ ਰੁਕਨ ਦੀਨ ਨਾਲ

ਨਾਨਕ ਆਖੇ ਰੁਕਨ ਦੀਨ ਸਤੇ ਸੁਣੋ ਜਵਾਬ।
ਪੜੇ ਸੁਣੈ ਜੋ ਪ੍ਰੀਤ ਕਰ ਛੂਟੇ ਸਭ ਅਜ਼ਾਬ।
ਦਸਵਾਂ ਜਾਮਾ ਪਹਿਰਕੇ ਹੋਵਉ ਪੁਰੀ ਅਨੰਦ।
ਔਰੰਗਜ਼ੇਬ ਪਾਤਸ਼ਾਹ ਸਿਉ ਜੁਧ ਕਰੋ ਬਿਅੰਤ।
ਤੁਰਕ ਬਲ ਅਪਨਾ ਦੇਖਕੇ ਭੇਜ ਦਿਊਗਾ ਸਿੰਘ।
ਦੇਖ ਉਨ੍ਹਾਂ ਨੂੰ ਬੋਲਸੀ ਪਾਤਸ਼ਾਹ ਨੌਰੰਗ।
ਖਾਲਸਾ ਪੈਦਾ ਹੋਗਿਆ ਭਲਾ ਨਾ ਕੀਆ ਗੋਬਿੰਦ।
ਦੇਖ ਉਨ੍ਹਾਂ ਨੂੰ ਬਲ ਘਟੇ ਭੂਲ ਜਾਨ ਸਭ ਫੰਦ।
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਫਤੇ ਬੁਲੰਦ।
ਖਾਸ ਕਰਕੇ ਅਲੋਪ ਹੋਊ ਮਮ ਥਾਪੇ ਗੋਬਿੰਦ।

ਬਚਨ ਪਾਲ ਨਾ ਸਕੇਂਗੇ ਬਹੁਤ ਹੋਵੇਗਾ ਸੋਗ।
ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ।
ਚਹੁੰ ਵਰਨਾਂ ਦਾ ਏਕ ਰੂਪ ਦੇਖ ਕਰੇਂਗਾ ਰਾਜ।

—o—

## ਗੁਰੂ ਨਾਨਕ ਸਾਹਿਬ ਜੀਨੇ ਕਾਰੂ ਬਾਦਸ਼ਾਹ ਨੂੰ ਅਕਾਲੀ ਹੋਣ ਦੇ ਭਵਿਸ਼ਤ ਬਚਨ ਕੈਹਣੇ

ਇਸਤਰਾਂ ਗੁਰੂ ਜੀ ਸੰਗਤਾਂ ਨੂੰ ਤਾਰਦੇ ਕਾਰੂ ਬਾਦਸ਼ਾਹ ਨੂੰ ਮਿਲੇ ਉਸਨੇ ਢਾਲੀ ਗੰਜ ਧਨ ਜੋੜਿਆ ਸੀ। ਅਰ ਮੁਰਦਿਆਂ ਮੂੰਹ ਵਿਚੋਂ ਭੀ ਰੁਪਏ ਕਢਵਾ ਲਏ ਸੀ ਸੋ ਉਸਨੂੰ ਨਸੀਹਤਨਾਮਾ ਸੁਣਕੇ ਸੂਮ ਤੋਂ ਸਖੀ ਕੀਤਾ ਤਾਂ ਉਸਨੇ ਅਰਜ਼ ਕੀਤੀ ਮਹਾਰਾਜ ਫੇਰ ਕਦ ਦਰਸ਼ਨ ਦੇਵੋਗੇ ਤਾਂ ਗੁਰੂ ਜੀ ਬਚਨ ਕੀਤਾ ਓਹ ਭੀ ਵਰਨਨ ਕੀਤਾ ਜਾਂਦਾ ਹੈ॥

ਫਤਹ ਪਾਇ ਮਕੇ ਪਰ ਜਬੈ। ਬਹੁਤ ਮਰਦਾਨਾਂ ਦੇਖਤ ਤਬੈ।
ਮਕਾ ਮਦੀਨਾ ਸਭ ਜਿਤ ਲੀਨਾ। ਕਾਲੂ ਆਪਣਾ ਸੇਵਕ ਕੀਨਾ।
ਕਾਲੀ ਗੰਜ ਰੁਪਿਆ ਲੁਟਾਇ। ਕਾਰੂ ਮਸਤ ਕੀਆ ਫੇਰ ਜਾਇ।
ਜਬ ਬਾਬਾ ਚਲਨੇ ਕੋ ਲਾਗਾ। ਤਬ ਕਾਲੂ ਬੋਲਿਓ ਵਡਭਾਗਾ
ਜਬ ਬਾਬਾ ਪਾਛੇ ਕੋ ਰਮੇ। ਫਿਰ ਦਿਦਾਰ ਦਿਵੋਗੇ ਕਬ ਹਮੇਂ

ਤਦ ਬਾਬਾ ਬੋਲਿਆ—

ਦਸਵਾਂ ਜਾਮਾਂ ਪਹਿਰੇ ਜਬੈ। ਨਾਮ ਗੋਬਿੰਦ ਸਿੰਘ ਕਹਾਵੈ ਤਬੈ
ਸਿੰਘ ਕਰੇ ਸਭ ਕੇਸਾਂ ਧਾਰੀ। ਪਹੁਲ ਪਲਾਊਂ ਖੰਡੇ ਧਾਰੀ
ਤਬ ਲਾਗੇਂਗੇ ਬਹੁਤ ਅਖਾੜੇ। ਜੁਧ ਜੰਗ ਸੀਨਾ ਕੂਕ ਅੰਤ ਨਾ ਪਾਰੇ
ਤਬੈ ਖਾਲਸਾ ਪੰਥ ਚਲਾਊਂ। ਵਾਹਿਗੁਰੂ ਜੀ ਕੀ ਫਤਹਿ ਗਜਾਊਂ

## ਕਲਜੁਗ ਹੋਸੀ ਕਾਲਾ ਬਾਣਾ।
## ਨਾਮ ਖਾਲਸਾ ਸਰਬ ਸਮਾਣਾ।

ਨੌਤੰਰੇ ਕੇ ਅਮਤ੍ਰ ਸਞਾਰੇ। ਉਪਜੇ ਖਾਲਸਾ ਬਲੀ ਅਪਾਰੇ।
ਬਹੁਤ ਬਰਸ ਤਕ ਜੁਧ ਕਰੇਂਗੇ। ਹਿਰਦੇ ਗੋਬਿੰਦ ਨਾਮ ਧਰੇਂਗੇ।
ਪੰਛੀ ਪਸੂ ਸਬ ਨਾਮ ਜਪੇਂਗੇ।
ਜਲ ਥਲ ਮਹੀਅਲ ਜਪੇ ਅਕਾਲ। ਵਾਹਿਗੁਰੂ ਜਪ ਹੋਤ ਨਿਰਾਲ।

॥ ਦੋਹਿਰਾ ॥

ਪਾਤਿਸ਼ਾਹੀ ਸੁਖ ਸੇ ਕਰੂ ਵੈਰੀ ਰਹੇ ਨ ਕੋਇ।
ਪ੍ਰਗਟ ਹੋਵੇ ਆਪ ਪ੍ਰਭ ਹਰਿ ਮੰਦਰ ਮੇ ਸੋਹਿ।

॥ ਚੌਪਈ ॥

ਸਬੇ ਮਜਬ ਖਾਲਸਾ ਹੋਸੀ। ਔਰ ਮਜਬ ਕੋਈ ਰਹ ਨ ਪੌਸੀ। ਕਲਜੁਗ ਨਾਨਕ ਰਾਜ ਚਲਾਇਆ। ਧੁਰ ਦਰਗਾਹੋਂ ਪ੍ਰਭਤ ਲਿਆਇਆ। ਨਰ ਨਾਰੀ ਪ੍ਰਭ ਕੀ ਹੋਈਂ ਸਰਨਾਈ। ਨਾਨਕ ਦਾਸ ਪ੍ਰਭ ਭੇਦ ਨ ਭਾਈ ॥

—o—

## ਸ੍ਰੀ ਗੁਰੂ ਨਾਨਕ ਜੀ ਨੇ ਭਾਈ ਲਾਲੋ ਦੇ ਪ੍ਰਥਾਇ ਭਵਿਸ਼ਤ ਸ਼ਬਦ ਬੋਲਨਾ

ਸ੍ਰੀ ਗੁਰੂ ਜੀ ਸੰਗਤਾਂ ਨੂੰ ਤਾਰਦੇ ਜਦ ਐਮਨਾ ਬਾਦ ਪਹੁੰਚੇ ਤਾਂ ਭਾਈ ਲਾਲੋ ਤਰਖਾਨ ਦੇ ਘਰ ਗੁਰੂ ਜੀ ਨੇ ਡੇਰਾ ਕੀਤਾ। ਉਥੇ ਦੀਵਾਨ ਮਲਕ ਭਾਗੋ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਮਹਾਰਾਜ ਮੇਰੇ ਭੋਜਨ ਪਾਓ, ਮੇਰੇ ਅਜ ਬ੍ਰਹਮ ਭੋਜ ਹੈ ਤਾਂ ਗੁਰੂ ਜੀ ਇਨਕਾਰ ਕੀਤਾ ਫਿਰ ਭਾਈ ਲਾਲੋ ਦੇ ਕੋਧਰੇ ਦੇ ਰੁਖੇ ਪਸ਼ਾਦੇ ਵਿਚੋਂ ਦੁਧ ਅਰ ਮਲਕ ਭਾਗੋ ਦੀ ਮਾਠਿਆਈ, ਚੂਰੀ, ਪੂੜੀ, ਲਡੂ ਆਦਿਕ

ਵਿਚੋਂ ਲਹੂ ਕਢ ਦਿਖਾਇਆ। ਅਰ ਬਚਨ ਕੀਤਾ ਕਿ ਭਾਈ ਲਾਲੋ ।ਕਮਾਈ ਤਾਂ ਧਰਮ ਦੀ ੧੦ ਨੁਹਾਂ ਦੀ ਕਿਰਤ ਦੀ ਹੈ ਇਸ ਕਰਕੇ ।ਾ ਨਿਕਲਿਆ ਹੈ। ਅਰ ਮਲਕ ਭਾਗੋ ਦੀ ਕਮਾਈ ਲੋਕਾਂ ਦਾ ।ਾ ਕਢਕੇ ਰਾਜ ਡੰਡ ਦੇਕੇ ਖੋਹੀ ਹੋਈ ਹੈ ਸੋ ਉਸ ਵਿਚੋਂ ਲਹੂ ਿਲਿਆ ਹੈ॥

ਉਸ ਵੇਲੇ ਭਾਈ ਲਾਲੋ ਬੇਨਤੀ ਕੀਤੀ ਹੈ ਸਚੇ ਪਾਤਿਸ਼ਾਹ ਪਾਪੀਆਂ ਦੀ ਸਭਾ ਕਦ ਉਠੇਗੀ ਤਾਂ ਗੁਰੂ ਇਹ ਸ਼ਬਦ ।ਾ:-

ਤਿਲੰਗ ਮਹਲਾ ੧

ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ
।ਪਾਪ ਦੀ ਜੰਞ ਲੈ ਕਾਬਲੋ ਧਾਇਆ ਜੋਰੀ ਮੰਗੈ
ਲਾਲੋ। ਸਰਮ ਧਰਮ ਦੁਇ ਛਪਿ ਖਲੋਏ ਕੂੜ ਫਿਰੈ
ਵੇ ਲਾਲੋ। ਕਾਜੀਆਂ ਬ੍ਰਾਹਮਣਾਂ ਕੀ ਗਲ ਥਕੀ
ੜੈ ਸੈਤਾਨ ਵੇ ਲਾਲੋ। ਮੁਸਲਮਾਨੀਆ ਪੜਹਿ
ਟਮਹਿ ਕਰਹਿ ਖੁਦਾਇ ਵੇ ਲਾਲੋ।ਜਾਤਿ ਸਨਾਤੀ
ਨੀਆਂ ਏਹ ਭੀ ਲੇਖੈ ਲਾਇ ਵੇ ਲਾਲੋ। ਖੂਨ ਕੇ
ਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।ਸਾਹਿਬ
ਨਕ ਗਾਵੈ ਮਾਸ ਪੁਰੀ ਵਿਚ ਆਖ ਮਸੋਲਾ।
ਰੰਗ ਰਵਾਈ ਬੈਠਾ ਵੇਖੈ ਵਖਿ ਇਕੇਲਾ। ਸਚਾ
ਪਾਤਸ਼ਾਹ ਪਾਵ ਸੁ ਸਚੜਾ ਨਿਆਉ ਕਰੇਗੋ ਮਸੋਲਾ।
ਤ ਟੁਕ ਟੁਕ ਹੋਸੀ ਹਿੰਦੁਸਤਾਨ ਸਮਾਲਸੀ
ਅਠਤਰੈ ਜਾਨ ਸਤਾਨਵੈ ਹੋਰ ਭੀ ਉਠਸੀ
ੇਲਾ। ਸਚ ਕੀ ਬਾਣੀ ਨਾਨਕ ਆਖੈ ਸਚੁ
ਸੀ ਸਚੁ ਕੀ ਬੇਲਾ॥

ਇਸ ਸ਼ਬਦ ਦੇ ਅਰਥ ਕੋਈ ਕੁਛ ਕਰਦਾ ਹੈ ਵਖੋ ਵਖ ਮਤਲਬ ਕਢਦੇ ਹਨ ਪਰ ਕਿਸੇ ਤਰਾਂ ਭੀ ਹੋਵੇ "ਮਰਦ ਦਾ ਚੇਲਾ" ਅਰਥ ਤਾਂ ਇਹੋ ਹੈ ਕਿ ਅਕਾਲੀ ਹੀ ਮਰਦ ਦੇ ਚੇਲੇ ਹਨ॥

ਇਸਤਰਾਂ ਥੋੜੇ ਦਿਨਾਂ ਬਾਦ ਪਿਛੋਂ ਬਾਬਰ ਬਾਦਸ਼ਾਹ ਨੇ ਆਕ ਲੁਟ ਪੁਟ ਸ਼ੁਰੂ ਕਰ ਦਿਤੀ ਮੁਲਕ ਵਿਚ ਮਾਰਕੁਟ ਬਰਬਾਦੀ ਜਾਰੀ ਕਰ ਦਿਤੀ "ਖੂਨ ਕੇ ਸੋਹਲੇ" ਵਾਲਾ ਹਿਸਾਬ ਭੀ ਹੋ ਗਿਆ ॥

ਬਹੁਤੇ ਫ਼ਕੀਰ ਫੜਕੇ ਲੈ ਗਿਆ ਤਾਂ ਸ੍ਰੀ ਗੁਰੂ ਨਾਨਕ ਜੀ ਭੀ ਨਾਲ ਚਲੇ ਗਏ, ਸਭਨਾਂ ਫ਼ਕੀਰਾਂ ਅਗੇ ਚਕੀਆਂ ਪੀਸਨੀਆਂ ਡਾਹੀਆਂ। ਤਾਂ ਬਾਬੇ ਨਾਨਕ ਜੀਦੀ ਚੱਕੀ ਆਪੇ ਫ਼ਿਰਨ ਲਗੀ ਤਦ ਦਰੋਗਾ ਦੇਖਕੇ ਦੰਗ ਰੇਹਗਿਆ। ਅਰ ਬਾਬਰ ਬਾਦਸ਼ਾਹ ਨੂੰ ਜਾਕੇ ਆਖਿਆ ਕਿ ਇਕ ਫਕੀਰ ਆਇਆ ਹੈ, ਉਸਦੀ ਚੱਕੀ ਆਪ ਫਿਰਦੀ ਹੈ। ਅਰ ਓਹ ਫਕੀਰ ਕੋਈ ਖੁਦਾ ਦਾ ਪਿਆਰਾ ਹੈ ਤੇ ਓਹਦੇ ਚੇਹਰੇ ਤੇ ਅਰਸ਼ੀ ਨੂਰ ਚਮਕਦਾ ਹੈ ਆਪ ਚਲਕੇ ਤੇ ਦਰਸ਼ਨ ਕਰੋ ॥

ਇਹ ਸੁਣਕੇ ਬਾਬਰ ਆਪ ਆਯਾ, ਅਰ ਚਕੀ ਆਪਨੇ ਆਪ ਫ਼ਿਰਦੀ ਦੇਖਕੇ ਚਰਨੀਂ ਢੱਠਾ। ਮਹਾਰਾਜ ਨੇ ਬਚਨ ਕੀਤਾ ਭੋਲਿਆ! ਜ਼ੁਲਮ ਕਿਓਂ ਕਰਨਾ ਹੈਂ ਤਾਂ ਬਾਬਰ ਕਿਹਾ ਮੈਨੂੰ ਬਖਸ਼ੋ ਤਾਂ ਗੁਰੂ ਜੀ ਨੇ ਸਭ ਫਕੀਰ ਛੁਡਵਾ ਦਿਤੇ ॥

ਗੁਰੂ ਨਾਨਕ ਜੀ ਦੇ ਉਪਦੇਸ਼ ਸੁਣਕੇ ਬਾਬਰ ਨੇ ਬੇਨਤੀ ਕੀਤੀ ਮਹਾਰਾਜ ਕਿਰਪਾ ਕਰਕੇ ਦਾਸ ਨੂੰ ਤਾਰੋ ਤਾਂ ਗੁਰੂ ਜੀ ਨੇ ਫੁਰਮਾਯਾ:-

"ਜੋਰ ਕੀਏ ਸੋ ਜ਼ੁਲਮ ਹੈ, ਲਏ ਜਵਾਬ ਖੁਦਾਇ।
ਦਫਤਰ ਲੇਖਾ ਨੀਕਸੈ, ਮਾਰ ਮੁਹਿਮੁਹਿ ਖਾਇ।"

ਸੋ ਹੇ ਬਾਬਰ! ਜ਼ੁਲਮ ਛਡ ਤੇ ਧਰਮ ਦਾ ਨਿਆਇ ਕਰ, ਗਰੀਬਾਂ ਦੁਖੀਆਂ ਦੀ ਸਹੈਤਾ ਕਰ ਤਾਕਿ ਕਿਆਮਤ ਦੇ ਰੋਜ ਤੇਰਾ ਮੂੰਹ ਉਜਲ ਹੋਵੇਗਾ ॥

—o—

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ

ਜੇਠ ਸੁਦੀ ਦਿਨ ਚੌਥ ਦਿਹਾੜੇ,
ਭਾਣਾ ਜੋ ਵਰਤਾਯਾ ।
ਸਾਡੀ ਖਾਤਰ ਦੇਖ ਗੁਰਾਂ ਨੇ,
ਕੀ ? ਕੀ ? ਦੁਖ ਉਠਾਯਾ ।
ਜਦ ਓਹ ਯਾਦ ਆਵੇ ਓਹ ਵੇਲਾ,
ਅਰ ਜੋ ਕਸ਼ਟ ਸਹਾਰੇ ।
ਦਿਲ ਪੱਥਰ ਜੇ ਹੋਵੇ ਜੇਕਰ,
ਤਾਂ ਵੀ ਹੰਝੂ ਭਾਰੇ ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਧਰਮ ਦੀ ਖਾਤਰ ਹੀ ਹੋਈ । ਜਦ ਸ੍ਰੀ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨੀ ਤਾਂ ਉਸ ਵਿਚ ਜਹਾਂਗੀਰ ਬਾਦਸ਼ਾਹ ਨੇ ਕਿਹਾ ਕਿ ਪੈਗੰਬਰ ਸਾਹਿਬ ਦੀ ਉਪਮਾਂ ਭੀ ਵਿਚ ਲਿਖੋ ਪਰੰਤੂ ਸ੍ਰੀ ਗੁਰੂ ਜੀ ਨੇ ਜੋ ਸਚਾਈ ਦਾ ਜਹਾਜ਼ ਰਚਿਆ ਸੀ ਉਸ ਵਿਚ ਠੋਕੀਆਂ ਤਾਰੀਫਾਂ ਕਦ ਲਿਖ ਸਕਦੇ ਸਨ, ਅਰ ਕਾਜ਼ੀਆਂ ਦੀ ਚੁਗਲੀ ਪਰ ਬਾਦਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਦੀ ਇਛਾ ਕੀਤੀ । ਤਾਂ ਸ੍ਰੀ ਗੁਰੂ ਜੀ ਨੇ ੫ ਸਿਖ ਨਾਲ ਭੇਜਕੇ ਲਾਹੌਰ ਭੇਜ ਦਿਤਾ । ਕਾਜ਼ੀ ਭੀ ਕੁਰਾਨ ਲਿਆਏ ਅਰ ਬ੍ਰਾਹਮਨ ਭੀ ਵੇਦ ਲਿਆਏ, ਦੋਨੋਂ ਬਗਲ ਵਿਚ [illegible] ਸਾਹਿਬ ਜੀ [illegible]

ਅਸਵਾਰੀ ਆਈ ਤਾਂ ਸਿਰ ਧੂਤ ਧਰਕੇ, ਚੌਰ ਕਰਦੇ, ਨਰਸਿੰਗੇ ਵਜਾਉਂਦੇ ਗਾਉਂਦੇ ਫੁਲ ਵਰਸਾਉਂਦੇ ਸ਼ਬਦ ਗਾਉਂਦਿਆਂ ਤਾਂ ਮੰਜੀ ਸਾਹਿਬ ਉਪਰ ਬਿਰਾਜਮਾਨ ਕੀਤਾ। ਬਾਦਸ਼ਾਹ ਨੇ ਡਿਠਾ ਜੋ ਸਭ ਮੁਚ ਇਹ ਗੁਰੂ ਗ੍ਰੰਥ ਸਾਹਿਬ ਹੈ। ਅਤੇ ਫਾਰਸੀ ਕਾਇਦੇ ਅਨੁਸਾਰ ੧੦-੧੫ ਪਤ੍ਰੇ ਉਥਲਕੇ ਜਿਹਾ ਪੜੇ ਤਾਂ ਸ਼ਬਦ ਨਿਕਲਿਆ:-

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰ।
ਮਤ ਸ਼ਰਮਿੰਦਾ ਥੀਵਹੀ ਸਾਂਈਂ ਦੇ ਦਰਬਾਰ।

(ਹੋਰ ਦਸ ਸਤਰਾਂ ਅਗੇ)

ਫਰੀਦਾ ਖਾਲਕ ਖਲਕ ਮਹਿ ਖਲਕ ਵਸੈ ਰਬ ਮਾਹਿ।
ਮੰਦਾ ਕਿਸਨੋ ਆਖੀਐ ਜਾਂ ਤਿਸ ਬਿਨ ਕੋਈ ਨਾਹਿ ॥ ੭੫ ॥
ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹਢਾਇ।
ਦੇਹੀ ਰੋਗ ਨ ਲਗਈ ਪਲੈ ਸਭ ਕਿਛੁ ਪਾਇ ॥ ੬੯ ॥

(ਹੋਰ ਚਾਰ ਸਤਰਾਂ ਪਿਛੋਂ ਇਹੁ ਵਾਂ ਦੇਖੀਆਂ)

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤ।
ਕਬਹੀ ਚਲ ਨ ਆਇਆ ਪੰਜੇ ਵਖਤ ਮਸੀਤ ॥ ੭੦ ॥
ਉਠ ਫਰੀਦਾ ਉਜੂ ਸਾਜ ਸੁਬਹ ਨਿਵਾਜ ਗੁਜਾਰ।
ਜੋ ਸਿਰ ਸਾਂਈ ਨਾ ਨਿਵੈ ਸੋ ਸਿਰ ਕਪ ਉਤਾਰ ॥ ੭੧ ॥

(ਹੋਰ ਚਾਰ ਪਤਰੇ ਉਥਲਕੇ)

ਕਬੀਰ ਦੀਨ ਗਵਾਇਆ ਦੁਨੀ ਸੋ ਦੁਨੀ ਨਾ ਚਲੀ ਸਾਥ।
ਪਾਇ ਕੁਹਾੜਾ ਮਾਰਿਆ ਗਾਫਲ ਅਪਣੈ ਹਾਥ ॥ ੧੩ ॥

(ਕੁਛ ਹੋਰ ਪਤਰੇ ਪਰਤਕੇ)।

ਅਵਲ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ ॥

(ਹੋਰ ਪਿਛੇ)

ਅਲਹੁ ਅਗਮ ਖੁਦਾਈ ਬੰਦੇ । ਛੋਡ ਖਿਆਲ ਦੁਨੀਆਂ ਕੇ ਧੰਧੇ ।

(ਹੋਰ ਪਿਛੇ)

ਕੋਈ ਬੋਲੇ ਰਾਮ ਰਾਮ ਕੋਈ ਖੁਦਾਇ ।
ਕੋਈ ਸੇਵੇ ਗੁਸਾਈਆਂ ਕੋਈ ਅਲਾਹ ।

ਇਤਯਾਦਿਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦ ਸੁਣਕੇ ਪਹਿਲੀ ਵੇਰ ਤਾਂ ਬਾਦਸ਼ਾਹ ਇਸ ਗਲ ਤੋਂ ਹਟ ਗਿਆ ਸੀ, ਅਰ ੫੧ ਮੋਹਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਦੀ ਭੇਟਾ ਕੀਤੀਆਂ ਸਨ ਪਰੰਤੂ ਕਾਜ਼ੀਆਂ ਦੇ ਚੁਕਨ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਸਦਵਾਇਆ ਅਰ ਬੜੀ ਅਧੀਨਗੀ ਨਾਲ ਅਰਜ਼ ਕੀਤੀ ਮਹਾਰਾਜ ! ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ ਲਿਖੋ ਤਾਂ ਸ੍ਰੀ ਗੁਰੂ ਜੀ ਫੁਰਮਾਯਾ ਕਿ ਇਸ ਵਿਚ ਸਿਵਾਏ ਵਾਹਿਗੁਰੂ ਦੇ ਨਾਮ ਤੋਂ ਹੋਰ ਕੁਛ ਨਹੀਂ ਲਿਖਨਾ । ਕਿਉਂਕਿ ਇਹ ਤਾਂ ਕੇਵਲ ਵਾਹਿਗੁਰੂ ਦੇ ਨਾਮ ਦਾ ਹੀ ਸਮੁੰਦਰ ਹੈ ਤਾਂ ਬਾਦਸ਼ਾਹ ਨੇ ਚੰਦੂ ਦੀਵਾਨ ਦੇ ਹਵਾਲੇ ਕੀਤਾ ॥

ਇਹ ਚੰਦੂ ਦੀਵਾਨ ਮਹਾਂ ਹੰਕਾਰੀ ਸੀ ਇਸ ਵਾਸਤੇ ਗੁਰੂ ਅਰਜਨ ਸਾਹਿਬ ਜੀਨੇ ਇਸਦੀ ਲੜਕੀ ਦਾ ਨਾਤਾ ਮੋੜ ਦਿਤਾਂ ਸੀ, ਗੁਰੂ ਜੀ ਨੇ ਐਸੇ ਬੇ ਮੁਖ ਅਰ ਅਪਨਾ ਲਾਲਚ ਦੀ ਖਾਤਰ ਭਰਾਵਾਂ ਦਾ ਬੁਰਾ ਕਰਨ ਵਾਲੇਦਾ ਨਾਤਾ ਕਦਲੈ ਸਕਦੇ ਸਨ । ਇਸ ਮੌਕੇ ਪਰ ਪਾਤਸ਼ਾਹ ਦੀ ਆਗਿਆ ਪਾਕਰ ਚੰਦੂ ਗੁਰੂ ਅਰਜਨ ਦੇਵ ਨੂੰ ਘਰ ਲੈ ਆਯਾ ਅਰ ਆਕਰ ਆਖਿਆ ਮਹਾਰਾਜ ਇਸ ਵਿਚ ਮੁਹੰਮਦ ਸਾਹਿਬ ਦੀ ਤਾਰੀਫ ਲਿਖ ਦਿਓ ਅਰ ਮੇਰੀ ਲੜਕੀ ਦਾ ਸਾਕ ਲੈ ਲਵੋ ਅਸੀਂ ਤੁਹਾਨੂੰ ਛੁਡਵਾ ਦੇਵਾਂਗੇ ਪਰੰਤੂ ਸਾਹਿਬ ਨੇ ਕਹਿਆ ਦੇਹ ਅਨਿਤ ਹੈ ਇਹ ਜਾਵੇ ਤਾਂ ਨਿਸ਼ੰਗ ਜਾਵੇ ਪਰ ਗੁਰੂ ਕੇ ਉਪਦੇਸ਼ ਨਹੀਂ ਬਦਲਾਂਗੇ ਗੁਰੂ ਬਾਣੀ ਦਾ ਅਖਰ ਅਖਰ ਸਚਾ ਹੈ । ਇਹਨਾਂ ਰਤਨਾਂ ਵਿਚ ਕਚ ਕੜੇ ਨਹੀਂ ਮਿਲ ਸਕਦੇ ਤਦ ਚੰਦੂ ਲਗਾ ਦੁਖ

ਦਨ। ਤਤੀ ਰੇਤ ਦੇ ਕੜਛੇ ਉਪਰ ਪਾਏ, ਤਤਿਆ ਤਵਿਆਂ ਉਪਰ ਬੈਠ ਏ, ਪਰ ਗੁਰੂ ਜੀ ਕਰਤਾਰ ਦਾ ਭਾਣਾ ਜਾਣਕੇ ਸਹਿੰਦੇ ਅਰ ਇਹ ਕਹਿੰਦੇ ਸੇ:-

"ਤੇਰਾ ਭਾਣਾ ਮੀਠਾ ਲਾਗੇ।
ਹਰਿ ਨਾਮ ਪਦਾਰਥ ਨਾਨਕ ਮਾਂਗੈ।"

ਤੀਜੀ ਰਾਤ ਚੰਦੂ ਦੀ ਨੂੰਹ ਨੇ ਆਣਕੇ ਬੇਣਤੀ ਕੀਤੀ ਸਚੇ ਪਾਤਸ਼ਾਹ ਮੈਂ ਸਿਖ ਦਾ ਪੁਤਰੀ ਹਾਂ। ਇਸ ਦੁਖ ਨੂੰ ਨਹੀਂ ਦੁਖ ਸਕਦੀ ਦਰਸ਼ਨ ਹੋਯਾ ਤੂੰ ਭੀ ਸਾਡੇ ਨਾਲ। ਸੋ ਪਿਛਲੀ ਰਾਤ ਅਚਾਨਕ ਇਸਦਾ ਭੀ ਸਰੀਰ ਛੁਟ ਗਿਆ ਅਤੇ ਚੰਦੂ ਨੇ ਸਲਾਹ ਕੀਤੀ ਜੋ ਸਵੇਰ ਨੂੰ ਨਾਂ ਮੰਨਨਗੇ ਤਾਂ ਮੈਂ ਇਹਨਾਂ ਨੂੰ ਕਚੇ ਚਮੜੇ ਵਿਚ ਮੜ੍ਹਾਂਗਾ॥

ਗੁਰੂ ਜੀ ਦੇ ਪਾਸ ਮੀਆਂਮੀਰ ਜੀ ਫਕੀਰ ਆਏ ਅਰ ਅਰਜ਼ ਕੀਤੀ ਸਚ ਪਾਤਸ਼ਾਹ ਅਗਰ ਹੁਕਮ ਦਿਓ ਤਾਂ ਮੈਂ ਲਾਹੌਰ ਦਾ ਤਖਤਾ ਉਲਟਾ ਦਿਆਂ ਅਗਰ ਆਪ ਆਗਿਆ ਦਿਓ ਤਾਂ ਬਾਦਸ਼ਾਹ ਨੂੰ ਆਖਾਂ ਤਦ ਗੁਰੂ ਜੀ ਆਖਿਆ:-

"ਨਹਿ ਕਿਛੁ ਜਨਮੈ ਨਹਿ ਕਿਛੁ ਮਰੈ।
ਆਪਨੈ ਚਲਿਤ ਆਪ ਹੀ ਕਰੈ।"

ਗੁਰੂ ਸਾਹਿਬ ਅਸ਼ਨਾਨ ਕਰਨ ਆਏ ਅਰ ਜਪੁਜੀ ਸਾਹਿਬ ਦਾ ਪਾਠ ਕਰਕੇ ਜੋਤੀ ਜੋਤ ਸਮਾ ਗਏ। ਅਤੇ ਸਿਖਾਂ ਨੂੰ ਦਰਸ਼ਨ ਕਰ ਗਏ ਸਾਡੀ ਗਦੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਨ। ਖਬਰ ਪਾਇਕੇ ਲਾਹੌਰ ਦੀ ਸੰਗਤ ਨੇ ਸਸਕਾਰ ਕੀਤਾ। ਉਸ ਅਸਥਾਨ ਦਾ ਨਾਉਂ ਡੇਹਰਾ ਸਾਹਿਬ ਲਾਹੌਰ ਹੈ ਜਿਥੇ ਹਰ ਜੇਠ ਸੁਦੀ ਚੌਥ ਨੂੰ ਬੜਾ ਭਾਰੀ ਮੇਲਾ ਹੁੰਦਾ ਹੈ। ਸੰਮਤ ੧੬੬੩ ਬਿਕਰਮੀ ਨੂੰ ਅੰਮ੍ਰਿਤ ਵੇਲੇ ਜੋਤੀ ਜੋਤ ਸਮਾਏ। ਆਪਣੀ ਦੇਹ ਅਲੋਪ ਕੀਤੀ। ਪਰ ਗੁਰਬਾਣੀ ਨੂੰ ਲੋਪ ਨਾਂ ਹੋਣ ਦਿਤਾ ਅਰ ਸਾਰੀ ਸ੍ਰਿਸ਼ਟੀ ਨੂੰ ਸ਼ਾਂਤਮਈ ਦਾ ਉਪਦੇਸ਼ ਦੇ ਗਏ॥

—o—

## ਤਖਤ ਅਕਾਲ ਬੁੰਗੇ ਦੀ ਰਚਨਾ

ਪੰਜ ਪਿਆਲੇ ਪੰਜ ਪੀਰ,
ਛਟਵਾਂ ਪੀਰ ਬੈਠਾ ਗੁਰ ਭਾਰੀ।
ਗੁਰੂ ਅਰਜਨ ਕਾਇਆ ਪਲਟਕੇ,
ਮੂਰਤ ਹਰਿ ਗੋਬਿੰਦ ਸਵਾਰੀ।
ਦਲ ਭੰਜਨ ਗੁਰੂ ਸੂਰਮਾਂ,
ਬਡ ਜੋਧਾ ਬਹੁ ਪਰ ਉਪਕਾਰੀ।
ਚਲੀ ਪੀੜ੍ਹੀ ਸੋਢੀਆਂ,
ਰੂਪ ਦਖਾਵਨ ਵਾਰੋ ਵਾਰੀ।

॥ ਦੋਹਰਾ ॥

ਦੋਇ ਖੜਗਧਾਰੀ, ਪ੍ਰਭੂ ਦੇਗ ਤੇਗ ਖਾਵਿੰਦ
ਮੀਰੀ ਪੀਰੀ ਕੇ ਧਨੀ ਸ੍ਰੀ ਗੁਰੂ ਹਰਿ ਗੋਬਿੰਦ।
ਬੁੰਗਾ ਤਖਤ ਅਕਾਲ ਰਚ, ਸੂਰ ਬੀਰ ਬਲਵਾਨ।
ਬਾਦਸ਼ਾਹ ਕੋ ਭਾਂਜ ਦੇਇ, ਦਿਖਾਇਆ ਸਿਖ ਸੁਜਾਨ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦੇਖਿਆ ਕਿ ਇਹ ਵਕਤ ਹੁਣ ਚੁਪ ਕਰਨ ਦਾ ਨਹੀਂ, ਦੇਸ਼ ਉਤੇ ਬਹੁਤ ਅਤਿਆਚਾਰ ਹੋ ਰਹੇ ਹਨ। ਬਹੁਤ ਹਿੰਦੂ ਰਾਜੇ ਕੈਦ ਹਨ। ਬਾਦਸ਼ਾਹ ਬਹੁਤ

ਅਨਿਆਇ ਕਰਦਾ ਹੈ ਤਾਂ ਗੁਰੂ ਜੀ ਨੇ ਸੂਰ ਬੀਰ ਪੈਦਾ ਕਰਕੇ ਤਖਤ ਅਕਾਲ ਬੁੰਗਾ ਰਚਿਆ ਆਪ ਭੀ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪੈਹਨੀਆਂ । ਅਰ ਸਿਖਾਂ ਪ੍ਰਤੀ ਭੀ ਸੂਰਮਤਾਈ ਦਾ ਉਪਦੇਸ਼ਦੇਕਰਸੁਰਜੀਤਾ ਕੀਤਾਲੋਹਗੜ੍ਹਜੀਦਾਕਿਲਾਤਯਾਰਕਰਵਾਯਾ ਇਸ ਵੇਲੇ ਏਨਾਂ ਦੀ ਉਮਰ ੧੧ ਬਰਸ ਦੀ ਸੀ, ਤਖਤ ਅਕਾਲ ਬੁੰਗੇ ਪਰ ਆਪ ਬੈਠ ਕਰ ਧਰਮ ਦਾ ਨਿਆਇ ਕਰਦੇ ਅਰ ਸੂਰਬੀਰਤਾ ਦਾ ਇਹ ਉਪਦੇਸ਼ ਕੀਤਾ:-

ਸੂਰਾ ਸੋ ਪਹਿਚਾਨੀਐ,
ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟ ਮਰੈ,
ਕਬਹੂ ਨਾਂ ਛਾਡੇ ਖੇਤ ।
ਗਗਨ ਦਮਾਮਾ ਬਾਜਿਓ ।
ਪਰਿਓ ਨੀਸ਼ਾਨੈ ਘਾਓ,
ਖੇਤ ਜੋ ਮਾਂਡਿਓ ਸੂਰਮਾ,
ਅਬ ਜੂਝਨ ਕੋ ਦਾਉ ।

ਤਖਤ ਅਕਾਲ ਬੁੰਗਾ ਰਚਕੇ ਐਸੇ ਸੂਰਬੀਰ ਉਪਦੇਸ਼ ਦੇਕਰ ਰਾਜ ਦੀ ਯੁਕਤੀ ਦਖਸ਼ਕੇ ਸੂਰਬੀਰਤਾ ਦਾ ਉਪਦੇਸ਼ ਕੀਤਾ। ਜਿਸ ਕਰਕੇ ਵਡੇ ਵਡੇ ਜੋਧਾ ਪੈਦਾ ਹੋ ਗਏ ॥

**ਕਥਾ॥**

ਤਖਤ ਅਕਾਲ ਦੀਵਾਨ ਲਗਾਇ।
ਗੁਰ ਕੋ ਸਿੰਘਾਸਨ ਪਰ ਬਠਲਾਇ।
ਪੁਨ ਬਾਬਾ ਬੁਢਾ ਤਿਲਕ ਦਾਇ।
ਸਭ ਸਿਖ ਲੀਨੇ ਬੁਲਵਾਇ।
ਫਿਰ ਸੇਲੀ ਟੋਪੀ ਉਨ ਪਾਲ।
ਜਬ ਲਗਿਓ ਗੁਰੂ ਕੋ ਧਰਮ ਭਾਲ।
ਤਬ ਉਸਨੂੰ ਲੈ ਗੁਰ ਟੇਕ ਮਾਥ।
ਧਰ ਊਚੈ ਬੋਲੈ ਐਸ ਨਾਥ।
ਅਬ ਸਮਾਂ ਤੇਗ ਕਾ ਗਹਿਓ ਆਇ।
ਸੋ ਬਾਬਾ ਜੀ ਮੋਹਿ ਦਿਓ ਲਿਆਇ।
ਉਨ ਤੇਗ ਭਈ ਗੁਰ ਬੇਗ ਪਾਇ।
ਪੁਰ ਦਾਂਏ ਪਾਸੇ ਪੜੀ ਧਾਇ।
ਫਿਰ ਕਹਿਓ ਸਿਖ ਇਕ ਉਲਟ ਕੀਨ।
ਉਨ ਦੂਜੀ ਤੇਗ ਪਹਿਨਾਇ ਦੀਨ।
ਗੁਰ ਕਹਿਓ ਸੁਤੇ ਸਿਧ ਪਰੀ ਦੋਇ।
ਇਹ ਮੀਰੀ ਪੀਰੀ ਕੇਰ ਹੋਇ।
ਪੁਨ ਸੰਗਤ ਪ੍ਰਤਿ ਬਚਨ ਕੀਨ।
ਜੋ ਲਿਆਵੈ ਸ਼ਸਤ੍ਰ ਅਸ਼੍ਵ ਪੀਨ।
ਫਲ ਚਾਰ ਲਵੈ ਗੁਰ ਪ੍ਯਾਰੋ ਸੋਇ।
ਸੁਖ ਹਲਤ ਪਲਤ ਮੈਂ ਸਭੀ ਸੋਇ।
ਸੁਨ ਸਿਧ ਅਸੁ ਆਯੁਧ ਜਰੂਰ।
ਬਹੁ ਭੇਟਾ ਲਿਆਵੈ ਗੁਰ ਹਜੂਰ।
ਗੁਰ ਪੇਖ ਖੁਸ਼ੀ ਹੋਇ ਕਰ ਬਿਲਾਸ।
[illegible] [illegible] ਹੋ ਕਰ ਹੀ ਨਿਹਾਲ।

ਇਸਤ੍ਰਾਂ ਤਖਤ ਅਕਾਲ ਬੁੰਗਾ ਰਚਕੇ, ੪ ਜੁਧ ਮੁਗਲਾਂ ਨਾਲ ਕੀਤੇ ਸਤ ਹਜ਼ਾਰ ਸੈਨਾ ਸਮੇਤ ਮੁਗਲ ਖਾਨ ਨੂੰ ਮਾਰਿਆ ੫੨ ਰਾਜੇ ਗਵਾਲੀਅਰ ਦੇ ਕਿਲੇ ਵਿਚੋਂ ਛੁਡਵਾਏ ਭਾਈ ਰੂਪੇ ਨੂੰ ਪਰਤੀਕ ਬਨਾਯਾ ॥

ਚੰਦੂ ਨੂੰ ਉਸਦੇ ਕਰਮਾਂ ਦਾ ਫਲ ਭੁਗਤਵਾਕੇ ਪੂਰੀ ਸਜਾ ਦਿਤੀ। ਇਨਾਂ ਦੇ ਘਰ ਹੀ ਸ੍ਰੀ ਗੁਰੂ ਤੇਗ ਬਹਾਦਰ ਧਰਮ ਦੀ ਚਾਦਰ ਪ੍ਰਗਟ ਹੋਏ ਜਿਨਾਂ ਨੇ ਦਿਲੀ ਸੀਸ ਦੇਕਰ ਧਰਮ ਦੀ ਰਖਯਾ ਕੀਤੀ ॥

"ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨ ਮਿਲਾਏ।"

## ਸ੍ਰੀ ਗੁਰੂ ਹਰਿਰਾਇ ਸਾਹਿਬ ਜਾਨੇ ਨਾਭੇ, ਪਟਿਆਲੇ, ਜੀਂਦ ਵਾਲੇ ਨੂੰ ਰਾਜ ਬਖਸ਼ਨਾ

ਪਰਮ ਦਿਆਲ ਕ੍ਰਿਪਾਲ ਗੁਰ,
ਸ੍ਰੀ ਸਤਿਗੁਰ ਹਰਿ ਰਾਇ।
ਸੇਵਤ ਦੇਵਤ ਚਾਰ ਫਲ,
ਹੋਵਤ ਸਦਾ ਸਹਾਇ।

ਇਕ ਦਿਨ ਸ੍ਰੀ ਗੁਰੂ ਹਰਿਰਾਇ ਸਾਹਿਬ ਦੀਵਾਨ ਲਗਾਈ ਬੈਠੇ ਸਨ ਤਾਂ ਚੌਧਰੀ ਕਾਲਾ ਆਪਨੇ ਭਤੀਜਿਆਂ ਨੂੰ ਨਾਲ ਲੈਕਰ

ਆਯਾ ਉਨ੍ਹਾਂ ਨੂੰ ਕਿਹਾ ਕਿ ਪੇਟ ਪਰ ਹਥ ਮਾਰੋ ਤਾਂ ਗੁਰੂ ਜੀ ਨੇ ਫੁਰਮਾਇਆ ਭਾਈ ਕਾਲਿਆ ਇਹ ਕੀ ਕੈਂਹਦੇ ਹਨ ਤਾਂ ਕਾਲੇ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਸਚੇ ਪਾਤਸ਼ਾਹ ਇਹ ਭੁਖੇ ਹਨ ਕੁਛ ਖਾਨ ਨੂੰ ਮੰਗਦੇ ਹਨ, ਤਾਂ ਗੁਰੂ ਜੀ ਵਚਨ ਕੀਤਾ ਇਹ ਖਾਨ ਨੂੰ ਮੰਗਦੇ ਹਨ ਅਸਾਂ ਇਨ੍ਹਾਂ ਨੂੰ ਮਾਲਵੇ ਦਾ ਰਾਜ ਬਖਸ਼ਿਆ ॥

ਕਰੀ ਮਾਲਵੇ ਅਤ ਅਗਾਰੇ ।
ਅਨ੍ਰਗਨ ਦਾਸ ਖਾਸ ਨਿਜ ਤਾਰੇ ।
ਦੇਬਰ ਰਾਜ ਫੂਲ ਕੋ ਬਖਸ਼ਾ ।
ਸੰਤਤਿ ਉਸਕੀ ਅਬ ਲੌ ਅਕਸ਼ਾ ।
ਰਾਜ ਕਰਤ ਹੈਂ ਕਰੇ ਅਗਾਰੇ ।
ਤਿਉਂ ਹੀ ਔਰ ਦਾਸ ਬਹੁ ਤਾਰੇ ।

—o—

## ਰਾਮਰਾਇ ਜੀ ਨੂੰ ਬਾਦਸ਼ਾਹ ਦੀ ਝੂਠੀ ਖੁਸ਼ਾਮਦ ਕਰਨ ਤੋਂ ਪੰਥ ਵਿਚੋਂ ਅਲੈਹਦਾ ਕਰਨਾ

ਜਦ ਔਰੰਗਜ਼ੇਬ ਬਾਦਸ਼ਾਹ ਤਖਤ ਪਰ ਬੈਠਿਆ ਤਾਂ ਉਸਨੇ ਬੜੇ ਜ਼ੁਲਮ ਕਰਨੇ ਸ਼ੁਰੂ ਕੀਤੇ ਅਨੇਕਾਂ ਹਿੰਦੂ ਮੁਸਲਮਾਨ ਕੀਤੇ ਅਨੇਕਾਂ ਨੂੰ ਕਸ਼ਟ ਦੇਕਰ ਉਨਾਂ ਦੇ ਧਰਮ ਭ੍ਰਸ਼ਟ ਕੀਤੇ, ਇਸ ਕਰਕੇ, ਗੁਰੂ ਹਰਿ ਰਾਇ ਜੀ ਨੂੰ ਭੀ ਦਿਲੀ ਬੁਲਵਾਇਆ ਕਰੂ ਜਾਨੇ ਜੋ ਪਹਿਲੇ ਦਿਨ ਤੋਂ ਪ੍ਰਤਗਯਾ ਕੀਤੀ ਹੋਈ ਸੀ ਕਿ ਤੁਰਕਾਂ ਦੇ ਮਥੇ ਨਹੀਂ ਲਗਨਾ ਸੋ ਓਹ ਨਹੀਂ ਗਏ । ਇਸ ਕਰਕੇ ਰਾਮਰਾਇ ਜੀ ਦਿਲੀ ਭੇਜਿਆ ਉਨਾਂ ਨੇ ੭੨ ਕਰਾਮਾਤਾਂ ਦਿਖਾਕੇ ਬਾਦਸ਼ਾਹ ਨੂੰ

ਵਸ ਵਿਚ ਕੀਤਾ। ਜਿਸ ਕਰਕੇ ਬਾਦਸ਼ਾਹ ਰਾਮਰਾਏ ਦੇ ਬਹੁਤ ਵਸ ਵਿਚ ਹੋਗਿਆ, ਇਕ ਦਿਨ ਬਾਦਸ਼ਾਹ ਨੇ ਰਾਮਰਾਇ ਪਾਸੋਂ ਪੁਛਿਆ? ਕਿ ਗੁਰੂ ਨਾਨਕ ਸਾਹਿਬ ਜੀ ਨੇ ਜੋ ਇਹ ਤੁਕ ਲਿਖੀ ਹੈ ਕਿ:-

ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਾਰ।
ਘੜ ਭਾਂਡੇ ਇਟਾਂ ਕੀਆ ਜਲਤੀ ਕਰੇ ਪੁਕਾਰ।

ਸੋ ਇਹ ਮੁਸਲਮਾਨਾਂ ਦੀ ਨਿੰਦਿਆ ਦਾ ਸ਼ਬਦ ਹੈ, ਰਾਮ ਰਾਇ ਨੇ ਆਖਿਆ ਬਾਦਸ਼ਾਹ ਸਲਾਮਤ ਬਾਬੇ ਨਾਨਕ ਜੀ ਨੇ ਤਾਂ ਤਾਂ "ਮਿਟੀ ਬੇਈਮਾਨ" ਦੀ ਕਹੀ ਸੀ। ਇਹ ਸਿਖਾਂ ਨੇ ਮੁਸਲਮਾਨ ਦੀ ਲਿਖ ਦਿਤਾ ਹੈ। ਇਹ ਝੂਠੇ ਖੁਸ਼ਾਮਦ ਦੇ ਬਚਨ ਸੁਣਕੇ ਬਾਦਸ਼ਾਹ ਬਹੁਤ ਖੁਸ਼ ਹੋਇਆ। ਏਧਰ ਸਿਖਾਂ ਨੇ ਸ੍ਰੀ ਗੁਰੂ ਹਰਰਾਇ ਸਾਹਿਬ ਨੂੰ ਲਿਖ ਭੇਜਿਆ ਉਨਾਂ ਨੇ ਬਚਨ ਕੀਤਾ ਕਿ ਇਸਨੇ ਬਾਬੇ ਨਾਨਕ ਦੀ ਬਾਣੀ ਪਲਟੀ ਹੈ ਸੋ ਸਾਡੇ ਮਥੇ ਨਾ ਲਗੇ ਜਿਸ ਕਰਕੇ ਇਸਨੂੰ ਪੰਥ ਵਿਚੋਂ ਖਾਰਜ ਕਰ ਦਿਤਾ ਅਰ ਗੁਰਿਆਈ ਦਾ ਤਿਲਕ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬਖਸ਼ਿਆ ਜੋ ਓਹ ਭੀ ਬਾਦਸ਼ਾਹ ਦੇ ਮਥੇ ਨਹੀਂ ਲਗੇ ਉਨਾਂ ਦਾ ਗੁਰਦਵਾਰਾ ਭੀ ਦਿਲੀ ਵਿਖੇ ਹੈ॥

—o—

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ

ਠੀਕਰ ਫੋਰ ਦਿਲੀਸਿਰ, ਪ੍ਰਭ ਪੁਰ ਕੀਆ ਪਿਆਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।
ਗੁਰੂ ਤੇਗ ਬਹਾਦਰ ਕੇ ਚਲਤ ਭਯੋ ਜਗਤ ਮੇ ਸੋਗ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਜਦ ਔਰੰਗਜ਼ੇਬ ਨੇ ਬਹੁਤ ਅਤਯਾਚਾਰ ਕਰਨਾ ਜਾਰੀ ਕੀਤਾ। ਤਾਂ ਸ੍ਰੀ ਗੁਰੂ ਜੀ ਦੇ ਪਾਸ ਕਾਂਸ਼ੀ ਕਸ਼ਮੀਰ ਦੇ ਪੰਡਤ ਬਹੁਤ ਸਾਰੇ

ਬਨਤੀ ਕਰਨ ਵਾਸਤੇ ਆਏ ਕਿ ਮਹਾਰਾਜ ਔਰੰਗਾ ਬਹੁਤ ਜ਼ੁਲਮ ਕਰ ਰਿਹਾ ਹੈ ਕਿਸੇ ਤਰਾਂ ਸਾਡੀ ਲਾਜ ਰਖੋ ੧। ਸਵਾ ਮਣ ਪਕੇ ਜੰਞੂ ਰੋਜ ਲਾ ਰਿਹਾ ਹੈ। ਬੜੇ ੨ ਪੰਡਤਾਂ ਦਾ ਧਰਮ ਭ੍ਰਿਸ਼ਟ ਹੋ ਰਿਹਾ ਹੈ। ਹਿੰਦੂਆਂ ਦੀਆਂ ਲੜਕੀਆਂ ਜ਼ਬਰ ਦਸਤੀ ਮਸਲਮਾਨ ਲਭੀ ਜਾਂਦੇ ਹਨ ॥

ਔਰੰਗਜ਼ੇਬ ਭੀ ਇਹੋ ਕੇਹਦਾ ਕਿ ਇਨਾਂਦੇ ਪੀਰ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਕਰਾਂਗੇ ਤਾਂ ਸਭ ਹਿੰਦੂ ਆਪ ਹੀ ਮੁਸਲਮਾਨ ਹੋ ਜਾਨਗੇ। ਇਸ ਲਈ ਹਿੰਦੂ ਧਰਮ ਦੀ ਲਾਜ ਆਪਦੇ ਹਥ ਵਿਚ ਹੀ ਹੈ। ਸ਼ਰਨ ਆਏ ਦੀ ਲਾਜ ਰਖਨੀ ਆਪਦੇ ਹੱਥ ਵਿਚ ਵਿਚ ਹੈ। ਸੋ ਸ਼ਰਨ ਆਏ ਜੀ ਲਾਜ ਰਖਨੀ ਚਾਹੀਏ।

ਸੋ ਗੁਰੂ ਸਾਹਿਬ ਨੇ ਉਨਾਂ ਦੀ ਫਰਯਾਦ ਸੁਨਕਰ ਕਿਹਾ ਕਿ ਜਿਤਨਾਂਚਿਰ ਕਿਸੇ ਮਹਾਂ ਪੁਰਸ਼ ਦੀ ਕੁਰਬਾਨੀ ਨਹੀਂ ਹੋਵੇਗੀ ਉਤਨਾ ਚਿਰ ਇਹ ਧਰਮ ਬਚ ਨਹੀਂ ਸਕਦਾ?

ਇਹ ਸੁਣਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਰਜ਼ ਕੀਤੀ ਪਿਤਾ ਜੀ ਸਿਵਾਇ ਆਪਦੇ ਐਸਾ ਧਰਮ ਮੂਰਤੀ ਪਰਉਪਕਾਰੀ ਕੌਣ ਹੈ ਜੋ ਕੁਰਬਾਨੀ ਕਰਕੇ ਹਿੰਦ ਦੀ ਲਾਜ ਰਖੇ ਸੋ ਆਪ ਕਿਰਪਾ ਕਰਕੇ ਇਨਾਂ ਸ਼ਰਨ ਆਇਆਂ ਦੀ ਲਾਜ ਰਖੋ ਅਰ ਕੁਰਬਾਨੀ ਕਰਕੇ ਧਰਮ ਦਾ ਸਚਾ ਸ਼ਾਂਤਮਈ ਜੁਧ ਦਾ ਉਪਦੇਸ਼ ਦਿਓ ॥

ਇਹ ਪਵਿਤ੍ਰ ਬਚਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰ ਬਿੰਦ ਤੋਂ ਸੁਣਕੇ ਧਰਮ ਤੇ ਸੀਸ ਦੇਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਚਲ ਪਏ ੫ ਸਿਖ ਨਾਲ ਲੈ ਲਏ ਅਰ ਅਪਣੇ ਆਪ ਦਿਲੀ ਪਹੁੰਚ ਪਏ। ਬਾਦਸ਼ਾਹ ਨੇ ਕਿਲੇ ਵਿਚ ਕੈਦ ਕੀਤਾ। ਮਗਰ ਇਹ ਸਿਖਾਂ ਦੇ ਘਰ ਪ੍ਰਸ਼ਾਦ ਛਕਦੇ ਰੇਹਨ। ਬਾਦਸ਼ਾਹ ਹੈਰਾਨ ਹੋਇ

।ਜਿਸ ਕੋਠੜੀ ਵਿਚ ਗੁਰੂ ਜੀ ਕੈਦ ਸਨ ਉਸ ਵਿਚ ਇਕ ਭੂਤ ਰਹਿੰਦਾ ਸੀ ਓਹ ਇਕਤਰੀ ਗੀਤਿਆਂਦੀ ਗੁਰੂ ਜੀ ਦੀ ਸੇਵਾ ਵਿਚ ਨੌਕਰ ਹਾਜ਼ਰ ਹੋਯਾ ਸਭੇ ਸਤਿਗੁਰਾਂ ਨੇ ਉਸ ਭੂਤ ਦੀ ਕਲਿਆਨ ਕਰੀ । ਗੁਰੂ ਜੀ ਦੇ ਜੂਠ ਛਿਲਕ ਚੁਪਕੇ ੨ ਸਿਖਾਂ ਵਿਚ ਐਸੀ ਤਾਕਤ ਤਰ ਆਈ ਸੋ ਦਿਲੀ ਦਾ ਤਖਤ ਉਲਟਾਉਣਾ ਚਾਹੁੰਦੇ ਸਨ ਮਗਰ ਗੁਰੂ ਜੀ ਨੇ ਓਨਾਂ ਦੀ ਸਤਿਆ ਖਿਚ ਲੀਤੀ ਅਰ ਭਾਣਾ ਮੰਨਣ ਦਾ ਹੁਕਮ ਕੀਤਾ । ਫਿਰ ਮਤੀ ਦਾਸ ਜੀ ਨੂੰ ਆਰੇ ਨਾਲ ਚਿਰਵਾਯਾ ਗਿਆ । ਅਤੇ ਭਾਈ ਦਿਆਲੇ ਜੀ ਨੂੰ ਦੇਗ ਵਿਚ ਪਾ ਕੇ ਰਿੰਨ੍ਹਿਆ ਸ੍ਰੀ ਗੁਰੂ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਸਲੋਕ ਲਿਖਿਆ ॥

ਸੰਗ ਸਖਾ ਸਭ ਤਜ ਗਏ,
ਕੋਊ ਨਾ ਨਿਬਿਓ ਸਾਥ ।
ਕਹੁ ਨਾਨਕ ਇਸ ਬਿਪਤ ਮਹਿ,
ਟੇਕ ਏਕ ਰਘੁਨਾਥ ।
ਬਲ ਛੁਟਿਓ ਬੰਧਨ ਪਰੇ,
ਕਛੂ ਨ ਹੋਤ ਉਪਾਇ ।
ਕਹੁ ਨਾਨਕ ਅਬ ਓਟ ਹਰਿ,
ਗਜ ਜਿਉਂ ਹੋਤ ਸਹਾਇ ॥

ਅਦ ਗੁਰੂ ਜੀ ਨੇ ਇਹ ਸ਼ਬਦ ਪੜ੍ਹਿਆ ਤਾ ਉਤਰ ਇਉ ਲਿਖਿਆ ॥

**ਬਲ ਹੋਇਆ ਬੰਧਨ ਛੁਟੇ,**
**ਸਭ ਕਿਛੁ ਹੋਤ ਉਪਾਇ।**
**ਨਾਨਕ ਸਭ ਕਿਛੁ ਤੁਮਰੇ ਹਾਥ ਮਹਿ,**
**ਤੁਮ ਹੀ ਹੋਤ ਸਹਾਇ॥**

ਇਹ ਪੜ੍ਹਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਸੁਣਕੇ ਓਨਾਂ ਦਾ ਆਸ਼ਾ ਸਮਝਕੇ ਇਹ ਸ਼ਬਦ ਪੜ੍ਹਿਆ।

ਚਿਤ ਚਰਣ ਕਮਲ ਕਾ ਆਸਰਾ ਚਿਤ ਚਰਣ ਕਮਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ ਗੁਰੂ ਸ਼ਬਦੀ ਇਹ ਮਨ ਹੋੜੀਐ।
ਬਾਂਹ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹ ਨ ਛੋੜੀਐ।
ਗੁਰੁ ਤੇਗ ਬਹਾਦਰ ਬੋਲਿਆ ਧਰਤ ਪਈਐ ਧਰਮ ਨ ਛੋੜੀਐ।

ਬਾਦਸ਼ਾਹ ਔਰੰਗਜ਼ੇਬ ਨੇ ਬੜੀ ਅਧੀਨਗੀ ਨਾਲ ਅਰਜ਼ ਕੀਤੀ ਕਿ ਅਗਰ ਆਪ ਮੁਸਲਮਾਨ ਹੋ ਜਾਓ ਤਾਂ ਮੈਂ ਆਪਨੂੰ ਰਾਜ ਦੇਂਦਾ ਹਾਂ ਅਛੇ ਘਰਾਣੇ ਦੀ ਮੁਗਲਾਂ ਦੀ ਲੜਕੀ ਦੇਂਦਾ ਹਾਂ। ਆਪ ਪਿਛੇ ਫਿਰ ਸਭ ਹਿੰਦੂ ਮੁਸਲਮਾਨ ਹੋਜਾਣਗੇ ਅਰ ਮੈਨੂੰ ਕੋਈ ਰੁਕਾਵਟ ਨਹੀਂ ਪਵੇਗੀ। ਤਾਂ ਗੁਰੂ ਜੀ ਆਖਿਆ। ਇਕ ਦਿਨ ਤੇਰੇ ਜ਼ੁਲਮ ਦਾ ਨਾਸ ਹੋਵੇਗਾ। ਤੂੰ ਦੋਨਾਂ ਮਜ਼ਬਾਂ ਦਾ ੧ ਕਰਨਾ ਚਾਹੁੰਦਾ ਹੈਂ ਅਸੀਂ ੨ ਦੇ ੩ ਕਰਨੇ ਹਨ। ਅਰਥਾਤ ਅਕਾਲੀ (ਸਿੰਘ) ਧਰਮ ਧਰਮ ਪੈਦਾ ਹੋਵੇਗਾ ਜੋ ਤੇਰੇ ਜ਼ੁਲਮ ਦਾ ਨਾਸ਼ ਕਰਕੇ ਦੁਨੀਆਂ ਤੇ ਸਚਾ ਧਰਮ ਪੈਦਾ ਕਰੇਗਾ॥

ਇਹ ਸੁਣਕੇ ਬਾਦਸ਼ਾਹ ਨੇ ਇਕ ਦਿਨ ਹੋਰ ਦਿਤਾ ਮਗਰ

ਗੁਰੂ ਸਾਹਿਬ ਜੀ ਤਾਂ ਕੁਰਬਾਨੀ ਕਰਨ ਗਏ ਸਨ। ਆਖਰ ਬਾਦਸ਼ਾਹ ਨੇ ਕਹਾ ਕਿ ਆਪਨੇ ਜੋ ਤੇਗ ਬਹਾਦਰ ਨਾਮ ਰਖਾਯਾ ਹੈ ਕੋਈ ਬਹਾਦਰੀ ਦਸੋ ਤਾਂ ਗੁਰੂ ਜੀਨੇ ਸਤਿਨਾਮ ਲਿਖਕੇ ਗਲ ਤੇ ਰਖਿਆ ਓਸ ਵੇਲੇ ਜਲਾਦ ਨੇ ਤਲਵਾਰ ਗਲ ਤੇ ਰਖੀ ਤਾਂ ਆਪੇ ਹੀ ਸਿਰ ਧੜ ਤੋਂ ਜੁਦਾ ਹੋਗਿਆ। ਉਸ ਵਕਤ ਬੜੀ ਸਖਤ ਅੰਧੇਰੀ ਆਈ ਅਰ ਭੁਚਾਲ ਆਯਾ ਗੁਰੂਦਾ ਇਕ ਰੰਘਰੇਟਾ ਸਿਖ ਸਿਰ ਅਨੰਦ ਪੁਰ ਸਾਹਿਬ ਲੈ ਆਯਾ ਉਸ ਵੇਲੇ ਗੁਰੂ ਜੀ ਵਰ ਦਿਤਾ "ਰੰਘਰੇਟੇ ਗੁਰੂ ਕੇ ਬੇਟੇ" ਗੁਰੂ ਸਾਹਿਬ ਜੀ ਨੇ ਚੰਦਨ ਦੀ ਚਿਤਾ ਰਚਕੇ ਸਸਕਾਰ ਕੀਤਾ। ਧੜ ਇਕ ਸਿਖ ਨੇ ਹਨੇਰੀ ਵਿਚ ਗਡਿਆਂਵਿਚਰਖਕੇਆਪਣੇਘਰਸਸਕਾਰਕੀਤਾਅਰਮਕਾਨਨੂੰਭੀਅਗ ਲਾ ਦਿਤੀ ਜੋ ਬਾਦਸ਼ਾਹ ਨੂੰ ਮਲੂਮ ਨਾਂ ਹੋਵੇ ਓਸ ਜਗਾ ਰਕਾਬ ਗੰਜ ਗੁਰਦਵਾਰਾ ਬਨਿਆ ਹੋਯਾ ਹੈ। ਅਰ ਜਿਥੇ ਗੁਰੂ ਜੀ ਸ਼ਹੀਦ ਹੋਏ ਸਨ ਓਥੇ ਚਾਂਦਨੀ ਚੌਂਕ ਦਿਲੀ ਵਿਚ ਸੀਸ ਗੰਜ ਗੁਰਦਵਾਰਾ ਬਨਿਆ ਹੋਯਾ ਹੈ। ਜੋ ਉਸ ਵਕਤ ਸਰਦਾਰ ਬਘੇਲ ਸਿੰਘ ਜੀਨੇ ਬਣਵਾਏ ਅਰ ਪਿਛੋਂ ਮਹਾਰਾਜ ਜੀਂਦ ਨੇ ਬੜੀ ਸੇਵਾ ਕੀਤੀ ਅਰ ਗੁਰਦੁਵਾਰੇ ਤਿਆਰ ਕਰਵਾਏ॥

ਸ੍ਰੀ ਗੁਰੂ ਤੇਗ ਬਹਾਦਰ ਬੜੇ ਤਿਆਗੀ ਵੈਰਾਗੀ ਸਨ। ਧਰਮ ਦੀ ਖਾਤਰ ਆਪਨੇ ਆਪਨੂੰ ਕੁਰਬਾਣ ਕੀਤਾ। ਅੰਮ੍ਰਿਤਸਰ ਜੀ ਆਏ ਤਾਂ ਪੁਜਾਰੀਆਂ ਨੇ ਬੂਹੇ ਬੰਦ ਕਰਕੇ ਲੁਕ ਗਏ ਤਦ ਭੀ ਗੁਰੂ ਸਾਹਿਬ ਨੇ ਸਿਵਾਇ "ਅੰਦਰ ਸੜੀਏ" ਦੇ ਕੁਛ ਨਹੀਂ ਕਿਹਾ॥

ਧੀਰਮਲ ਆਦਿਕ ਨੇ ਕਈ ਵਿਰੋਧ ਕੀਤੇ ਮਗਰ ਇਨ੍ਹਾਂ ਨੇ ਸ਼ਾਂਤਮਈ ਹੀ ਕੀਤੀ। ਅਰ ਐਸੀ ਬਾਣੀ ਵੈਰਾਗ ਵਾਲੀ ਰਚੀ ਜਿਸਨੂੰ ਪੜ੍ਹਕੇ ਕਠੋਰ ਰਿਦੇ ਦਾ ਮਨ ਭੀ ਇਕ ਵੇਰ ਸ਼ਾਂਤ ਮਈ ਹੋ ਜਾਵੇ॥

## ਬਸੰਤ ਮਹਲਾ ੯

ਮਨ ਕਹਾ ਬਿਸਾਰਿਓ ਰਾਮ ਨਾਮ ਤਨੁ ਬਿਨਸੈ ਜਮ
ਸਿਉ ਪਰੈ ਕਾਮੁ ॥ ੧ ॥ ਰਹਾਉ ॥ ਇਹੁ ਜਗ ਧੂੰਏ
ਕਾ ਪਹਾਰ। ਤੈ ਸਾਚਾ ਮਾਨਿਆ ਕਿਹ ਬਿਚਾਰ॥ ੧ ॥
ਧਨ ਦਾਰਾ ਸੰਪਤ ਗ੍ਰਿਹ। ਕਛੁ ਸੰਗ ਨ ਚਾਲੈ
ਸਮਝ ਲੇਹ ॥ ੨ ॥ ਇਕ ਭਗਤ ਨਾਰਾਇਨ ਹੋਇ
ਸੰਗਿ। ਕਹੁ ਨਾਨਕ ਭਜ ਤਹਿ ਏਕ ਰੰਗ ॥ ੩ ॥

ਗੁਰੂ ਸਾਹਬ ਤੇਗ ਬਹਾਦਰ ਜੀ ਨੇ ਪਹਿਲੇ ਹੀ ੫ ਪੈਸੇ ਨਰੀਅਲ ਰਖਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗਦੀ ਦੇ ਦਿਤੀ ਤੇ ਇਹ ਸ਼ਬਦ ਉਚਾਰਿਆ ॥

ਨਾਮ ਰਹਿਓ ਸਾਧੂ ਰਹਿਓ,
ਰਹਿਓ ਗੁਰ ਗੋਬਿੰਦ।
ਕਹੁ ਨਾਨਕ ਇਸ ਜਗਤ ਮਹਿ,
ਕਿਨ ਜਪਿਓ ਗੁਰ ਮੰਤ।

ਜਿਸ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਮਹਾਰਾਜ ਦਾ ਸਿਰ ਪਹੁੰਚਿਆ ਤਾਂ ਚੰਦਨ ਚਿਤਾ ਰਚਕੇ ਸਸਕਾਰ ਕੀਤਾ। ਅਰ ਸਾਥ ਹੀ ਓਹਨ ਨੇ ਇਹ ਸੁਣਿਆ ਕਿ ਦਿਲੀ ਵਿਚ ਕੁਛ ਸਿਖੀ ਤੋਂ ਇਨਕਾਰੀ ਹੋ ਗਏ ਹਨ ਤਾਂ ਓਨਾਂ ਨੇ ਬਚਨ ਕੀਤਾ ਕਿ ਐਸੀ ਸਿਖੀ ਪੈਦਾ ਕਰਾਂਗਾ ਜੋ ਕਦੀ ਮੇਰੇ ਸਿਖ ਲੁਕ ਨਹੀਂ ਸਕਨਗੇ ਜੋ ਹਜ਼ਾਰ ਵਿਚ ਇਕ ਸਿਖ ਭੀ ਬੈਠਾ ਹੋਯਾ ਮੇਰਾ ਸਿਖ ਮਾਲੂਮ ਹੋਵੇ ਸੋ ਐਸਾ ਪੰਥ ਸ੍ਰੀ ਗੁਰੂ ਜੀ ਨੇ ਸਾਜਿਆ ॥

# ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇ ਪ੍ਰਗਟ ਹੋਕਰ ਖਾਲਸਾ (ਅਕਾਲੀ) ਪੰਥ ਸਾਜਨਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਕਥਾ ਇਸ ਪ੍ਰਕਾਰ ਬਚਿਤ੍ਰ ਨਾਟਕ ਦਸਮ ਗ੍ਰੰਥ ਸਾਹਿਬ ਵਿਚ ਲਿਖਦੇ ਹਨ ॥

"ਸਾਧ ਕਰਮ ਜੋ ਪੁਰਖ ਕਮਾਵੈ। ਨਾਮ ਦੇਵਤਾ ਜਗਤ ਕਹਾਵੈ।
ਕੁਕ੍ਰਿਤ ਕਰਮ ਜੋ ਜਗ ਮੈਂ ਕਰਹੀ। ਨਾਮ ਅਸੁਰ ਤਿਨਕੋ ਜਗ ਧਰਹੀ,

ਅਰ ਆਪਣੇ ਪਿਛਲੇ ਜਨਮ ਦੀ ਕਥਾ ਇਸ ਪ੍ਰਕਾਰ ਲਿਖਦੇ ਹਨ ॥

॥ ਚੌਪਈ ॥

ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧ ਮੋਹ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਤ ਹੈ ਤਹਾਂ ॥ ੧ ॥
ਸਪਤ ਸ੍ਰਿੰਗ ਤਿਹ ਨਾਮ ਕਹਾਵਾ। ਪੰਡ ਰਾਜ ਜਹ ਜੋਗ ਕਮਾਵਾ।
ਤਹ ਹਮ ਅਧਿਕ ਤਪਸਿਆ ਸਾਧੀ। ਮਹਾ ਕਾਲ ਕਾਲਕਾ ਅਰਾਧੀ॥੨॥
ਇਹ ਬਿਧ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ। ਬਹੁ ਬਿਧ ਜੋਗ ਸਾਧਨਾ ਸਾਧਾ॥੩॥
ਤਿਨ ਜੋ ਕਰੀ ਅਲਖ ਕੀ ਸੇਵਾ। ਤਾਂ ਤੇ ਭਏ ਪ੍ਰਸੰਨ ਗੁਰ ਦੇਵਾ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ
ਚਿਤ ਨ ਭਯੋ ਹਮਰੋ ਆਵਨ ਕਹਿ। ਚੁਭੀ ਰਹੀ ਸੁਰਤ ਪ੍ਰਭ ਚਰਨਨ ਮਹਿ।
ਜਿਉ ਤਿਉ ਪ੍ਰਭ ਹਮਕੋ ਸਮਝਾਇਓ। ਇਮ ਕਹਿਕੈ ਇਹ ਲੋਗ ਪਠਾਯੋ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਤੀਰਥਾਂ ਤੇ ਸੰਗਤਾਂ ਨੂੰ ਤਾਰਦੇ ਤ੍ਰਿਬੇਣੀ ਪਹੁੰਚੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ਤ ਹੋਏ ਅਰ ਪਟਣੇ ਸਾਹਿਬ ਅਵਤਾਰ ਧਾਰਿਆ ॥

॥ ਦੋਹਰਾ ॥

ਜਬ ਆਇਸ ਪ੍ਰਭ ਕੋ ਭਯੋ, ਜਨਮ ਧਰਾ ਜਗ ਆਇ।
ਅਬ ਮੈਂ ਕਥਾ ਸੰਛੇਪਤੇ ਸਭ ਹੂੰ ਕਹਤ ਸੁਨਾਇ॥

॥ ਚੌਪਈ ॥

ਮੁਰਪਿਤ ਪੂਰਬ ਕੀਅਸ ਪਿਆਨਾ।
ਭਾਂਤ ਭਾਂਤ ਕੇ ਤੀਰਥ ਨਾਨਾ।
ਜਬ ਹੀ ਜਾਤ ਤ੍ਰਿਬੇਣੀ ਭਯੇ।
ਪੁੰਨ ਦਾਨ ਦਿਨ ਕਰਤ ਬਿਤਯੇ॥ ੧ ॥
ਤਹੀ ਪ੍ਰਕਾਸ਼ ਹਮਾਰਾ ਭਯੋ।
ਪਟਣਾ ਸ਼ਹਿਰ ਵਿਖੈ ਭਵ ਲਯੋ।
ਮਦਰ ਦੇਸ ਹਮ ਕੋ ਲੈ ਆਏ।
ਭਾਂਤ ਭਾਂਤ ਦਾਈਅਨ ਦੁਲਰਾਏ ॥ ੨ ॥
ਕੀਨੀ ਅਨਿਕ ਭਾਂਤ ਤਨ ਰਛਾ।
ਦੀਨੀ ਭਾਂਤ ਭਾਂਤ ਕੀ ਸਿਛਾ।
ਜਬ ਹਮ ਧਰਮ ਕਰਮ ਮੋ ਆਏ।
ਦੇਵ ਲੋਕ ਤਬ ਪਿਤਾ ਸਿਧਾਏ।

ਇਸ ਪ੍ਰਕਾਰ ਗੁਰੂ ਸਾਹਿਬ ਜੀ ਦਾ ਅਵਤਾਰ ਸ੍ਰੀ ਤਖਤ ਪਟਣਾ ਸਾਹਿਬ ਜੀ ਵਿਚ ਹੋਯਾ ਦਸਮ ਗੁਰੂ ਸਾਹਿਬ ਨੇ ਵਡੇ ੨ ਉਪਕਾਰ ਕੀਤੇ। ਹਿੰਦੂ ਧਰਮ ਦਾ ਡੁਬਦਾ ਬੇੜਾ ਬਚਾਇਆ। ਸ਼ੇਰ ਦੇ ਮੂੰਹੋਂ ਬਕਰੀ ਨੂੰ ਛੁਡਾਇਆ ਅਰ ਅੰਧਾ ਧੁੰਦ ਤੋਂ ਪਰਜਾ ਨੂੰ ਬਚਾਇਆ ਧਰਤੀ ਤੇ ਸੁਵਰਗ ਵਿਖਾਇਆ। ਪਸ਼ੂਆਂ ਨੂੰ ਦੇਵਤਾ ਬਨਾਇਆ ਅਰ ਜ਼ੁਲਮ ਦਾ ਨਾਸ ਕਰਕੇ ਖਾਲਸਾ ਪੰਥ ਸੂਰਬੀਰ ਜੋਧਾ ਪੈਦਾ ਕੀਤਾ ॥

-o-

# ਸੱਯਦ ਭੀਖਾਸ਼ਾਹ ਨੇ ਦਰਸ਼ਨ ਕਰਨ ਆਉਣਾ ਅਰ ਖਾਲਸਾ ਪੰਥ ਪ੍ਰਗਟ ਹੋਣ ਦੀ ਪਰੀਖਯਾ ਲੈਣੀ

ਸ੍ਰੀ ਗੁਰੂ ਦਸਮੇਸ਼ ਜੀ ਪੋਹ ਸੁਦੀ ਸਪਤਮੀ ਧਨਿਸ਼ਟਾ ਨਸ਼ਤ੍ਰ ਸੰਮਤ ੧੭੨੩ ਬਿ: ਸ੍ਰੀ ਤਖਤ ਪਟਣਾ ਸਾਹਿਬ ਜੀ ਵਿਖੇ *ਸੋਢੀ ਕੁਲ ਦੇ ਭੂਸ਼ਨ ਪਰਗਟ ਹੋਏ। ਅਨੰਦ ਮੰਗਲ ਵਧਾਈ ਹੋਈ। ਬੜੀ ਦੀਪਮਾਲ ਹੋਈ ਗੁਰੂ ਸਾਹਿਬ ਬੰਗਾਲ ਗਏ ਸੀ ਪੌਰ ਪਾਇ ਦੀਪਮਾਲਾ ਕਰਵਾਈ ਤੋਪਾਂ ਦੀ ਸਲਾਮੀ ਰਾਜੇ ਕਿਸ਼ਨ ਸਿੰਘ ਨੇ ਕਰੀ। ਕੁਹਰਾਮ ਦੇਸ ਦੇ ਮਸ਼ਹੂਰ ਪੀਰ ਸਯੱਦ ਭੀਖਾਸ਼ਾਹ ਜ ਕਸਬੇ ਗਰਾਮ ਵਿਚ ਆਪਣੇ ਮੁਰਸ਼ਦ ਪਾਸ ਰਹਿੰਦਾ ਸੀ ਆਇਆ। ਉਹ ਸਾਈਂ ਲੋਕ ਉਸ ਵਕਤ ਬੜਾ ਕਰਾਮਾਤੀ ਸੀ। ਪਿਛਲੀ ਰਾਤ ਨੂੰ ਜਾਗ ਕੇ ਫਜਰ ਦੀ ਨਿਮਾਜ ਪੂਰਬ ਮੁਖ ਕਰਕੇ ਪੜੀ। ਅਰ ਸਜਦੇ ਕੀਤੇ ਤਾਂ ਮੁਰੀਦਾਂ ਨੇ ਪੁਛਿਆ ਪੀਰ ਜੀ ਇਹ ਤੁਸਾਂ ਸ਼ਰਾ ਦੇ ਉਲਟ ਕਿਉਂ ਕੰਮ ਕੀਤਾ ਹੈ ? ਤਾਂ ਪੀਰ ਜੀ ਉਤ੍ਰ ਦਿਤਾ ਇਸ ਵੇਲੇ ਇਕ ਬੜਾ ਭਾਰੀ ਜ਼ਬਰਦਸਤ ਵਲੀ ਪੀਰ ਖੁਦਾ ਨੇ ਭੇਜਿਆ ਹੈ। ਜੋ ਪੂਰਬ ਵਿਚ ਪੈਦਾ ਹੋਇਆ ਮੈਂ ਉਸਦਾ ਸਿਤਾਰਾ ਚੜਿਆ ਦੇਖਕੇ ਸਿਜਦਾ ਕੀਤਾ ਹੈ॥

ਸੋ ਭੀਖਾ ਸ਼ਾਹ ਦੋ ਮੁਰੀਦਾਂ ਨੂੰ ਨਾਲ ਲੈਕੇ ਪਟਣੇ ਵਿਚ ਆਇਆ। ਅਰ ਵਧਾਈਆਂ ਵੰਡੀਦੀਆਂ ਦੇਖਕੇ ਮਾਮੇ ਕਿਰਪਾਲ ਦਾਸ ਜੀ ਅਗੇ ਬੇਨਤੀ ਕੀਤੀ ਕਿ ਦਰਸ਼ਨ ਕਰਾਓ ਸੋ ਦਰਸ਼ਨ

---

*ਸੋਢੀ ਕੁਲ ਸ੍ਰੀ ਰਾਮ ਚੰਦ੍ਰ ਮਹਾਰਾਜ ਦੀ ਉਲਾਦ ਹਨ ਜੈਸਾ ਕਿ ਲਿਖਿਆ ਹੈ। "ਭਾਜ ਸਨੌਢ ਦੇਸ ਤੇ ਗਏ। ਤਹੀ ਭੂਪਜਾ ਬਿਆਹਤ ਭਏ। ਤਹਿਤੇ ਪੁਤ੍ਰ ਭਯੋ ਜੋ ਧਾਮਾ। ਸੋਢੀ ਰਾਇ ਧਰਾ ਤਿਹ ਨਾਮਾ। ਬੰਸ਼ ਸਨੌਢ ਤਾ ਦਿਨ ਤੇ ਥੀਆ। ਪਰਮ ਪਵਿਤ੍ਰ ਪੁਰਖ [illegible]ਆ। ਤਾਂਤੇ ਪੁਤ ਪੋਤ ਹੋ ਆਏ। ਤੇ ਸੋਢੀ ਸਭ ਜਗਤ ਕਹਾਏ।

ਕਰਨ ਦੀ ਆਗਿਆ ਨਾਂ ਮਿਲਨ ਤੇ ਭੀਖਾ ਸ਼ਾਹ ਭੁਖਾ ਤਿੰਨ ਦਿਨ ਦਰਵਾਜ਼ੇ ਤੇ ਬੈਠਾ ਤਾਂ ਮਾਤਾ ਨਾਨਕੀ ਜੀ ਨੇ ਕ੍ਰਿਪਾਲ ਦਾਸ ਦੇ ਹਥ ਰੇਸ਼ਮੀ ਬਸਤ੍ਰਾਂ ਵਿਖੇ ਲਪੇਟਕੇ ਸ੍ਰੀ ਗੁਰੂ ਜੀ ਨੂੰ ਬਾਹਰ ਭੇਜਿਆ ਤਾਂ ਪੀਰ ਜੀ ਨੇ ਦੋ ਘੜੀਆਂ ਮੰਗਲ ਦੁਵਦੀਆਂ ਭਰੀਆਂ ਹੋਈਆਂ ਪੇਸ਼ ਕੀਤੀਆਂ ਗੁਰੂ ਜੀ ਨੇ ਦੋਨਾਂ ਨੂੰ ਦਬਾਇਆ ਲੋਕਾਂ ਕਾਰਨ ਪੁਛਿਆ ਤਾਂ ਪੀਰ ਜੀ ਨੇ ਕਿਹਾ ਅਸੀਂ ਦੋ ਘੜੀਆਂ ਅਗੇ ਇਸ ਲਈ ਕੀਤੀਆਂ ਸਨ ਕਿ ਕੇਹੜਾ ਧਰਮ ਵਧਾਏਗਾ, ਹਿੰਦੂ ਕੇ ਮੁਸਲਮਾਨ ਸੋ ਇਨੇ ਦੋਨਾਂ ਨੂੰ ਦਬਾਇਆ ਮਤਲਬ ਇਹ ਕਿ ਤੀਸਰਾ ਆਪਨਾ ਖਾਲਸਾ ਪੰਥ ਜੁਦਾ ਪ੍ਰਗਟ ਕਰੇਗਾ। ਅਰ ਗੁਰੂ ਜੀ ਦਾ ਮੋਹਣੀ ਮੂਰਤ ਦਰਸ਼ਨ ਕਰਕੇ ਬਹੁਤ ਖੁਸ਼ ਹੋਇਆ ॥

## ਗੁਰ ਪਰਨਾਲੀ

(ਸ੍ਰੀ ਮੁਖੰ ਵਾਕ ਪਾਤਸ਼ਾਹੀ ੧੦)

ਨਾਨਕ ਗੁਰੂ ਗੋਬਿੰਦ ਸਿੰਘ,
ਪੂਰਨ ਗੁਰ ਅਵਤਾਰ।
ਜਗ ਮਗ ਜੋਤ ਬਿਰਾਜ ਰਹੀ,
ਸ੍ਰੀ ਅਬਚਲ ਨਗਰ ਅਪਾਰ॥

॥ ਦੋਹਰਾ ॥

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦੀਓ ਜਹਿ ਤਹਿ ਭਏ ਸਹਾਇ।

॥ ਚੌਪਈ ॥

ਤਿਨ ਇਹ ਕਲ ਮਹਿ ਧਰਮ ਚਲਾਯੋ।
ਸਭ ਸਾਧਨ ਕੋ ਰਾਹ ਬਤਾਯੋ।
ਜੋ ਤਾਂਕੇ ਮਾਰਗ ਮਹਿ ਆਏ।

ਤੇ ਕਬਹੂ ਨਹਿਂ ਪਾਪ ਸਤਾਏ।
ਜੇ ਜੇ ਪੰਥ ਤਵਨ ਕੇ ਪਰੇ।
ਪਾਪ ਤਾਪ ਤਿਨਕੇ ਸਭ ਹਰੇ।
ਦੂਖ ਭੂਖ ਕਬਹੂ ਨ ਸਤਾਏ।
ਜਾਲ ਕਾਲ ਕੇ ਬੀਚ ਨ ਆਏ।
ਨਾਨਕ ਅੰਗਦ ਕੋ ਬਪੁ ਧਰਾ।
ਧਰਮ ਪ੍ਰਚਾਰ ਇਹ ਜਗ ਮੈਂ ਕਰਾ।
ਅਮਰ ਦਾਸ ਪੁਨ ਨਾਮ ਕਹਾਯੋ।
ਜਨ ਦੀਪਕ ਤੈਂ ਦੀਪ ਜਗਾਯੋ।
ਸ੍ਰੀ ਨਾਨਕ ਅੰਗਦ ਕਰ ਮਾਨ।
ਅਮਰ ਦਾਸ ਅੰਗਦ ਪਹਿਚਾਨਾ।
ਅਮਰ ਦਾਸ ਰਾਮ ਦਾਸ ਕਹਾਯੋ।
ਸਾਧਨ ਲਖਾ ਮੂੜ ਨਹੀਂ ਪਾਯੋ।
ਭਿੰਨ ਭਿੰਨ ਸਭ ਹੂੰ ਕਰ ਜਾਨਾ।
ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨ ਆਈ।
ਰਾਮ ਦਾਸ ਹਰਿ ਸੋ ਮਿਲ ਗਯੋ।
ਗੁਰਤਾ ਦੇਤ ਅਰਜਨਹਿ ਭਯੋ।
ਜਬ ਅਰਜਨ ਪ੍ਰਭ ਲੋਕ ਸਿਧਾਏ।
ਹਰਿ ਗੋਬਿੰਦ ਤਿਹ ਠਾਂ ਠਹਿਰਾਏ।
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ।
ਹਰੀ ਰਾਇ ਤਿਹ ਠਾਂ ਬੈਠਾਰੇ।
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ।
ਤਿਨ ਤੇ ਤੇਗ ਬਹਾਦਰ ਭਏ।
ਤਿਲਕ ਜੰਞੂ ਰਾਖਾ ਪ੍ਰਭ ਤਾਂਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨੁ ਹੇਤ ਇਤੀ ਜਿਨ ਕਰੀ।
ਸੀਸ ਦੀਆ ਪਰ ਸੀ ਨ ਉਚਰੀ।

ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹਿ ਆਵਤ ਲਾਜਾ।

॥ ਦੋਹਰਾ ॥

ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਓ ਪਿਯਾਨ।
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂੰ ਆਨ।
ਜਿਨ ਜਿਨ ਨਾਮ ਤਿਹਾਰੋ ਧਿਯਾਇਆ।
ਦੂਖ ਪਾਪ ਤਿਹ ਨਿਕਟ ਨਾ ਆਯਾ।
ਜ ਜੇ ਔਰ ਧਯਾਨ ਕੋ ਧਰਹਾ।
"ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰ ਦੇਵ ਪਠਾਏ।
ਜਹਾਂ ਤਹਾਂ ਤਹਿ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕੜ ਪਛਾਰੋ।
'ਜਹਾਂ ਤਹਾਂ ਤੁਮ ਧਰਮ ਚਲਾਯੋ।
ਕਬੁਧ ਕਰਨ ਤੇ ਲੋਕ ਹਟਾਯੋ"।

॥ ਦੋਹਰਾ ॥

ਠਾਢ ਭਯੋ ਮੈਂ ਜੋਰ ਕਰ ਬਚਨ ਕਹਾ ਸਿਰ ਨਾਇ।
ਪੰਥ ਚਲੇ ਤਬ ਜਗਤ ਮਹਿ ਜਬ ਤੁਮ ਕਰੋ ਸਹਾਇ।

॥ ਚੌਪਈ ॥

ਇਹ ਕਾਰਨ ਪ੍ਰਭ ਮੋਹਿ ਪਠਾਯੋ।
ਤਬ ਹਮ ਜਨਮ ਜਗਤ ਧਰ ਆਯੋ।
ਜਿਮ ਤਿਨ ਕਹੀ ਇਨੈ ਤੁਮ ਕਹਿਹੋ।

ਔਰ ਕਿਸੂ ਤੇ ਬੈਰ ਗਹਿਹੋ।
ਜੋ ਹਮਕੋ ਪਰਮੇਸ਼ਰ ਉਚਰਹੈ।
ਤੇ ਸਭ ਨਰਕ ਕੁੰਡ ਮਹਿ ਪਰ ਹੈ।
ਮੋਕੋ ਦਾਸ ਤਵਨ ਕਾ ਜਾਨੋ।
ਯਾਂ ਮੈਂ ਭੇਦ ਨ ਰੰਚਕ ਮਾਨੋ।
ਮੈਂ ਹੋ ਪਰਮ ਪੁਰਖ ਕਾ ਦਾਸਾ।
ਦੇਖਨ ਆਯੋ ਜਗਤ ਤਮਾਸ਼ਾ।
ਜੋ ਪ੍ਰਭ ਜਗਤ ਕਹਾ ਸੋ ਕਹਿ ਹੋ।
ਮ੍ਰਿਤ ਲੋਕ ਤੇ ਮੌਨ ਨ ਰਹਿ ਹੌਂ।
ਜਿਉ ਤਿਉਂ ਪ੍ਰਭ ਹਮਕੋ ਸਮਝਾਯੋ।
ਇਮ ਕਹਿਕੈ ਇਹ ਲੋਕ ਪਠਾਯੋ।
ਜਬ ਪਹਿਲੇ ਹਮ ਸ੍ਰਿਸ਼ਟ ਬਨਾਈ।
ਦੈਤ ਸੁਰਚ ਦੁਸ਼ਟ ਦੁਖਦਾਈ।
ਤੇ ਭੁਜ ਬਲ ਬਵਰੇ ਹ੍ਵੈ ਗਏ।
ਪੂਜਤ ਪਰਮ ਪੁਰਖ ਰਹਿ ਗਏ।
ਤੇ ਹਮ ਤਨਿਕ ਮੈ ਖਾਪੇ।
ਤਿਨਕੀ ਠੌਰ ਦੇਵਤ ਥਾਪੇ।
ਤੇ ਭੀ ਬਲਿ ਪੂਜੰ ਠਹਿਰਾਏ।
ਆਪਨ ਹੀ ਸੂਮੇਸ਼ਰ ਕਹਾਯੋ।
ਮਹਾਂ ਦੇਵ ਅਚੁਤ ਕਹਿਵਾਯੋ।
ਬਿਸ਼ਨ ਆਪ ਹੀ ਕੋ ਠਹਿਰਾਯੋ।
ਬ੍ਰਹਮਾ ਆਪ ਪਾਰ ਬ੍ਰਹਮ ਬਖਾਨਾ।
ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ।
ਤਬ ਸਾਖੀ ਪ੍ਰਭ ਅਸ਼ਟ ਬਨਾਯੋ।
ਸਾਖ ਨਮਿਤ ਦੇਬੇ ਠਹਿਰਾਯੋ।
ਤੇ ਕਹਿ ਕਰੋ ਹਮਾਰੀ ਪੂਜਾ।
ਹਮ ਬਿਨ ਠਾਕਰ ਔਰ ਨ ਦੂਜਾ।
ਪਰਮ ਤਤ ਕੋ ਜਿਨ ਨਾ ਪਛਾਨਾ।
ਤਿਨ ਈਸ਼ਰ ਤਿਨ ਹੀ ਕਉ ਮਾਨਾ।

ਕੇਤੇ ਸੂਰ ਚੰਦ ਕਉ ਮਾਨੈ।
ਅਗਿਨ ਹੋਵ ਕਈ ਪਵਨ ਪ੍ਰਮਾਨੈ।
ਕਿਨਹੂ ਪ੍ਰਭੁ ਪਾਹਨ ਪਹਿਚਾਨਾ।
ਨ੍ਹਾਤ ਕਿਤੇ ਜਲ ਕਰਤ ਬਿਧਾਨਾ।
ਕੇਤਕ ਕਰਮ ਕਰਤ ਡਰ ਪਾਨਾ।
ਧਰਮ ਰਾਜ ਕੋ ਧਰਮ ਪਹਿਚਾਨਾ।
ਤਬ ਹਰਿ ਸਿਧ ਸਾਧ ਠਹਿਰਾਯੇ।
ਤਿਣਹੂੰ ਪਰਮ ਪੁਰਖ ਤਿਹ ਪਾਯੇ।
ਜੋ ਕੋਈ ਹੋਤ ਭਯੋ ਜਗ ਸਿਆਨਾ।
ਤਿਤ ਤਿਨ ਅਪਨੋ ਪੰਥ ਚਲਾਨਾ।
ਪਰਮ ਪੁਰਖ ਕਿਨਹੂੰ ਨਹ ਪਾਯੋ।
ਬੈਰ ਬਾਦ ਹੰਕਾਰ ਬਢਾਯੋ।
"ਬ੍ਰਹਮੇ ਚਾਰ ਹੀ ਵੇਦ ਬਨਾਏ।
ਸਰਬ ਲੋਕ ਤਹਿ ਕਰਮ ਚਲਾਏ।
ਜਿਨ ਕੀ ਲਿਵ ਹਰਿ ਚਰਨਨ ਲਾਗੀ।
ਤੇ ਵੇਦਨ ਤੇ ਭਯੇ ਤਿਆਗੀ"।
ਜਿਨ ਮਤ ਵੇਦ ਕਤੇਬ ਨ ਤਿਆਗੀ।
ਪਾਰ ਬ੍ਰਹਮ ਕੇ ਭਏ ਅਨੁਰਾਗੀ।
ਤਬ ਹਰਿ ਬਹੁਤ ਦੇਤ ਉਪਜਾਯੋ।
ਤਿਨ ਭੀ ਅਪਨਾ ਪੰਥ ਚਲਾਯੋ।
ਕਰਨੋ ਵਖ ਸਿਰ ਜਟ ਸਵਾਰੀ।
ਪ੍ਰਭੁ ਕੀ ਕਿਰਿਯਾ ਨ ਕਛੂ ਬਿਚਾਰੀ।
ਪੁਨ ਹਰਿ ਗੋਰਖ ਕੋ ਉਪਰਾਜਾ।
ਸਿਖ ਕਰੇ ਤਿਨਹੂੰ ਬਡ ਰਾਜਾ।
ਸ੍ਰਵਨ ਫਾਰ ਮੁੰਦਰਾ ਦ੍ਵੈ ਡਾਰੀ।
ਪ੍ਰਭੁ ਕੀ ਕ੍ਰਿਯਾ ਨ ਕਛੂ ਬਿਚਾਰੀ।
ਪੁਨ ਹਰਿ ਰਾਮ ਨੰਦ ਕੋ ਕਰਾ।
ਭੇਸ ਬੈਰਾਗੀ ਕੋ ਜਿਨ ਧਰਾ।
ਕੰਠੀ ਕੰਠ ਕਾਠ ਕੀ ਡਾਰੀ।

ਪ੍ਰਭੁ ਕੀ ਕ੍ਰਿਯਾ ਨ ਕਛੂ ਬਿਚਾਰੀ।
ਜੇ ਪ੍ਰਭੁ ਪਰਮ ਪੁਰਖ ਉਪਜਾਏ।
ਤਿਨ ਤਿਨ ਅਪਨਾ ਰਾਹ ਚਲਾਯੋ।
ਮਹਾ ਦੀਨ ਤਬ ਪ੍ਰਭ ਉਪਰਾਜਾ।
ਅਰਬ ਦੇਸ ਕੋ ਕੀਨੋ ਰਾਜਾ।
ਤਿਨ ਭੀ ਏਕ ਪੰਥ ਉਪਰਾਜਾ।
†ਲਿੰਗ ਬਿਨਾ ਕੀਨੇ ਸਭ ਰਾਜਾ।
ਸਭਤੇ ਅਪਨਾ ਨਾਮ ਜਪਾਯੋ।
ਸਤਿਨਾਮ ਕਬਹੂੰ ਨ ਦ੍ਰਿੜਾਯੋ।
ਸਭ ਅਪਨੀ ਅਪਨੀ ਉਰਝਾਨਾ।
ਪਾਰਬ੍ਰਹਮ ਕਬਹੂ ਨ ਪਛਾਨਾ।
ਤਪ ਸਾਧਤ ਹਰ ਮੋਹ ਬੁਲਾਯੋ।
ਇਮ ਕਹਿਕੇ ਏਹ ਲੋਕ ਪਠਾਯੋ।
"ਮੈਂ ਅਪਨਾ ਸੁਤ ਤੋਹਿ ਨਵਾਜਾ।
‡ਪੰਥ ਪ੍ਰਚੁਰ ਕਰਬੇ ਕਉ ਸਾਜਾ
ਜਹਾਂ ਤਹਾਂ ਤੈ ਧਰਮ ਚਲਾਇ।
ਕਬੁਧ ਕਰਨ ਤੇ ਲੋਕ ਹਟਾਇ।
ਰਾਜ ਸਾਜ ਹਮ ਪਰ ਜਬ ਆਯੋ।
ਜਥਾ ਸ਼ਕਤ ਤਬ ਧਰਮ ਚਲਾਯੋ।
ਭਾਂਤ ਭਾਂਤ ਬਨ ਖੇਲ ਸ਼ਿਕਾਰਾ।
ਮਾਰੇ ਰੋਝ ਰੀਛ ਝੰਕਾਰਾ।
ਕਾਲਿੰਦ੍ਰੀ ਤਟ ਕਰੇ ਬਿਲਾਸਾ।
ਅਨਿਕ ਭਾਂਤ ਕੇ ਪੇਖ ਤਮਾਸ਼ਾ।

ਇਸ ਪ੍ਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਸ ਵਕਤ ਹਾਜ਼ੀ

---

*ਹਜ਼ਰਤ ਮੁਹੰਮਦ ਸਾਹਿਬ ਨੇ ਦੀਨ ਇਸਲਾਮ ਕਢਕੇ ਕੁਲ ਦੁਨੀਆਂ ਨੂੰ ਮੁਸਲਮਾਨ ਕਰਨਾ ਚਾਹਿਆ॥

†ਸੁੰਨਤ ਕਰਾਈ।

‡ਇਸਤ੍ਰਾਂ ਅਕਾਲ ਪੁਰਖ ਜੀ ਨੇ ਦਸਮੇਸ਼ ਗੁਰੂ ਨੂੰ ਖਾਲਸਾ ਪੰਥ ਪ੍ਰਗਟ ਕਰਨ ਦੀ ਆਗਿਆ ਦਿਤੀ॥

ਉਮਰ ਦੇ ਹੋ ਗਏ ਤਦ ਅਨੰਦ ਪੁਰ ਸਾਹਿਬ ਵਿਚ ਕਿਲ੍ਹਾ ਬਣਾਕ ਨਿਵਾਸ ਕਰਣ ਲਗੇ ॥

॥ ਦੋਹਰਾ ॥

ਜੁਧ ਜੀਤ ਆਏ ਜਬੈ ਇਕੇ ਨ ਤਿਨ ਪੁਰ ਪਾਂਵ।
ਕਹਲੂਰਮੇਂ ਬਾਂਧਿਓ ਆਨ ਆਨੰਦ ਪੁਰ ਗਾਂਵ।
ਜੋ ਜੋ ਨਰ ਤਹਿ ਨਾ ਭਿਰੇ ਦੀਨੇ ਨਗਰ ਨਿਕਾਰ।
ਜੋ ਤਹਿ ਠੌਰ ਭਲੇ ਭਿਰੇ ਤਿਨੈ ਕਰੀ ਪ੍ਰਤਿਪਾਰ॥

## ਗੁਰੂ ਗੋਬਿੰਦ ਸਿੰਘ ਜੀਨੇ ਪੰਜ ਪਿਆਰੇ ਚੁਣਕੇ ਅੰਮ੍ਰਤ ਛਕਾਉਣਾ

ਇਤਆਦਿਕ ਗੁਰੂ ਗੋਬਿੰਦ ਸਿੰਘ ਜੀ ਧਰਮ ਦੀ ਖਾਤਰ ਆਏ।
ਗੁਰੂ ਨਾਨਕ ਜੀ ਨੀਵ ਉਸਾਰੀ ਝੰਡਾ ਦਸਮੇਸ਼ ਲਗਾਏ।
ਮਨਮਤ ਦੂਰ ਕਰੀ ਹਿਰਦੇ ਦੀ ਸਚਾ ਨਾਮ ਦ੍ਰਿੜਾਏ।
ਪਰਉਪਕਾਰੀ ਹੇਤ ਸਿਰ ਪਿਤ ਕਾ ਦਿਲੀ ਜੁਦਾ ਕਰਾਏ।
ਚਾਰੇ ਪੁਤ੍ਰ ਵਾਰੇ ਜਿਸਨੇ ਤਨ ਕੁਰਬਾਣ ਕਰਾਏ।
ਜੋਧਾ ਬਲੀ ਪੰਥ ਸਾਜਕੇ ਦੁਸ਼ਟਾਂ ਦਾ ਨਾਸ ਕਰਾਏ।
ਗੁਰੂ ਗੋਬਿੰਦ ਸਿੰਘ ਸਤਿਗੁਰ ਪੂਰਾ ਗੁਰੂਬਾਨੀ ਚਿਤ ਲਾਏ।
ਪੰਥ ਸਾਜ ਅਕਾਲੀ ਕੇਰਾ ਧਰਮ ਦੀ ਨੀਂਵ ਲਗਾਏ।

॥ ਕਬਿਤ ॥

ਪਰਮ ਪਵਿਤ੍ਰ ਸੂਰਬੀਰ ਗੁਰੂ ਗੋਬਿੰਦ ਸਿੰਘ,
ਪਰਉਪਕਾਰ ਜਿਨ ਕੀਨੋ ਪੰਥ ਖਾਲਸਾ।
ਖਾਲਸਾ ਸਾਜ ਪੰਜ ਕਕਿਓਂ ਕੀ ਰਹਿਤ ਕੀਨੀ,
ਕਛ, ਕੜਾ, ਕੰਘਾ ਤੇ ਕੇਸ਼ ਨੂੰ ਪਾਲਸਾ।
ਪਾਲਸਾ ਕ੍ਰਿਪਾਨਧਾਰੀ ਸੂਰਬੀਰ ਜੋਧਾ ਸਿਖ,
ਕਾਮ, ਕਰੋਧ, ਲੋਭ, ਮੋਹ, ਹੰਕਾਰ, ਨੂੰ ਜਾਲਸਾ।

ਜਾਲਸਾ ਨੀਚ ਕੰਮ, ਮੋਹ ਰੂਪੀ ਜਿੰਦ੍ਰਾ ਨੂੰ
ਸਦਾ ਰੰਗ ਨਾਮ ਦੀ ਖੁਮਾਰੀ ਦਾ ਲਾਇਸ।

। ਦੋਹਰਾ ॥

ਸਚਾ ਰੰਗ ਮਜੀਠ ਦਾ ਧੋਤਿਆਂ ਉਤਰ ਨਾਂਹ।
ਤਿਉਂ ਸਿਖ ਪੈਂਦਾ ਗੁਰੂ ਕਾ ਸਚਾ ਪ੍ਰੇਮ ਲਗਾਇ।

॥ ਚੌਪਈ ॥

ਇਕ ਦਿਨ ਗੁਰੂ ਦੀਵਾਨ ਲਗਾਇ।
ਸ੍ਰੀ ਅਨੰਦ ਪੁਰ ਮਹਿ ਸਜਵਾਇ।
ਦੂਰ ਦੂਰ ਤੇ ਸੰਗਤ ਆਈ।
ਸ੍ਰੀ ਕੇਸ ਗੜ੍ਹ ਅਤ ਸੁਖਦਾਈ।
ਬਚਨ ਪ੍ਰੇਮ ਸਾਥ ਗੁਰੂ ਕਰਾ।
ਸਤਿਗੁਰੂ ਰਿਦੇ ਪ੍ਰਕਾਸ਼ ਇਹ ਧਰਾ।
ਸਭ ਸਿਖ ਗੁਰੂ ਸੇਵ ਹਿਤ ਆਏ।
ਇਸ ਕਾਰਣ ਗੁਰੂ ਸਭਾ ਲਗਾਏ।

**ਜੋ ਕੋਈ ਸਿਖ ਗੁਰੂ ਦਾ ਪ੍ਰਿਆਰਾ।**
**ਗੁਰੂ ਹਿਤ ਸੀਸ ਦੇਵੇ ਹਿਤ ਧਾਰਾ।**

ਇਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜਾ ਭਾਰੀ ਦੀਵਾਨ ਸ੍ਰੀ ਅਨੰਦਪੁਰ ਸਾਹਿਬ ਵਿਚ ਲਗਾਇਆ ਦੂਰ ਦੂਰ ਤੋਂ ਸੰਗਤਾਂ ਆਈਆਂ ਬੜਾ ਭਾਰੀ ਦੀਵਾਨ ਵਿਚ ਰਾਗੀ ਬੜੇ ਪ੍ਰੇਮ ਨਾਲ ਸ਼ਬਦ ਪੜ੍ਹ ਰਹੇ ਸਨ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀਨੇ ਇਹ ਬਚਨ ਕੀਤਾ:-

॥ ਸਵੈਯਾ ॥

ਸੁਨਹੋ ! ਸਿਖ ਮੇਰੇ ਪ੍ਰਾਨ ਅਤੀ,
ਤੁਮਰੀ ਹੈ ਪ੍ਰੀਤ ਹਮੇਂ ਅਤਿ ਭਾਰੀ।

ਹਮ ਹਿਤ ਤੁਮਨੇ ਘਰ ਬਾਰ ਤਜੇ,
ਤਜਿਆ ਪਿਤਾ ਬੰਧਪ ਸੁਤ ਨਾਰੀ
ਧਨ ਦੌਲਤ ਮਾਲ ਖਜਾਨਾ ਤਜਾ,
ਤਜਿਆ ਘਰ ਬਾਰ ਜ਼ਮੀਨ ਲਗਾਰੀ।
ਤੁਮਹੋ ਮੇਰੇ ਮੈਂ ਹੂੰ ਤੁਮਰਾ, ।
ਇਸ ਮੈਂ ਕਛੁ ਭੇਦ ਨਹੀਂ ਹੈ ਟਾਰੀ

॥ ਦਵੈਯਾ ॥

ਜੈਸੇ ਤੁਮਨੇ ਮੇਰੀ ਖਾਤਰ ਸਭ ਕੁਰਬਾਨ ਕਰਾਯਾ।
ਤੈਸੇ ਤੁਮ ਮੇਰੇ ਧਨ ਮਨ ਹੋ ਗੁਰੂ ਜੀ ਇਹ ਫਰਮਾਯਾ।
ਜਾਨ ਮਾਲ ਸਭ ਤੁਹਾਡੀ ਖਾਤਰ ਮੈਂ ਦੇਵਾਂਗਾ ਵਾਰੀ।
ਜੋ ਹਾਜ਼ਰ ਸੋ ਤੁਮਰੀ ਖਾਤਰ ਰਖਾਂ ਨਾਂ ਕੋਈ ਲੁਕਾਰੀ।
ਹਥਜੋੜ ਸਿਖਾਂ ਅਰਜ਼ਜੋ ਕੀਤੀ ਹੈਸਤਿਗੁਰਜੀ ਪਿਆਰੇ।
ਹਮ ਕੁਰਬਾਨ ਤੁਮਾਰੇ ਊਪਰ ਰਖਾਂ ਨਾਂ ਕੁਛ ਲੁਕਾਰੇ।
ਪੁਤ੍ਰ ਕਬੀਲਾ ਸਭ ਕੁਛ ਛਡਿਆ ਤੇਰੀ ਖਾਤਰ ਗੁਰੂ ਜੀ।
ਤੂੰ ਗੁਰ ਸਚਾ ਸਾਡਾ ਸਤਗੁਰ ਰਹਾਂ ਗੇ ਤੇਰੀ ਮਰਜ਼ੀ।
ਸਚਾ ਮਾਤਾ ਪਿਤਾ ਤੂੰ ਸਾਡਾ, ਪੁਤ੍ਰ ਅਸੀਂ ਹਾਂ ਤੇਰੇ।
ਜਾਨ ਮਾਲ ਸਭ ਹਾਜ਼ਰ ਕਰਸਾਂ ਰਖਾਂ ਨਾ ਕੁਛ ਲਕੋਰੇ।
ਤਦ ਸਤਿਗੁਰਨੇ ਹਸਕੇ ਆਖਿਆ ਧੂਹ ਮਿਆਨੋਂ ਕਢੀ।
ਨੰਗੀ ਫੜ ਤਲਵਾਰ ਗੁਰੂ ਨੇ ਇਹ ਗਲ ਮੂੰਹੋਂ ਕਢੀ।
ਇਕ ਸਿਖ ਦਾ ਸਿਰ ਚਾਹੀਏ ਹਮਕੋ ਦੇਵੇ ਕੋਈ ਪਿਆਰਾ।
ਸੁਣਕੇਂ ਚੁਪਦੀਵਾਨਸਭ ਹੋਇਆਵਰਤਿਆਇਹਕੀ ਕਾਰਾ।
ਆਪੋ ਵਿਚੀ ਸੈਨਤ ਕਰਦੇ ਮੂੰਹ ਤੋਂ ਕੋਈ ਨ ਬੋਲੇ।
ਫਿਰਸਤਿਗੁਰਜੀ ਉਚੀਬੋਲਕੇ ਇਹ ਬਚਨ ਗੁਰੂਨੇ ਬੋਲੇ।
ਹੈ ਕੋਈ ਗੁਰੂ ਦਾ ਸਿਖ ਪਿਆਰਾ ਧਰਮ ਦੀ ਖਾਤਰ ਆਵੇ।
ਸੀਸ ਲੋੜ ਇਕ ਚਾਹੀਏ ਪਿਆਰੇ ਬਲੀਦਾਨ ਕਰਵਾਵੇ।
ਤਬਲਾਹੌਰਤਾਖਤਰੀ ਸਿਖਇਕ ਹਥਜੋੜਅਰਜ ਗੁਜਾਰਾਂ।
ਮੈਂ ਤੇਰਾ ਹਾਂ ਬਰਦਾ ਗੁਰੂ ਜੀ ਟੁਕੜੇ ਕਰੋ ਹਜਾਰਾਂ।

ਲਾਹੌਰ ਦੇ ਦਯਾ ਰਾਮ ਖਤਰੀ ਨੇ ਅਰਜ਼ ਕੀਤੀ ਸਚੇ ਪਾਤਸ਼ਾਹ, ਮੇਰਾ ਸਿਰ ਹਾਜ਼ਰ ਹੈ, ਕਲਗੀਧਰ ਜੀ ਬਾਹੋਂ ਪਕੜਕੇ

ਤੰਬੂ ਅੰਦਰ ਲੈ ਗਏ ਚੌਂਕੀ ਪੁਰ ਬਠਾਯਾ ਤੇ ਇਕ ਬਕਰਾ ਝਟਵਾਯਾ। ਅਤ ਲਹੂਦੀ ਭਰੀ ਤਲਵਾਰ ਹਥ ਵਿਚ ਲੈਕਰ ਬਾਹਰ ਆਏ, ਤੇ ਬਚਨ ਕੀਤਾ ਕੋਈ ਐਸਾ ਸਿਖ ਹੈ ਜੋ ਸਿਰ ਦੇਵੇ ॥

"ਪਹਿਲਾ ਮਰਣ ਕਬੂਲ ਕਰ,
ਜੀਵਣ ਕੀ ਛਡਿ ਆਸ।
ਹੋਹੁ ਸਗਲ ਕੀ ਰੇਣਕਾ,
ਤਉ ਆਉ ਹਮਾਰੇ ਪਾਸ॥"
(ਵਾਰ ਡਖਨੇ ਸਲੋਕ ੨੩)

ਤਾਂ ਹਸਤਨਾ ਪੁਰ ਨਿਵਾਸੀ ਧਰਮ ਚੰਦ ਜਟ ਸਿਖ ਦੀਵਾਨ ਵਿਚੋਂ ਉਠਕੇ ਆਯਾ, ਅਰ ਚਰਨਾਂ ਅਗੇ ਸੀਸ ਰਖਯਾ, ਇਸਨੂੰ ਗੁਰੂ ਸਾਹਿਬ ਨੇ ਅੰਦਰ ਲਿਜਾਕੇ ਚੌਕੀ ਪਰ ਬਠਾਯਾ ਅਰ ਦੂਸਰਾ ਬਕਰਾ ਝਟਕਾਯਾ ਜਦ ਸੰਗਤ ਨੇ ਲਹੂ ਵਗਦਾ ਬਾਹਰ ਡਿਠਾ ਤਾਂ ਸੰਗਤ ਹੋਰ ਘਬਰਾਈ ਇਤਨੇ ਵਿਚ ਗੁਰੂ ਜੀ ਲਹੂ ਭਰੀ ਤਲਵਾਰ ਲੈਕਰ ਬਾਹਰ ਆਏ ਤੇ ਇਕ ਸਿਰ ਹੋਰ ਮੰਗਿਆ ਤਾਂ ਸੰਗਤ ਦਾ ਦਿਲ ਹੋਰ ਕੰਬਿਆ ਕਈਆਂ ਦੀ ਛਾਤੀ ਧੜਕਣ ਲਗੀ। ਕਈਆਂ ਦੇ ਕਲੇਜੇ ਕੰਬ ਉਠੇ ਤਾਂ ਗੁਰੂ ਜੀ ਬਚਨ ਕੀਤਾ:—

ਜੇ ਤਉ ਪ੍ਰੇਮ ਖੇਲਨ ਕਾ ਚਾਉ।
ਸਿਰਧਰ ਤਲੀ ਗਲੀ ਮੇਰੀ ਆਉ।
ਇਤ ਮਾਰਗ ਪੈਰ ਧਰੀਜੈ।
ਸਿਰ ਦੀਜੈ ਕਾਣ ਨ ਕੀਜੈ॥"

ਕਈ ਦੀਵਾਨ ਵਿਚੋਂ ਉਠਕੇ ਚਲੇ ਗਏ, ਕੋਈ ਕੁਛ ਕਹੇ ਦੇਖੋ ਪਰੇਮ ਨਾਲ ਸੰਗਤਾਂ ਦੂਰੋ ਦੂਰੋ ਆਈਆਂ ਹਨ ਇਹਮਾਰੀ ਜਾਂਦੇ

ਹਨ। ਪਰ ਤੀਜਾ ਇਕ ਦਵਾਰਕਾ ਜੀਦੇ ਰਹਿਨ ਵਾਲਾ ਮੋਹਕਮ ਚੰਦ ਜ਼ਾਤ ਦਾ ਛੀਂਬਾ ਉਠਿਆ। ਇਸਨੇ ਸਿਰ ਭੇਟ ਕੀਤਾ। ਏਸੇ ਤਰਾਂ ਚੌਥੇ ਅਤੇ ਪੰਜਵੇਂ ਸਿਖ ਨੇ ਸਿਰ ਭੇਟਾ ਕੀਤਾ—

"ਕਬੀਰ 'ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ।
ਰਾਮ ਕਸਉਟੀ ਸੋ ਸਹੈ ਜੋ ਮਰ ਜੀਵੜਾ ਹੋਇ॥"

ਇਸ ਵੈਸਾਖੀ ਦੇ ਸ਼ੁਭ ਦਿਹਾੜੇ ਸ੍ਰੀ ਗੁਰੂ ਦਸਮੇਸ਼ ਪਿਤਾ ਨੇ ਗੁਰ ਸਿਖੀ ਦਾ ਜਹਾਜ ਰਚਿਆ ਅਰ ਪੰਜਾਂ ਪਿਆਰਿਆਂ ਨੂੰ ਨਾਲ ਲੇਕਰ ਤੰਬੂਆਂ ਤੋਂ ਬਾਹਰ ਆਏ, ਤਾਂ ਸਭ ਹੈਰਾਨ ਹੋ ਗਏ ਸਿੰਘਾਸਨ ਪਰ ਆਪ ਬੈਠੇ ਅਰ ਪੰਜਾਂ ਪਿਆਰਿਆਂ ਨੂੰ ਇਸ਼ਨਾਨ ਕਰਾਕੇ ਨਵੀਨ ਬਸਤ੍ਰ ਪੈਹਰਾਏ, ਸ਼ਸਤ੍ਰਾਂ ਦਾ ਕਮਰ ਕਸਾ ਕਟ-ਵਾਇਆ ਆਗਿਆ ਕੀਤੀ ਜੋ ਤੁਸੀਂ ਸਿਰਦੇ ਚੁਕੇ ਹੋ ਤਾਂਤੇ ਤਨ,ਧਨ, ਮਨ ਸਭ ਗੁਰੂ ਕਾ ਹੈ ਸੰਸਾਰ ਵਲੋਂ ਮਰਕੇ ਗੁਰੂ ਕੇ ਘਰ ਜਨਮੇ ਹੋ ਤਾਂਤੇ ਸਚਾਈ ਤੇ ਪਰਉਪਕਾਰ ਹਿਤ ਅਪਨਾ ਜੀਵਨ ਅਰਪਨ ਕਰੋ ਸੋ ਦੋਨੋ ਹਥ ਜੋੜ ਗੁਰੂ ਜੀ ਦੇ ਸਨਮੁਖ ਹੋਏ ਅਰ ਆਗਿਆ ਗੁਰਾਂ ਦੀ ਮੰਨੀ। ਤਾਂ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ॥

**'ਹਰਿ ਸਚੇ ਤਖਤ ਰਚਾਯਾ ਸਤ ਸੰਗਤ ਮੇਲਾ।**
**ਨਾਨਕਨਿਰਭਉ ਨਿਰੰਕਾਰ ਵਿਚਸਿਧਾਂ ਖੇਲਾ।**
**ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।**
**ਪੀਓ ਪਾਹੁਲ ਖੰਡ ਧਾਰ ਹੋਇ ਜਨਮ ਸੁਹੇਲਾ'॥**

ਪੁਨਾ—

ਓਹ ਗੁਰਗੋਬਿੰਦ ਹੋਇਪ੍ਰਗਟਿਆ ਦਸਵਾਂ ਅਵਤਾਰਾ।
ਜਿਨ ਅਲਖ ਅਪਾਰ ਨਿਰੰਜਨਾ ਜਪਿਆ ਕਰਤਾਰਾ।
ਨਿਜ ਪੰਥ ਚਲਾਯੋ ਖਾਲਸਾ ਧਰ ਤੇਜ ਕਰਾਰ।
ਸਿਰ ਕੇਸ ਧਾਰ ਗਹਿ ਖੜਗ ਦੇ ਸਭ ਦੁਸ਼ਟ ਪਛਾਰਾ।

ਸੀਲ ਜਤ ਕੋ ਕਛੁ ਪਹਿਰ ਪਕੜੋ ਹਥਿਆਰਾ।
ਸਚ ਫਤਹ ਬੁਲਾਈ ਗੁਰੂ ਕੀ ਜੀਤਯੋ ਰਨ ਭਾਰਾ।
ਸਭ ਦੈਤ ਅਰਿਨ ਕੋ ਘੇਰ ਕਰਿ ਕੀਓ ਪਰਿਹਾਰਾ।
ਤਬਸਹਿਜੇਪ੍ਰਗਟਿਓ ਜਗਤਮਹਿ ਗੁਰਜਾਪ ਅਪਾਰਾ।
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।
ਤੁਰਕ ਦੁਸ਼ਟ ਸਭ ਛੈ ਕੀਏ ਹਰਿ ਨਾਮ ਅਪਾਰਾ।
ਤਿਨ ਅਗੈ ਕੋਇ ਨ ਠਹਿਰਿਓ ਭਾਜੇ ਸਰਦਾਰਾ।
ਤਹਿ ਰਾਜੇ ਸ਼ਾਹਿ ਅਮੀਰੜੇ ਹੋਏ ਸਭ ਛਾਰਾ।
ਫਿਰ ਸੁਨਕਰ ਐਸੀ ਧਮਕ ਕਉ ਕਾਂਪੇ ਗਿਰ ਭਾਰਾ।
ਤਬ ਸਭ ਧਰਤੀ ਹਲ ਚਲ ਭਈ ਛਾਡੇ ਘਰ ਬਾਰਾ।
ਇਉਂ ਐਸੇ ਦੁੰਦ ਕਲੇਸ਼ ਮਹਿ ਖਪਿਓ ਸੰਸਾਰਾ।
ਤਹਿ ਬਿਨ ਸਤਿਗੁਰ ਕੋਈ ਹੈ ਨਹੀਂ ਭੈ ਕਾਟਨ ਹਾਰਾ।
ਗਹਿ ਐਸੇ ਖੜਗ ਦਿਖਾਈਐ ਕੋ ਸਕੇ ਨ ਝੇਲਾ।
ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਜਿਨਾਂ ਨੇ ਇਹ ਅੰਮ੍ਰਿਤ ਛਕਿਆ ਹੈ ਓਨਾਂ ਨੇ ਤਨ, ਮਨ, ਧਨ, ਸਭ ਗੁਰੂ ਕੇ ਅਰਪਣ ਕਰ ਦਿਤਾ ਹੈ ਕੇਸ ਧਰਕੇ ਅਨੇਕਾਂ ਨੇ ਅਪਣੇ ਸਿਰ ਕਟਵਾਏ, ਪਰ ਕੇਸ ਨਹੀਂ ਉਤਰਵਾਏ। ਪੁਠੀਆਂ ਖਲਾਂ ਲਹਾਈਆਂ ਅਨੇਕਾਂ ਦੇ ਸਿਰਾਂ ਦਾ ਚਮੜਾ ਰੰਬੀਆਂ ਨਾਲ ਲਾਹਿਆ ਮਗਰ ਓਨਾਂ ਨੇ ਧਰਮ ਨਹੀਂ ਹਾਰਿਆ ਆਪਨੇ ਸਰੀਰ ਦੇ ਬੰਦ ਬੰਦ ਜੁਦਾ ਕਰਾਏ ਪਰੰਤੂ ਖੰਡੇ ਦੇ ਅੰਮ੍ਰਿਤ ਵਿਚ ਇਹ ਸ਼ਕਤੀ ਸੀ ਜੋ ਧਰਮ ਨਹੀਂ ਹਾਰਿਆ ॥

ਜਿਸ ਵੇਲੇ ਗੁਰੂ ਜੀ ਅੰਮ੍ਰਿਤ ਤਿਆਰ ਕਰ ਰਹੇ ਸੀ ਤਾਂ ਮਾਤਾ ਜੀ ਤਤ ਛਿਨ ਝੋਲੀ ਵਿਚ ਪਤਾਸੇ ਲੈਕਰ ਆਈ ਅਰ ਅੰਮ੍ਰਿਤ ਵਿਚ ਪਾਇ ਦਿਤੇ ਅਰ ਆਪ ਅੰਦਰ ਚਲੀ ਗਈ ਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ ਜੋ ਮਾਤਾ ਨੇ ਖਾਲਸਾ ਜਾਨਕੇ ਮਠੇਸ ਪਾ ਦਿਤੀ ਹੈ। ਕਿਉਂਕਿ ਅੰਮ੍ਰਿਤ ਤਿਆਰ ਕਰਦਿਆਂ ਇਕ ਚੁਲਾ ਰਖਲਿਆ ਸੀ ਉਸ ਵਿਚੋਂ ੨ ਚਿੜਿਆਂ ਨੇ ਪੀਤਾ ਜੋ ਪੀਂਦਿਆਂ ਹੀ ਘੋਰ ਜੁਧ ਕਰਨ ਲਗੇ ਉਤਨਾਂ ਚਿਰ ਹਟੇ ਨਹੀਂ

ਜਿਤਨਾ ਫਿਰ ਉਨਾਂ ਵਿਚ ਪਾਨ ਰਹੇ ॥

ਇਸੇਤੂੰ ਖਾਲਸਾ ਜੀ ਨੇ ਲੜ ਮਰਨਾ ਸੀ ਪਰ ਮਾਤਾ ਜੀ ਨੇ ਮਿਠੰਸ ਪਾਕੇ ਨਿੰਮ੍ਰਤਾ ਦਾ ਬੀਜ ਬੋਇਆਂ ਹੁਣ ਗੁਰੂ ਸਾਹਿਬ ਨੇ ਆਪਣੇ ਸਨਖ ਸੁਖੜੇ ਕਰਕੇ ਪਹਿਲੇ ਸ੍ਰੀ ਜਪੁਜੀ ਸਾਹਿਬ ਦੀ ਦੀ ਪ੍ਰਿਥਮ ਪਉੜੀ ਦਾ ਪਾਠ ਤਿਨ੍ਹਾਂ ਤੋਂ ਕਰਾਇਆ। ਪੰਜ ਵੇਰ ਕਰਾਕੇ ਪੰਜ ਚੁਲੇ ਛਕਵਾ ਪੰਜ ਛਟੇ ਨੇਤ੍ਰਾਂ ਪੁਰ ਲਾਏ। ਪੰਜ ਕੇਸਾਂ ਵਿਚ ਪਾਇ ਗੁਰਮੰਤ੍ਰ ਹਾਲ ਨਾਲ ਬੋਲ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤਹ। ਉਪਰੰਤ ਆਦਿ ਪਉੜੀ ਤਿਨਾਂ ਦੇ ਜਨਮ ਅਸਥਾਨ ਪੁਛਕੇ ਪਹਿਲੇ ਦਾ ਨਾਮ ਦਯਾ ਸਿੰਘ ਦੂਜੇ ਦਾ ਨਾਮ ਧਰਮ ਸਿੰਘ ਤੀਜੇ ਦਾ ਨਾਮ ਮੁਹਕਮ ਸਿੰਘ ਚਉਥੇ ਦਾ ਨਾਮ ਸਾਹਿਬ ਸਿੰਘ ਅਤੇ ਪੰਜਵੇਂ ਦਾ ਨਾਮ ਹਿੰਮਤ ਸਿੰਘ ਰਖਿਆ ਅਰ ਜਨਮ ਪਟਣਾ ਸਾਹਿਬ ਦਾ ਵਾਸੀ ਅਨੰਦਪੁਰ ਦੀ ਕੇਹਣੀ ਸੋਢ ਬੰਸ ਖਾਲਸਾ ਬਨਾਇਆ ਅਪਨੀ ਜੋਤ ਪ੍ਰਦਾਨ ਕਰਕੇ ਆਪ ਪ੍ਰਧਾਨ ਨਿਜ ਰੂਪ ਕੀਤਾ ਅਰ ਰਹਿਤਾਂ ਰੀਤਾਂ ਦਸੀਆਂ। ਮੀਨੈਂ ਮਸੰਦ ਧੀਰ ਮਲੀਏ ਰਾਮਰਾਈਆਂ ਸਿਰ ਗੁੰਮ ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਕਰਨਾ। ਨੜੀ ਮਾਰ ਕੁੜੀ ਮਾਰ ਦੀ ਸੰਗਤ ਨਹੀਂ ਕਰਨੀ। ਜੂਠਾ ਝੂਠਾ ਜੂਆ ਪਰਧਨ ਇਸਤ੍ਰੀ ਦਾ ਤਿਆਗ ਰਖਨਾ ਸੂਹਾ ਰੰਗ ਨਹੀਂ ਪੈਹਰਨਾ। ਚਾਰ ਕੁਰਹਿਤਾਂ ਨਹੀਂ ਕਰਨੀਆਂ ਅਰਥਾਤ ਕੇਸ ਉਤਾਰਨੇ, ਬਿਖਿਆ (ਯਾਨੇ ਹੁਕਾ) ਪੀਨਾ, ਮੁਸਲੀ ਭੋਗ ਕੁਠਾ ਖਾਣਾ ਇਹ ਚਾਰ ਕੁਰੈਹਤਾਂ ਨਹੀਂ ਕਰਨੀਆਂ। ਕੇਸ ੧, ਕਛ ੨, ਕ੍ਰਿਪਾਨ ੩, ਕੜਾ ੪, ਕੰਘਾ ੫, ਇਹ ਪੰਜ ਕਕੇ ਸਦਾ ਧਾਰਨ ਕਰਨੇ। ਇਨਾਂ ਦਾ ਵਿਸਾਹ ਨਹੀਂ ਕਰਨਾ ਤੁਹਾਡੀ ਦੇਗ-ਤੇਗ ਫਤਹ ਹੋਵੇਗੀ ॥

॥ ਦੋਹਰਾ ॥

ਤੀਖਨ ਧਾਰ ਜੁ ਸਾਰ ਦੀ ਤੁਤਨਾ ਤਿਸ ਪਰ ਐਸ।
ਤਿਉਂ ਗੁਰ ਸਿਖ ਸਦਾਉਨਾ ਦੁਤਗਮ ਅਹੈ ਹਮੇਸ਼।

ਸੋ ਹੇ ਸਿਖੋ! ਇਸ ਸਿਖੀ ਤੇ ਚਲਨਾ ਬੜਾ ਕਠਨ ਹ ਭਾਈ ਗੁਰਦਾਸ ਜੀਨੇ ਭੀ ਆਖਿਆ ਹੈ:-

ਵਾਲਹੁ ਨਿਕੀ ਆਖੀਅਹਿ ਖੰਡੇ ਧਾਰਹੁ ਸੁਣੀਐ ਤਿਖੀ।
ਆਖਣ ਆਪ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
ਗੁਰਮੁਖ ਪੰਥ ਵਖਾਣੀਐ ਅਪੜ ਨ ਸਕੈ ਇਕਤ ਵਿਖੀ।
ਸਿਲਾ ਅਲੂਨੀ ਚਟਨੀ ਤੁਲ ਨ ਲਖਯ ਅਖਿਆ ਰਸ ਤਿਖੀ।
ਗੁਰਮੁਖ ਸੁਖ ਫਲ ਪਾਇਆ ਤਾਹਿ ਭਗਤ ਵਿਰਲੀ ਸੋ ਬਹਿਖੀ।
ਸਤਿਗੁਰ ਤੁਠੇ ਪਾਈਐ ਸਾਧ ਸੰਗਤ ਗੁਰਮਤ ਸੋ ਸਿਖੀ।
ਚਾਰ ਪਦਾਰਥ ਭਿਖਕ ਭਿਖੀ॥

ਅੰਮ੍ਰਿਤ ਵੇਲੇ ਜਾਪ ਜਪਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ, ਰਾਤ ਨੂੰ ਰਹਿਰਾਸ ਕੀਰਤਨ ਸੋਹਲਾ ਪੜ੍ਹਨਾ, ਵੰਡ ਕੇ ਛਕਣਾ, ਮਲੇਛਾਂ ਦਾ ਵਿਸਾਹ ਨਹੀਂ ਕਰਨਾ ਤੁਹਾਡਾ ਨਵਾਂ ਜਨਮ ਗੁਰੂ ਕੇ ਘਰ ਹੋਇਆ ਹੈ॥

ਸਤਿਗੁਰਾਂ ਨੇ ਪੰਜਾਂ ਪਿਆਰਿਆਂ ਦਾ ਨਾਮ ਪ੍ਰਸਿਧ ਕੀਤਾ ਅਰ ਤਿਨਾਂ ਤੇ ਆਪ ਅੰਮ੍ਰਿਤ ਛਕਕੇ ਰੀਤ ਚਲਾਈ ਅਤੇ ਦਯਾ ਸਿੰਘ ਜੀ ਤੋਂ ਸਾਹਿਬ ਜਾਦਿਆਂ ਨੂੰ ਅੰਮ੍ਰਿਤ ਛਕਾਯਾ॥

ਇਨ੍ਹਾਂ ਪੰਜਾਂ ਤੇ ਚਾਲੀ ਮੁਕਤੇ ਸਿੰਘ ਹੋਏ ਇਨਾਂ ਤੇ ਹਜ਼ਾਰਾਂ ਹਜ਼ਾਰਾਂ ਤੇ ਲਖਾਂ ਇਹ ਖਾਲਸਾ ਪੰਥ ਸ਼ੁਭ ਦਿਹਾੜੇ ਵਿਸਾਖੀ ੧੭੫੬ ਬਿ: ਨੂੰ ਪ੍ਰਗਟਿਆ ਇਸ ਕਰਕੇ ਵਿਸਾਖੀ ਦਾ ਗੁਰਪੁਰਬ ਮਨਾਇਆ ਜਾਂਦਾ ਹੈ॥

"ਕਹਿ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤ ਜਹਿ ਜਾਨੀ"।

## ਬਾਬਾ ਫਤਹ ਸਿੰਘ ਜੀ ਨੇ ਅਕਾਲੀ ਸਿੰਘ ਪੈਦਾ ਕਰਨੇ

ਇਕ ਦਿਨ ਬਾਬਾ ਫਤਹ ਸਿੰਘ ਜੀ ਸਾਹਿਬ ਜਾਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੁਤੇ ਸਿਧ ਹੀ ਕਾਲੀ ਦਸਤਾਰ ਕਾਲੇ ਵਸਤ੍ਰ ਬਹਿਰ ਹਥਿਆਰ ਸ਼ਸਤ੍ਰ ਸਜਾ ਖੰਡਾ ਫੜਕੇ ਹਥ ਵਿਚ ਆਇ

ਖਲੋਤੇ ਅਰ ਬਹੁਤ ਸਾਰੇ ਬਾਲਕਾਂ ਨੂੰ ਭੀ ਇਸੇਤ੍ਰਾਂ ਬਸਤ੍ਰ ਸ਼ਸਤ੍ਰ ਪਵਾਏ, ਪਲਟਨ ਬਣਾਕੇ ਲੈ ਆਏ ਅਰ ਮੁਖ ਤੋਂ ਜੈਕਾਰੇ ਗਜਾਏ

## ਜੋ ਬੋਲੇ ਸੋ ਨਿਹਾਲ।

## ਸਤਿ ਸ੍ਰੀ ਅਕਾਲ।

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਸਰੂਪ ਵੇਖਕੇ ਬਹੁਤ ਖੁਸ਼ ਹੋਏ ਅਰ ਬਚਨ ਕੀਤਾ ਕਿ ਤੇਰਾ ਪੰਥ ਭੀ ਬੜਾ ਚਲੇਗਾ ਅਰ ਇਸੇਤਰਾਂ ਦੇ ਅਕਾਲੀ ਪੰਥ ਤੋਰਨ ਦਾ ਗੁਰੂ ਜੀ ਨੇ ਹੁਕਮ ਕੀਤਾ। ਸੋ ਓਨਾਂ ਨੇ ਨਿਹੰਗ ਸਿੰਘਾਂ (ਅਕਾਲੀਆਂ) ਦਾ ਪੰਥ ਪ੍ਰਗਟ ਕੀਤਾ॥

॥ ਕਬਿਤ ॥

(ਸ੍ਰੀ ਗੁਰੂ ਪੰਥ ਪ੍ਰਕਾਸ਼ ਰਚਿਤ ਭਾਈ ਗਿਆਨ ਸਿੰਘ ਜੀ ਗਯਾਨ ਵਿਚ ਕਥਾ ਇਸ ਪ੍ਰਕਾਰ ਲਿਖੀ ਹੈ)

ਫਤਹ ਸਿੰਘ ਸਾਹਿਬਜਾਦਾ ਬਾਲਕੋਂ ਲੈ ਸੰਗ ਜ਼ਿਆਦਾ ਹੋਲ਼ੀਓਂ ਮੈਂ ਸ੍ਵਾਂਗ ਸਾਦਾ ਗੁਰੂ ਪਾਸ ਆਯੋ ਹੈ। ਜੀਟਣ ਸੀ ਲਕਕਛ ਦਸਤਾਰ ਊਚ ਅਛ ਸੋਟਾ ਮੋਟਾ ਕਾਂਧੇ ਸ੍ਵਛ ਬਸਨ ਸਜਾਯੋ ਹੈਂ। ਬੋਲੈ ਹੈਂ ਅਕਾਲ ਹੈਂ ਅਕਾਲ ਤੇਗ ਢਾਲ ਧਾਰੇ ਦੇਖਕੈ ਗੁਰੂ ਜੀ ਹਸ ਬਚਨ ਅਲਾਯੋ ਹੈ। ਥਾਰੋ ਪੰਥ ਚਲੈਗੋ ਬਿਸਾਲੈ ਜੰਗ ਆਲੈ ਮਾਲੈ ਸਿਦਕ ਅਕਾਲੇ ਕੋ ਅਕਾਲ ਬਿਧਤਾਯੋ ਹੈ॥ ੨੯॥ ਫੇਰ ਏਕ ਰੋਜ ਗੁਰੂ ਤੇਲ ਤਿਲ ਲੋਹਾ ਮਾਂਹ ਤੁਲਾ ਦਾਨ ਕਰ ਦੀਓ ਦ੍ਵਿਜ ਕੋ ਦਿਸਾਲੀ ਹੈ। ਦ੍ਵਾਰੇ ਪੈ ਭਿਖਾਰੇ ਥੇ ਭੰਗੇਰੇ ਜੋ ਘਨੇਰੇ ਸਿਖ ਬੂਝਯੋ ਤਿਨ ਬਿਪ ਲੀਏ ਜਾਤ ਕਿਉਂ ਉਤਾਲੀ ਹੈ। ਬੋਲਯੋ ਸਿਰ ਸਦਕ ਗੁਰੂ ਕਾ ਹਮ ਲੀਏ ਜਾਤ ਸਮਝਯੋ ਨ ਜਿਨੈ ਏਹ ਅਰਥ ਕਮਾਲੀ ਹੈ। ਛੀਨ ਲੀਨ ਦ੍ਵਿਜ ਦੀਨ ਹੋਇ ਗਯੋ ਗੁਰੂ ਪਾਸ ਸੁਨ ਗੁਰ ਬੋਲੇ ਭੋਲੇ ਸਿਖ ਇਹ ਅਕਾਲੀ ਹੈ॥ ੩੦॥ ਨੰਗ ਭੁਖ ਦਾਰਿਦ ਛਨਿਛਰ ਕੀ ਦਸ਼ਾ ਮੰਦ ਜਾਨ ਕਰ ਹਮ ਨਿਜ ਘਰੋਂ ਥੀ ਨਿਕਾਲੀ ਹੈ। ਸਮਝ ਸਬਰ ਬਿਨ ਜਬਰਨ ਰਾਖੀ ਇਨੈ ਰੈਹੈ ਅਬ ਇਨਹੀ ਮੈਂ ਸਦਾ ਇਹ ਚਾਲੀ ਹੈ। ਓਸੇ ਲੋਹੇ ਕੇਰ ਗੁਰ ਬਣਵਾਇ ਕਰਦ ਕੜੇ ਵੜੇ ਤੇਲ ਤਿਲਵਾਇ ਉਨਹੂੰ ਖਵਾਲੀ ਹੈ। ਨੀਲੇ ਥੇ ਬਸਨ ਜੇਊ ਪਹਿਰਾਏ

ਤਿਹ ਤੇਉ ਕਹਿਯੋ ਗੁਰ ਸਿਖ ਏਤੂ ਗੁਤੂਰ ਅਕਾਲਾ, ॥੩੧॥ ਬਾਣੀ
ਸਾਖੀ ਸੁਣ ਔਰ ਮਾਛੀਵਾੜੇ ਗੁਰੂ ਗੈਤ ਬੈਠੇ ਬਾਗ ਮਾਂਹਿ ਠਰ ਮਾਨ
ਸਿੰਘ ਆਇ ਹੈ। ਸੁਖਾ ਭੀਮ ਗੁਰੂ ਕੋ ਛਕਾਯੋ ਖੁਸ਼ ਥਾਯੋ ਮਨ ਦੇਖ
ਵਿਸ ਤਾਂਹਿ ਗੁਰ ਕਹਿਯੋ ਯੋ ਸੁਨਾਇ ਹੈ। ਜੈਸੀ ਤੇਰੀ ਦਸਤਾਰ ਊਚੀ
ਜੈਸੀ ਖੁਸ਼ੀ ਵਾਰ ਤੈਸੋ ਭੰਗ ਪੀਨ ਹਾਰ ਪੰਥ ਤੇਰੋ ਥਾਇ ਹੈ। ਤਬ
ਤੇ ਅਕਾਲੀ ਸਿੰਘ ਥਾਇ ਮਾਂਨ ਸਿੰਘ ਦੁਾਰਾ ਭਾਂਇ ਸੂਰਜ ਪ੍ਰਕਾਸ਼
ਮਾਹਿ ਲਿਖੀ ਇਹੋ ਵਾਲੀ ਹੈ ॥ ੩੨ ॥

॥ ਦੋਹਰਾ ॥

ਵਿਲ੍ਹੋ ਨਾਮ ਗ੍ਰਾਮ ਜਬ ਨੀਲ ਬਸਨ ਗੁਰ ਫਾੜ।
ਸਾੜੇ ਤਬ ਇਕ ਲੀਰ ਰਖ ਬਾਂਧੀ ਤੇਗ ਅਖਾੜ ॥ ੩੩
ਮਾਨ ਸਿੰਘ ਕੋ ਸੋ ਪੁਨਾ ਬਖਸ਼ੀ ਗੁਰ ਖੁਸ਼ ਥਾਇ।
ਇਸਤੈ ਚਾਲਿਓ ਪੰਥ ਇਹ ਕਹਿਤ ਸਿੰਘ ਇਸ ਭਾਇ ॥ ੩੪ ॥

॥ ਚੌਪਈ ॥

ਸਾਖੀ ਇਹ ਚਾਰ ਹਮ ਜੈਸੇ । ਸੁਨੀ ਖਿਖੀ ਲਿਖ ਦੀਨੀ ਤੈਸੇ
ਅੱਬ ਜੈਸੇ ਊਚੇ ਦਸਤਾਰੇ।ਸਾਜੇ ਤੈਸੇ ਚੋਰ ਦਿਖਾਰੇ
ਪਹਿਲੇ ਪੰਥ ਮਿਲਯੋ ਸਭ ਰਹਾ।
ਲਰ ਕਰ ਤੁਰਕਨ ਕਾਬਲ ਦਹਾ।
ਜਾਬੇ ਰਾਜ ਸਿੰਘਨ ਕਾ ਥੀਆਂ।
ਵਿਰਤ ਜਮਾਤੇ ਨਿਹੰਗਨ ਕੀਆ।
ਨੈਣਾ ਸਿੰਘ ਨਿਹੰਗ ਮਹੰਤ।
ਵਿਰਤ ਹੁਤੇ ਜਮਾਤ ਸੁਤੰਤ।
ਉਨ ਦਸਤਾਰਾ ਊਚ ਸਜਾਯੋ।
ਗੁਰੂ ਗ੍ਰੰਥ ਕਾ ਹੁਕਮ ਸੁਨਾਯੋ।
"ਗੁਰ ਪੰਚਮ ਜੀ ਬਚਨ ਸੰਭਾਲਾ।
ਮੇਰਾ ਗੁਰ ਸਿਖ ਊਚ ਦਮਾਲਾ"।
ਏਸ ਬਚਨ ਅਨੁਸਾਰ ਨਿਹੰਗ।
ਸਜਨ ਦਮਾਲੇ ਲਗੇ ਨਿਸ਼ੰਗ।

ਤਬਤੇ ਅਧਿਕ ਊਚ ਦਸਤਾਰੇ।
ਭਏ ਨਿਹੰਗਨ ਕੇਰ ਅਪਾਰੇ।
ਨੈਣਾ ਸਿੰਘੀਏ ਊਚ ਦਮਾਲੇ।
ਕਹਿਲਾਵਤ ਇਸ ਹੇਤ ਤ੍ਰਿਖਾਲੇ।
ਫੂਲਾ ਸਿੰਘ ਨਿਹੰਗ ਬਹਾਦਰ।
ਪ੍ਰਗਟਿਓ ਪੰਥ ਮਾਂਹਿ ਉਜਾਗਰ।
ਮਹਾਰਾਜ ਰਣਜੀਤ ਸਿੰਘ ਬਸੇਖੇ।
ਰਾਖਯੋ ਸਾਦਰ ਤਿਸੈ ਬਿਸੇਖੇ।
ਰਚ ਕਰ ਰਜਮਟ ਏਕ ਅਕਾਲ।
ਤਿਸਕੇ ਤਾਬੇ ਕਰੀ ਬਿਸਾਲ।
ਤਿਸਮੈ ਘੋੜ ਚੜੇ ਥੇ ਜੇਤੇ।
ਨਾਮ ਅਕਾਲੀ ਪ੍ਰਗਟੇ ਤੇਤੇ।
ਸਜਤੇ ਸਭੈ ਊਚ ਦਸਤਾਰੇ।
ਚਕ੍ਰ ਖੰਡੇ ਕਰਦ ਅਪਾਰੇ।
ਗਜਗਾਹੇ ਅਰ ਪੰਜੇ ਤੋੜੇ।
ਧਰਤੇ ਸ਼ਸਤ੍ਰ ਔਰ ਨ ਥੋੜੇ।
ਇਹ ਅਕਾਲ ਰਜਮਟ ਕੀ ਬਰਦੀ।
ਥੀ ਤਬ ਪ੍ਰਗਟ ਸੀ ਗੁਰ ਘਰਦੀ।
ਕਰ ਤੁਰਕਨ ਸੋ ਜੰਗ ਮਹੀਦ।
ਫੂਲਾ ਸਿੰਘ ਥਾ ਭਯੋ ਸ਼ਹੀਦ।
ਪੰਥ ਨਿਹੰਗਨ ਸਿੰਘਨ ਕੇਰਾ।
ਭਯੋ ਜੈਸ ਹਮ ਤੈਸੇ ਟੇਰਾ॥ ੩੫॥

॥ ਕਬਿਤ ॥

ਪੰਥ ਜਿਉਂ ਨਿਹੰਗਨ ਕਾ ਥੀਓ ਕਹਿ ਦੀਓ ਤੈਸੇ ਬਖਸ਼ਸ਼
ਗੁਰੂ ਕੀ ਦਿਖਾਦਈ ਬਿਸਾਲੀ ਹੈ। ਖਾਨ ਪਹਿਰਾਨ ਬੋਲ ਚਾਲ ਰੀਤ
ਇਨਹੂੰ ਕੀ ਔਰ ਸਭ ਸਿੰਘਨ ਔਰ ਜਗਤ ਤੇ ਨਿਰਾਲੀ ਹੈ। ਲੋਹੇ
ਸ਼ੀਰ ਖੇ ਹੈ ਤੇ ਹੰਢੇ ਹੈ ਲੋਹ ਰਹੈਂ ਰੋਹ ਭਰੇ ਡਰੇ ਕਾਹੂੰ ਤੇ ਨ ਮਰੇ
[illegible]ਰੇ ਖਿਆਲੀ ਹੈ। ਚਾਹਿਤ ਨ ਵਿਸ਼ੇ ਸਨਾਦ ਰਾਹਿਤ ਅਜ਼ਾਦ ਸਦਾ
ਤਤ ਬਠਿੰਡੇ ਬਾਦ ਸਿੰਘ ਧੇ ਅਕਾਲੀ ਹੈ॥ ੩੬॥ ਛੀਮ ਭੈਰ

ਪੋਸਤ ਕੇ ਦੋਸਤ ਹੈਂ ਭਾਰੇ ਪਿਆਰੇ ਆਲਸ ਨਿਖਾਲਸ ਜ਼ਗੀਰ ਭੂਖ ਨੰਗ ਹੈ। ਬਿਵਹਾਰ ਕਾਰ ਕੰਮ ਕਾਰ ਹੈਨ ਦਾਹਿ ਦੰਮ ਰੰਹਿਤ ਛਾਹਿ ਦੰਮ ਰਹਿਤ ਖੁਸ਼ਾਲ ਥੰਮ ਸ਼ਦਾ ਕੇ ਨਿਸ਼ੰਗ ਹੈ। ਮਰਾਯਾਦ ਬੇਦ ਨਾਹਿ ਕਾਤ ਵਰਨ ਭੇਦ ਨਾਂਹਿ ਮਾਨਤ ਨਖੇਦ ਯਾਹਿ ਦੀਓ ਕਾਹੂ ਰੰਗ ਹੈ। ਘੂਤ ਘਟ ਖੇਹੈਂ ਗੁਰਦ੍ਵਾਰਸ਼ੇ ਮੈਂ ਫਿਤ ਹੈਂ ਦੀਨ ਹੋਇ ਨ ਮੰਗੈਂ ਹੈਂ ਸਿੰਘ ਐਸੇ ਸੋ ਨਿਹੰਗ ਹੈਂ॥ ੩੭॥ ਔਰ ਕੋ ਭੇਖੀ ਭਾਨੈ ਆਪਕੇ ਅਲੇਖੀ ਮਾਨੈ ਸ਼ਰਾਕੇ ਸਪਾਹੀ ਰੂਪਵਾਰੇ ਭਾਤੇ ਰੰਗ ਹੈਂ। ਮੱਛ ਰਸ ਰੁਦ੍ਰ ਸਮੁੰਦਰ ਕੇ ਵੈ ਹੈ ਅੱਛ ਪਾਤ ਲਛ ਧਾਤ ਰਾਖਤ ਨਿਸ਼ੰਗ ਹੈਂ। ਮਾਨਤ ਅਕਾਲ ਏਕ ਔਰ ਕੀ ਨ ਰਾਖੈ ਟੇਕ ਅਬਿਵੇਕ ਕੇ ਬਿਵੇਕ ਜਾਨਤ ਸੁਰੰਗ ਹੈ। ਬਾਂਛਤ ਸਦੀਵ ਜੰਗ ਆਯੁਧ ਤੁਰੰਗ ਚੰਗ ਚੜਯੋ ਰੇਹੈ ਰੰਗ ਭੰਗ ਸਿੰਘ ਸੇ ਨਿਹੰਗ ਹੈਂ॥ ੩੮॥ ਪਾਲੀ ਹਿੰਦ ਹਤ ਮੰਦ ਧਰਮ ਕੀ ਬਿਹੱਦ ਜਹਾਂ ਗਾਲੀ ਜਦ ਦੁਜਨ ਕੀ ਰੱਦ ਕਰ ਡਾਲੀ ਹੈ। ਜਾਲੀ ਮੋਹ ਜਾਲੀ ਕਾਮ ਕੋਹ ਕੀ ਪਨਾਲੀ ਸਾਲੀ ਦੀਨਤਾ ਮਲੀਨਤਾ ਕਮੀਨਤਾ ਨਿਕਾਲੀ ਹੈ। ਘਾਲੀ ਹੈ ਸੋ ਭਾਰੀ ਘਾਲ ਤੀਨ ਕਾਲ ਗਿਆਨ, ਸੌਦਾ ਸੀਤਵਾਤ ਆਪਤ ਬਿਸਾਖੀ ਝਾਲ ਝਾਲੀ ਹੈ। ਟਾਲੀ ਹੈ ਗਲੀ ਹਤਾ ਅਨੰਦਤਾ ਨਿਹਾਲੀ ਬਹਾਲੀ ਪਾਸ ਟੇਰ ਤੇਲ ਵਾਲੀ ਸਿੰਘ ਗੁਰੂ ਕੇ ਅਕਾਲੀ ਹੈ॥ ੪੦॥ ਢਾਲੀ ਹੈ ਸੁ ਧਰਮ ਕੇ ਕਰਮ ਕੇ ਸੰਭਾਲੀ ਸਦ ਪਾਲੀ ਪੌਣ ਪਨਕੇ ਅਵਰਨ ਨਿਕਾਲੀ ਹੈ। ਨੇਕ ਸੇਵ ਹੀਤੈ ਸਭੈ ਦੇਵਤਾ ਕਮਾਲੀ ਕੀਜੈ ਰੀਜੈ ਦੇਤ ਭੋਗ ਪੀਜੈ ਮੋਖ ਤਤ ਕਾਲੀ ਹੈ। ਛਾਲੀ ਓਸ ਚੋਜਕੇ ਹੈਂ ਵਾਲੀ ਸੌਜ ਫੌਜ ਕੇ ਹੈਂ ਖਯਾਲੀ ਰੋਜ ਪੋਜਕੇ ਹੈਂ ਨੇਕ ਮਗ ਚਾਲੀ ਹੈ। ਸ੍ਰੀ ਗੁਰੂ ਗ੍ਰੰਥ ਕੇ ਔ ਪੰਥ ਕੇ ਪਿਆਰੇ ਭਾਰੇ ਹਯਾਨ ਸੋ ਕੇ ਦਤਾਰੇ ਸਿੰਘ ਕੇ ਦਤਾਰੇ ਸਿੰਘ ਯੇ ਅਕਾਲੀ ਹੈਂ॥ ੪੧॥

ਇਸ ਪ੍ਰਕਾਰ ਜੈਸੀ ਕਥਾ ਪੰਥ ਪ੍ਰਕਾਸ਼ ਵਿਚ ਲਿਖੀ ਹੈ ਵੈਸੀ ਹੀ ਏਥੇ ਲਿਖ ਦਿਤੀ ਹੈ। ਇਸ ਵਿਚ ੪ ਕਥਾ ਅਕਾਲੀਆਂ ਦੇ ਪ੍ਰਗਟ ਹੋਣਦੀਆਂ ਹਨ। ਅਰ ਸਾਬ ਹੀ ਗੁਰੂ ਦਸਮੇਸ਼ ਜੀਨੇ ਬਖਸ਼ਸ਼ ਕੀਤੀ ਹੈ ਅਰ ਖੁਸ਼ੀ ਨਾਲ ਅਕਾਲੀ ਪੰਥ ਦੇ ਪ੍ਰਗਟ ਹੋਣ ਦੀ ਆਗਿਆ ਦਿਤਾ ਹੈ॥

ਭਾਵੇਂ ਇਸ ਵਿਚ ਕੁਛ ਲਫਜ਼ ਇਤਰਾਜ਼ ਵਾਲੇ ਹਨ ਜੈਸਾ ਕਿ ਗੁਰੂ ਸਾਹਿਬ ਨੂੰ ਪੋਸਤ ਸੁਖੇ ਦਾ ਛਕਾਉਣਾ। ਮਗਰ ਇਹ ਬਾਤ ਉਸ ਵਲੇ ਦੇ ਨਿਹੰਗਾਂ ਸਿੰਘਾਂ ਦੀ ਜ਼ਬਾਨੀ ਲਿਖੀ ਹੈ ਜੋ ਉਸ ਵੇਲੇ ਨਿਹੰਗ ਸਿੰਘ ਸੁਖਾ ਸ਼ਰਦਾਈ ਛਕਦੇ ਹਨ ਅਸਲ ਵਿਚ ਗੁਰੂ ਸਾਹਿਬਾਂ ਨੇ ਅਮਲਾਂ ਦਾ ਨਿਖੇਧ ਕੀਤਾ ਹੈ। ਇਹ ਪ੍ਰਾਚੀਨ ਪ੍ਰਸੰਗ ਕਰਕੇ ਹੂ ਬਹੂ ਲਿਖ ਦਿਤਾ ਹੈ। ਗੁਰੂ ਜੀ ਇਸਤ੍ਰਾਂ ਭੰਗ ਦਾ ਨਿਖੇਧ ਕਰਦੇ ਹਨ। ਜਿਸ ਵੇਲੇ ਬਾਬਰ ਬਾਦਸ਼ਾਹ ਗੁਰੂ ਨਾਨਕ ਜੀ ਦੀ ਸ਼ਰਨ ਪਿਆ ਤਾਂ ਅਰਜ਼ ਕੀਤੀ ਸਚੇ ਪਾਤਸ਼ਾਹ ਭੰਗ ਪੀਉ ਤਾਂ ਗੁਰੂ ਜੀ ਆਖਿਆ:-

ਤਿਲੰਗ ਮਹਲਾ ੧

ਭਉ ਤੇਰਾ ਭਾਂਗ ਖਲੜੀ ਮੇਰਾ ਚੀਤ।
ਮੈਂ ਦੇਵਾਨਾ ਭਇਆ ਅਤੀਤ।
ਕਰ ਕਾਸਾ ਦਰਸ਼ਨ ਕੀ ਭੂਖ।
ਮੈਂ ਦਰ ਮਾਂਗਉ ਨੀਤਾ ਨੀਤ।
ਤਉ ਦਰਸ਼ਨ ਕੀ ਕਰਉ ਸਮਾਇ।
ਮੈਂ ਦਰ ਮਾਂਗਤ ਭੀਖਿਆ ਪਾਇ।
ਕੇਸੁਰ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜ੍ਹਣਾ।
ਚੰਦਨ ਭਗਤਾਂ ਜੋਤ ਇਸੇ ਹੀ ਸਰਬੇ ਪਰਮਲ ਕਰਣਾ।
ਘਿਅ ਪਟ ਭਾਂਡਾ ਕਹੇ ਨ ਕੋਇ।
ਐਸਾ ਭਗਤ ਵਰਣ ਮਹਿ ਹੋਇ।
ਤੇਰੇ ਨਾਮ ਕੀ ਨਿਵੇ ਰਹੇ ਲਾਇ।
ਨਾਨਕ ਤਿਨ ਦਰ ਭੀਖਿਆ ਪਾਇ।

ਪੁਨਾ-

ਪੋਸਤ ਭੰਗ ਅਫੀਮ ਅਰ ਉਤਰ ਜਾਤ ਪ੍ਰਭਾਤ।
ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥

(ਕਬੀਰ ਜੀ

ਭਾਗ ਮਾਜੂਲੀ ਸੁਰਾਪਾਨ ਜੋ ਜੋ ਪ੍ਰਾਨੀ ਖਾਂਹਿ।
ਵਰਤ ਕੇਮ ਤਿਨਕੇ ਕੀਏ ਸਭੀ ਰਸਾਤਲ ਜਾਹਿ।

ਇਸ ਪ੍ਰਕਾਰ ਗੁਰੂ ਜੀ ਕਦ ਉਪਦੇਸ਼ ਦੇ ਸਕਦੇ ਸਨ ਯਾਂ ਆਪ ਖਾ ਸਕਦੇ ਸਨ। ਇਹ ਸਿਰਫ ਨਿਹੰਗਾਂ ਦੀ ਜ਼ਬਾਨੀ ਹੀ ਗਯਾਨੀ ਜੀ ਨੇ ਲਿਖਿਆ ਹੈ ॥

## ਪ੍ਰਾਚੀਨ ਸਿੰਘਾਂ ਦੀ ਰਹਿਣੀ

(ਯਥਾ ਪੰਥ ਪ੍ਰਕਾਸ਼ ਅਧਯਾ ੬੪)

ਪਹਿਲੇ ਗੋਡਿਆਂ ਲੌ ਸੂਸੀ ਦੀ ਕਛਾ ਥੇ ਸਿੰਘ ਰਖਤੇ।
ਉਂਚੀ ਮੁਛਾਂ ਸਿਧੇ ਦਾਹੜੇ ਬਾਣੀ ਪੜਨ ਲੁਵਖਤੇ।
ਸਿੰਘ ਬਿਹੰਗਮ ਮੁਖੋਂ ਨ ਮੰਗਦੇ ਭਾਵੇਂ ਭੁਖੇ ਰਹਿੰਦੇ।
ਬੁਰੀ ਵਸਤ ਪੂਜਾ ਕੋ ਕਹਿਤੇ ਧਰਮ ਸਾਲ ਨ ਬਹਿੰਦੇ।
ਗੁਰ ਕੇ ਭਾਣੇ ਵਿਚ ਖੁਸ਼ ਰੈਂਹਦੇ ਧਰਮ ਕਿਰਤ ਕਰ ਖਾਤੇ।
ਪਿਤ ਮਿਤ ਸੁਣਕੇ ਮੋਰ ਸ਼ੋਕ ਨ ਕਰਤੇ ਖੁਸ਼ੀ ਮਨਾਤੇ।
ਮੜ੍ਹੀ ਮਸਾਣੀ ਥੜੇ ਦਿਵਾਲੇ ਸੀਸ ਨ ਕਾਂਹਿ ਝੁਕਾਤੇ।
ਰਾਮ ਰਾਮ ਸਲਾਮ ਨ ਰਟਤੇ ਗਜ ਕਰ ਫਤੇ ਗਜਾਤੇ।
ਪੱਖ ਸਿਖ ਕਾ ਸਿਖ ਕਰਤ ਅਸ ਸੀਸ ਦੇਨ ਲੌ ਜਾਤੇ।
ਇਨ੍ਹਾਂ ਆਨੰਦ ਪੜ੍ਹਾਏ ਤ੍ਰੀਮਤ ਕੇ ਨਹਿ ਮੰਗ ਛੁਹਾਤੇ।
ਹੁਤੇ ਸਿੰਘ ਸਭ ਹੀ ਸੰਤੋਖੀ ਗੁਰੂ ਬਿਹਾਰ ਨਿਬਾਹਤ।
ਮਤਸਰ ਕਰਤ ਨ ਕੋਇ ਕਾਂਹਿਮੈ ਜਤਸਤ ਹਠਤਪ ਚਾਹਿਤ।
ਆਪਸ ਮਹਿ ਪਿਆਰ ਸਭ ਰਖਤੇ ਜੈਸ ਸਹੋਦ੍ਰ ਭਾਈ॥
ਪੇਖ ਸਿੰਘ ਕੋ ਸਿੰਘ ਖੁਸ਼ੀ ਹ੍ਵੈ ਕਰੈਂ ਸੇਵ ਅਧਿਕਾਈ॥

॥ ਦੋਹਰਾ ॥

ਦਰਬ ਕਹੀਂ ਤੇ ਜੋ ਕੋਊ ਲਿਆਵੇ ਸਿੰਘ ਕਮਾਇ।
ਸੋ ਨਿਜ ਢਿਗ ਨਹਿ ਰਾਖਹੀ ਦੇਤ ਖਜਾਨੇ ਪਾਇ।

॥ ਚੌਪਈ ॥

ਅਸਨ ਬਸਨ ਜੇਤਕ ਬਰਤਾਰੇ।
ਮਿਲੈ ਖਜਾਨਿਓਂ ਲੇ ਮੁਦ ਭਾਰੇ।
ਹੁਤੀ ਰੀਤ ਸਿੰਘਨ ਕੀ ਤਬ ਯਹਿ।
ਦੁਇ ਦੁਇ ਕਛਾਂ ਸਤ ਲਘੁ ਰਹਿ।
ਖਦਰ ਚੌਸੀ ਕੇ ਦਸਤਾਰੇ।
ਸਾਫੇ ਉਤੇ ਹਜੂਰੀ ਭਾਰੇ।
ਇਕ ਇਕ ਭੂਰਾ ਗਾਤੀ ਹੋਤੈਂ।
ਦੂਸਰ ਭੂਰਾ ਸਭ ਕੰਮ ਦੇਤੈ।
ਇਸ ਤੇ ਅਧਿਕ ਨ ਰਖਤ ਕਦਾਹੀ।
ਰਹਿਤ ਭਜਨ ਮੇਂ ਲੀਨ ਸਦਾਹੀ।
ਪੇਟੀ ਚਿਲਤੇ ਟੋਪ ਮੰਜੇ ਥੇ।
ਬਸਤ੍ਰ ਮਨ ਮਨ ਸਤ ਢਿਗ ਹੋਤੇ।
ਕਦਾਵਰ ਥੇ ਬਲੀ ਅਪਾਰੇ।
ਹਮ ਉਨਕੀ ਇਕ ਸ਼ਕਤੀ ਨਿਹਾਰੀ।
ਉਨ ਸਿੰਘਨ ਕੇ ਸ਼ਸਤ੍ਰ ਜੋਈ।
ਆਹਿ ਪਰਖੇ ਅਬ ਹੀ ਕਿਤ ਕੋਈ।
ਸਾਂਗ ਢਾਲ ਸੰਜੋਇ ਆਹਨੀ।
ਤੇਗੇ ਤੋੜੇ ਦਾਰ ਵਾਹਿਨੀ।
ਜੁਆਨ ਜੁ ਐਸ ਜ਼ਮਾਨੇ ਕੈ ਹੈਂ।
ਤਿਨ ਕੋ ਕੋਊ ਚਲਾ ਨ ਸਕੈ ਹੈਂ।
ਇਸਤੇ ਪਰਾਕਰਮ ਉਨ ਕੇਰੇ।
ਸਹੀ ਹੋਤ ਹੈਂ ਅਤੀ ਬਧੇਰੇ।
ਹੁਤੇ ਸੁਭਾਵ ਪੰਥ ਕਾ ਤਬ ਯਹਿ।
ਲੂਟ ਮਾਰ ਤੈਂ ਜੋ ਕੁਛ ਮਿਲ ਜਾਹਿ।
ਜਥੇਦਾਰ ਕੋ ਲਿਆ ਸੋ ਦੇਤੇ।
ਜੋ ਵਹਿ ਦੇਤ ਬਰਤ ਸੋ ਲੇਤੇ।
ਅਤਿ ਸਧਿੜਾ ਮਤਸਰ ਨਾਂ ਰਖਤੇ।

ਬਲਕਿ ਦੂਸਰੇ ਕੋ ਦੈ ਖੁਸਥੇ।
ਗੁਰੂ ਰੂਪ ਲਖ ਖਾਲਸੈਂ।
ਟਹਿਲ ਕਮਾਤੇ ਏਕ ਚਾਲ ਸੈਂ।
ਜਵਾਂ ਮਰਦ ਥੇ ਸੂਰਬੀਰ ਅਤਿ।
ਸਤਵਾਦੀ ਇਤਕਾਦੀ ਗੁਰਮਤ।
ਕਾਮ ਪਰਤ ਥਾ ਜੋ ਕਛੁ ਕਬਹੀ।
ਕਰਤ ਗੁਰਮਤਾ ਮਿਲ ਕਰ ਸਭ ਹੀ।

**ਜਥੇਦਾਰ ਜੋ ਕੁਛ ਕਹਿ ਦੇਤਾ।**
**ਸੋਈ ਮਾਨ ਪੰਥ ਸਭ ਲੇਤਾ।**

ਤਨ ਮਨ ਧਨ ਸਭ ਗੁਰੁ ਕਾ ਲਖਤੇ।
ਦਾਈਏ ਸੀਸ ਦੇਨ ਲੌਂ ਰਖਤੇ।
ਸਿੰਘ ਮਿਲਨ ਜੋ ਨਿਜ ਘਰ ਜਾਵਤ।
ਆਵਤ ਔਰਹਿ ਸੰਗ ਲਿਆਵਤ।
ਲੋਗ ਦਾਰਿਦੀ ਕਾਇਰ ਜੇਥੇ।
ਧਾਮ ਕਾਮ ਕੇ ਜੋਰਨ ਜੇਥੇ।
ਸੋ ਭੀ ਆ ਜਬ ਸੁਧਾ ਛਕੰਤੇ।
ਸਧਾਰ ਸਸਨ ਬਿਕ ਸ਼ੇਰ ਭਵੰਤੇ॥

## ਖਾਲਸੇ ਜੀ ਦਾ ਖਾਨ ਪਾਨ ਰਹਿਣਾ ਬਹਿਣਾ

(ਅਧਿਆਇ ੭੪)

ਗਾਂਵ ਕਿਸੀ ਮੇਂ ਸੋ ਨ ਬਮੇ ਹੈਂ।
ਰਾਤ ਕਿਤੇ ਦਿਨ ਕਿਤੇ ਬਿਤੇ ਹੈਂ।
ਇਕ ਹੀ ਬਰਤਨ ਮੇਂ ਸਭ ਕਾਂਹੂ।
ਆਬਹਯਾਤ ਪਿਲਾਵਤ ਤਾਂਹੂ।
ਖਾਨਾਂ ਭੀ ਇਕਠੇ ਸਭ ਖੇ ਹੈਂ।

ਸਕ ਦੀਨ ਆਪਸ ਮੇਂ ਵੈ ਹੈਂ।
ਜਾਤ ਗੋਤ ਕੁਲ ਕਿਰਿਆ ਨਾਮ।
ਪਿਛਲੇ . ਸੋ ਤਜ ਦੇਤ ਤਮਾਮ।
ਜਦ ਕੋਈ ਮਜ਼ਬ ਇਨਾਂ ਥੋ ਲੈ ਹੈਂ।
ਵਾਹਿਗੁਰੂ ਜੀ ਕੀ ਫਤਹ ਗਜੈ ਹੈਂ।
ਖੁਸ ਹ੍ਵੈ ਹਲੂਆ ਬਾਟ ਦਿਵਾਈ।
ਗਾਵਤ ਗੀਤ ਸਭ ਬਾਂਟ ਲਾਈ।
ਪਿਛਲਾ ਭੇਸ ਦੇਤ ਉਤਰ ਹੈਂ।
ਕਛ ਕ੍ਰਿਪਾਨ ਕੇਸ ਰਖਵੈ ਹੈਂ।
ਇਕ ਅਕਾਲ ਕੀ ਕਰਤ ਬੰਦਗੀ।
ਸ਼ਸਤ੍ਰ ਵਿਦਿਆ ਬਹੁਤ ਪਸੰਦਗੀ।
ਨਾਮ ਸਿੰਘ ਬਨ ਮਜ਼ਬ ਖਾਲਸਾ।
ਛੋੜ ਦੇਤ ਸਭ ਜਗਤ ਜਾਲਸਾ।
ਸਿਰ ਪਰ ਚੱਕਰ ਕਰਦਾ ਤੋੜੇ।
ਔਰ ਸ਼ਸਤ੍ਰ ਰਖਤੇ ਨ ਥੋੜੇ।
ਪੇਟੀ ਟੋਪ ਸੰਜੋਇ ਖਿਰਾਨੇ।
ਮਨ ਮਨ ਲੋਹਾ ਰਖਤ ਮਹਾਨੇ।
ਫਿਰ ਭੀ ਦੌੜੇ ਦੇਤ ਨ ਡਾਹੈਂ।
ਬਨ ਮੇਂ ਮਿਰਗਨ ਸਮ ਧਸ ਜਾਹੈਂ।
ਧਾਵਾ ਮਾਰਤ ਕੋਸ ਪਚਾਸਕ।
ਲੋਹਿ ਲੜਾਈ ਕੇ ਸਭ ਆਸ਼ਕ।
ਪੀਠ . ਲਗਾਇਨ ਧਰ ਪਰ ਨੈ ਹੈ।
ਸੋਵਤ . ਫਿਰਦੇ ਤੁਰਦੇ ਖੈ ਹੈਂ।
ਖਟ ਰਸ ਕਾ ਵਹਿ ਸ੍ਵਾਦ ਨ ਜਾਨੈ।
ਕਪੜਾ ਔਰ ਨ ਤਨ ਪਰ ਠਾਨੈ।
ਇਕ ਸ਼ਸਤ੍ਰ ਇਕ ਚਾਹਤ ਲੜਾਈ।
ਪਯਾਰੀ ਔਰ ਵਸਤ ਨ ਕਾਈ।
ਗਰਮੀ ਸਰਦੀ ਏਕ ਸਮਾਨੈ।
ਜਬ ਕਛੁ ਤਿਆਰ ਕਰਤ ਹਿਤ ਖਾਨੈ।

ਦੇਤ ਅਵਾਜਾ ਭੂਖਾ ਕੋਈ।
ਆਓ ਦੇਗ ਤਿਆਰ ਗੁਰ ਹੋਈ।
ਉਸ ਸਮੇਂ ਬੈਰੀ ਕਿਨ ਆਵੇ।
ਪਰਮ ਮਾਤ ਸਮ ਤਾਂਹਿ ਛਕਾਵੈਂ।
ਬੈਰੀ ਮਿਤ੍ਰ ਕੋ ਸਮ ਐ ਹੈਂ।
ਖਾਤੇ ਸੁ ਪੀਛੇ ਖੁਦ ਖਾਂ ਲੈ ਹੈਂ+
ਨਿਹਤ ਲੰਗਰ ਮਸਤ ਬਤੈ ਹੈਂ।
ਚੈਨ ਰੈਨ ਦਿਨ ਕਿਤੇ ਨ ਲੈ ਹੈਂ।
ਮਰਤ ਇਨਕੋ ਹਮ ਥਕਗਏ।
ਏ ਨਿਤ ਦੂਣਤ ਜਾਤ ਹੈਂ ਨਏ।
ਮਰਨ ਮਾਰਨੋ ਨਹਨ ਡਰੇ ਹੈਂ।
ਮੌਤ ਚਰਾਗ ਪਤੰਗੇ ਪਰ ਹੈਂ।
ਚਾਹਤ ਨਿਸਦਿਨ ਲੈਣ ਸ਼ਹੀਦੀ।
ਟਰਤ ਨਰਣ ਤੈ ਹੋਕਰ ਗੀਦੀ।
ਸਾਥ ਦੀਨਕ ਹਜ਼ਾਰਨ ਲਰੇ ਹੈਂ।
ਟਾਰੇ ਟਰਤ ਨ ਮਾਰੇ ਮਰ ਹੈਂ।
ਬਲਕਿ ਜੁ ਦੀਨ ਹਮਾਰੇ ਆਵੈ।
ਮੌਕਾ ਪਾ ਫਿਰ ਇਨ ਮੈਂ ਜਾਵੈ।
ਤਿਸ ਕੋ ਭੀ ਇਹ ਛੁਧਾ ਛਕਾਇ।
ਲੇਤ ਮਜ਼ਬ ਮੈਂ ਤੁਰਤ ਰਲਾਇ।
ਮੁਰਸ਼ਦ ਇਨਕਾ ਵਲੀ ਭਯੋ ਹੈ।
ਇਨਕੋ ਆਬਹਯਾਤ ਦਯੋ ਹੈ।
ਗਜਬ ਅਸਰ ਤਿਸਕਾ ਹਮ ਦੇਖਾ।
ਬੁਜ਼ਦਿਲ ਹੋਵਤ ਸ਼ੇਰ ਵਿਸੇਖਾ।
ਕਾਂਨਨ ਕਾਹੂੰ ਕੀ ਇਹ ਰਾਖਤ।
ਸ਼ਹਿਨਸ਼ਾਹ ਖੁਦ ਹੀ ਕੋ ਭਾਖਤ।
ਔਰ ਸਭਨ ਕੋ ਜੀਵ ਚੁਰਾਸੀ।
ਮਾਨਤ ਆਪਨ ਤਈਂ ਅਬਿਨਾਸ਼ੀ।

ਤਤ ਖਾਲਸਾ ਗੁਰੂ ਕਾ ਜ਼ਾਹਰ।
ਕਹਿਤ ਚੁਰਾਸੀ ਤੈ ਹੈਂ ਬਾਹਰ।
ਹਿੰਦੂ ਅੰਨ੍ਹੇ ਤੁਰਕੂ ਕਾਣੇ।
ਸਿੰਘ ਗੁਰੂ ਕੇ ਸਭ ਤੇ ਸਿਆਣੇ।
ਬਾਤ ਬਾਤ ਮੈਂ ਇਹੋ ਅਲੈ ਹੈ।
ਜੋ ਗੁਰ ਕਰ ਹੈਂ ਸੋਈ ਹ੍ਵੈ ਹੈ।
ਦੁਖ ਸੁਖ ਵੀਚ ਨ ਹੋ ਨੁਕਸਾਨੈ।
ਭਾਨ ਗੁਰੂ ਕਾ ਖੁਸ਼ ਹੋ ਮਾਨੈਂ।

## ਖਾਲਸੇ ਅਪਣੇ ਦੇ ਬੋਲੇ

ਸਵਾ ਲਾਖ ਕਹਿ ਏਕ ਜਨੇ ਕੋ।
ਪਾਂਚ ਲਾਖ ਕਹਿ ਪਾਂਚ ਤਨੇ ਕੋ।
ਮਾਨਤ ਸੁਖ ਦੁਖ ਆਇ ਬਨੇ ਕੋ।
ਪੀਲੂੰ ਦਾਖ ਬਦਾਮ ਚਣੇ ਕੋ।
ਜੰਡ ਫਲੀ ਕੌ ਕੇਹਤ ਜਲੇਬੀ।
ਬੇਰਨ ਕੋ ਖੁਰਮੇ ਫੜ ਸੇਬੀ।
ਲਡੂ ਟੀਂਡ ਬਿਦਾਨਾ ਬਾਟਾ।
ਨਾਮ ਪਿਆਜ਼ ਕਾ ਰੁਪਾ ਠਾਟਾ।
ਪਾਣੀ ਕੋ ਪਰਸਾ ਪਰਪਾਕਾ।
ਲੰਗਰ ਮਸਤ ਬਤਾਵੈ ਵਾਕਾ।
ਰੀਜੇ ਦੋ ਕਲਗਾ ਸਿੰਘ ਭਾਖੇ।
ਕਾਣੇ ਕੋ ਲਖ ਨੇਤ੍ਰਾ ਆਖੈ।
ਸੂਰਾ ਸਿੰਘ ਕਹਿ ਅੰਧੇ ਤਾਈਂ।
ਲੁੰਜੇ ਕੋ ਲਖ ਬਾਹਾਂ ਭਾਈ।
ਲੂਲੇ ਬੁਧ ਅਵਤਾਰ ਕਹਾਵੈ।
ਚੜ੍ਹਿਓ ਚੁਬਾਰੇ ਬਧਰੇ ਗਾਵੰ।
ਲੰਗੜੇ ਕੋ ਕਹਿ ਸਿੰਘ ਸੁਚਾਲਾ।
ਨਕਟਾ ਸ੍ਵਰਗ ਦਵਾਰੀ ਵਾਲਾ।

ਕਹੈ ਸੁਨਹਿਰਾ ਕੂੰਡੇ ਤਾਈਂ।
ਭੰਗ ਤਾਈਂ ਸੁਖਾ ਸਰਦਾਈ।
ਖੁਰਪਾ ਬਾਜ਼ ਰੁਹੀ ਕਹਿ ਦਾਤੀ।
ਕਸੀ ਪਤਾਲ ਪੁਰੀ ਵਖਿਆਤੀ।
ਸਫਾ ਜੰਗ ਟਕੂਏ ਕੋ ਏਰੈਂ।
ਫਤੇ ਕੁਮੈਤ ਛੁਟੀ ਕੋ ਹੇਰੈਂ।
ਨਾਮ ਸਮੁੰਦਰ ਦੂਧ ਜੋ ਕਹੈਂ।
ਛਿਵਾ ਤੇਲ ਪੰਜਵਾਂ ਘੀ ਲਹੈਂ।
ਕਹੈ ਸਿੰਰਖੰਡੀ ਸ਼ਕਰ ਤਾਂਈਂ।
ਲੂਨ ਸਰਬ ਰਸ ਕਰਤ ਸਦਾ ਹੀਂ।
ਛਲਨੀ ਸਿੰਘ ਸੁਜਾਖਾ ਭਾਖੈ।
ਅਫਲਾਤੂਨ ਰਜਾਈ ਲਾਖੈ।
ਜੋੜ ਮੇਲਨੀ ਸੂਈ ਸਿਕਰੀ।
ਕਹੈ ਰੁਪਏ ਦਮੜੇ ਠਿਕਰੀ।
ਸਬਜ ਪਲਾਉ ਸਾਗ ਬਤਲਾਇ।
ਮਾਸ ਮਹਾਂ ਪ੍ਰਸ਼ਾਦੇ ਅਲਾਇ।
ਰਾਮ ਜੀਰੇ ਇੰਦੂਰਨ ਭਾਖੈ।
ਸ੍ਰੀ ਸਾਹਿਬ ਤਲਵਾਰਨ ਆਖੈ।
ਪੁਰਖ ਸਿੰਘ ਸਿੰਘਣੀ ਕਹਿ ਸਰੈ।
ਬਾਲਕ ਤਈਂ ਭੁਜੰਗ ਉਚਰੈ।
ਔਰ ਅਵਾਜ ਖਿਹਾਰਕ ਜੇਤੀ।
ਬੋਲਤ ਇਹ ਸਭ ਨਿਜ ਸੰਕੇਤੀ।
ਦੁਨੀਆਂ ਦਾਰ ਨ ਇਹ ਫਕੀਰ।
ਬੇ ਮੁਹਤਾਜ ਸਭ ਸਾਬਰ ਪੀਰ।

# ਖਾਲਸੇ ਦੀ ਮਰਨ ਜਮਨ ਦੀ ਰੀਤੀ
# ਅਰ ਆਚਰਣ

ਹਿੰਦੂ ਤੁਰਕਨ ਤੇ ਹੈ ਨਿਆਰਾ।
ਫਿਰਕਾਂ ਇਨਕਾ ਅਪਰ ਅਪਾਰਾ।
ਪਰ ਤ੍ਰਿਅ ਸਮਝਤ ਮਾਤ ਸਮਾਨੇ।
ਚੋਰੀ ਯਾਰ ਨਿੰਦ ਨ ਠਾਨੇ।
ਵਿਹਾਇ ਨਕਾਹ ਨ ਏਹ ਕਰਾਤ।
ਜੁਗਤ ਅਨੰਦ ਅਨੰਦ ਪੜ੍ਹਾਤ।
ਸਿੰਘ ਸਿੰਘਣੀ ਜੋ ਮਰਜਾਤ।
ਬਾਟਤ ਹਲੂਆ ਤੁਰਤ ਘਨਾਤ।
ਕਿਰਿਆ ਕਰਮ ਕਰਾਵਤ ਨਾਂਹਿ।
ਹਡੀ ਪਾਇ ਨ ਗੰਗਾ ਮਾਂਹਿ।
ਕਰਤ ਦਸਸਿਰਾਂ ਗ੍ਰੰਥ ਪੜ੍ਹਾਤ।
ਅੰਨ ਬਸਨ ਗ੍ਰੰਥਨ ਕੋ ਦਯਾਵਤ।
ਆਪ ਖਰ ਇਤ ਨੇਕ ਨ ਖਾਵਤ।
ਛਕਤ ਕਮਾਈ ਅਪਨੀ ਯਾਵਤ।
ਦਗਾ ਨ ਕਾਹੂ ਸੰਗ ਕਮੈਹੈਂ।
ਮਾਤ ਲੁਟਤ ਉਜਾਗਰ ਕੈ ਹੈਂ।
ਮਾਤ ਪਿਤਾ ਭਾਈ ਸੁਤ ਤੀਆ।
ਇਨ ਤੇ ਪਿਆਰਾ ਸਿੰਘ ਲਿਖੀਆ।
ਅਪਨ ਪਿਆਰਾ ਜਰਾ ਨਾ ਧਾਰਤ।
ਤਨ ਮਨ ਧਨ ਸਿੰਘਾਂ ਪੈ ਵਾਰਤ।
ਕੰਠੀ ਜੰਞੂ ਤਿਲਕ ਨ ਧਰ ਹੈਂ।
ਬੁਤ ਪਰਸਤੀ ਕਦੀ ਨ ਕਰ ਹੈਂ।
ਏਕ ਰਬ ਕੀ ਕਰਤ ਬੰਦਗੀ।
ਰਖਤ ਨ ਔਰਨ ਕੀ ਮੁਛੰਦਗੀ।
ਵੇਦ ਪੁਰਾਣ ਕਤੇਬ ਕੁਰਾਨ।

ਪੜ੍ਹਤ ਨ ਸੁਨਤ ਨ ਮਾਨਤ ਕਾਂਨ।
ਗੁਰ ਨਾਨਕ ਜੋ ਕਥੀ ਕਲਾਮ।
ਤਾਂ ਪਰ ਰਖਤ ਇਮਨ ਤਮਾਮ।
ਇਤਿ ਆਦਿਕ ਸਿੱਖਨ ਕੀ ਰੀਤੀ।
ਥੀ ਜੇਤਕ ਸਭ ਵਰਨਨ ਕੀਤੀ।

# ਇਸਤ੍ਰੀ ਸਿਖਯਾ

(ਯਥਾ ਗੁਰਬਿਲਾਸ ਪਾਤਿਸ਼ਾਹੀ ੬ ਅਧਿਆਇ ੧੭)

ਸੁਣ ਬੀਬੀ ਮੈਂ ਤੁਝੇ ਸੁਣਾਊਂ।
ਪਤਿ ਕੀ ਮਹਿਮਾ ਕਹਿ ਤਕ ਗਾਊਂ।
ਪਤਿ ਸੇਵਕ ਕੀ ਸੇਵਾ ਸਫਲੀ।
ਪਤਿ ਬਿਨ ਔਰ ਕਰੈ ਸਭ ਨਿਫਲੀ।
ਗੁਰ ਜਨ ਕੀ ਇੱਜ਼ਤ ਬਹੁ ਕਰਨੀ।
ਸਾਸ ਸੇਵ ਨਿਜ ਮਾਹ ਸੁਧਰਨੀ।
ਸੁਣ ਪੁਤ੍ਰੀ ਪ੍ਰਾਨਨ ਤੇ ਪਿਆਰੀ।
ਜਿਸ ਤੇ ਬੈਸ ਬਿਤੈ ਸੁਖ ਕਾਰੀ।
ਕੁਲ ਕੀ ਬਾਤ ਚਿਤ ਮਹਿ ਧਰਨੀ।
ਖੋਟੀ ਸੰਗਤ ਨਹੀਂ ਸੁ ਕਰਣੀ।
ਪ੍ਰਾਤੇ ਉਠ ਕਰ ਮਜਨ ਕਰੀਓ
ਗੁਰਬਾਣੀ ਤੇ ਮੁਖ ਤੇ ਟਰੀਓ।
ਪੁਨਾ ਔਰ ਵਿਵਾਹਾਰ ਜੋ ਹੋਈ।
ਭਲਾ ਸੰਭਾਲਹੁ ਨੀਕੇ ਸੋਈ।
ਮੋ ਵਗ ਉਪਾ ਲੰਭ ਨਹਿ ਆਵੈ।
ਐਸੀ ਭਾਤ ਸਰਬ ਸੁਖ ਪਾਵੈ।

# ਸ਼ਿਖੀ ਦਾ ਨਾਤਾ

## ਸਿਖੀ ਨਾਲ ਗੁਰੂ ਜੀਦਾ ਪਿਆਰ

ਸੁਣੀਏ ਸੰਗਤ ਮਨ ਚਿਤ ਲਾਈ।
ਸਤਗੁਰ ਕਹੋ ਨਿਸਚੇ ਕਰ ਭਾਈ।
ਸਿਖ ਮੋਕੇ ਸਭ ਹੈਂ ਪਿਆਰੇ।
ਸਭੀ ਕਾਜ ਮਮ ਸਿਖ ਸਵਾਰੇ।
ਸਿਖ ਸਹੋਦ੍ਰ ਸਕੇ ਸੋ ਭਾਈ।
ਸਿਖਨ ਮਹਿਮਾਂ ਮੁਖ ਗਾਈ।
ਸਿਖ ਸਮਾਨ ਔਰ ਨਹੀਂ ਨਾਤਾ।
ਸਿਖੰਨ ਕਹਹੈਂ ਸਵਰੈ ਬਾਤਾ।
ਕਹਾਂ ਤੁਛ ਥੀ ਵਹ ਮਠਿਆਈ।
ਜੋ ਸਿਖਨ ਕੇ ਕਾਮ ਨ ਆਈ।
ਸਿਖ ਤ੍ਰਿਪਤ ਤੇ ਮੈਂ ਤ੍ਰਿਪਤਾਯੋ।
ਸਿਖ ਮੇਂ ਮੇਰਾ ਰੂਪ ਸਮਾਯੋ।

ਇਕ ਦਿਨ ਸ੍ਰੀ ਗੁਰੂ ਹਰਗੋਬਿੰਦ ਜੀਦੇ ਹਜ਼ੂਰ ਤਖਤ ਅਕਾਲ ਬੁੰਗੇ ਸਾਹਿਬਜੀ ਵਿਚ ਬਹੁਤਸਾਰੇ ਸਿਖ ਰਾਤਵੇਲੇ ਆਗਏ ਉਸ ਵੇਲੇ ਲੰਗਰ ਵਰਤ ਚੁਕਾ ਸੀ ਤੇ ਰਾਤ ਭੀ ਬੜੀ ਢਲੀ ਗਈ ਸੀ। ਉਸ ਸਮੇਂ ਸ੍ਰੀ ਗੁਰੂ ਜੀ ਦੀ ਸਪੁਤ੍ਰੀ ਦਾ ਵਿਵਾਹ ਸੀ ਅਰ ਮਠਿਆਈ ਦੇ ਕੋਠੇ ਭਰੇ ਪਏ ਸਨ। ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਸਿਖਾਂ ਨੂੰ ਛਕਾਈ ਜਾਵੇ ਤਬ ਮਾਤਾ ਜੀ ਨੇ ਕਿਹਾ ਕਿ ਇਹ ਲਗਨਾਂ ਦੀ ਮਠਿਆਈ ਹੈ ਪਹਿਲੇ ਜਵਾਈ ਨੂੰ ਖਵਾਕੇ ਫੇਰ ਹੋਰਨਾਂ ਨੂੰ ਦੇਵਾਂਗੇ। ਤਾਂ ਗੁਰੂ ਜੀ ਨੇ ਫਰਮਾਯਾ ਅਗਰ ਮੇਰੇ ਸਿਖਾਂ ਨੂੰ ਇਹ ਮਠਿਆਈ ਨਹੀਂ ਦਿਤੀ ਤਾਂ ਮਲੇਛ ਖਾਣਗੇ ਸੋ ਐਸਾ ਹੀ ਹੋਇਆ। ਗੁਰੂ ਜੀਨੂੰ ਸਿਖੀ ਨਾਲ ਬੜਾ ਪਿਆਰ ਸੀ॥

# ਖਾਲਸੇ ਦੀ ਮਹਿਮਾ

ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸ਼ਵ ਦਾਸ ਕਾਲੀ ਦਾਸ ਪੰਡਤ ਜੋ ਦੇਵੀ ਪੂਜਕ ਸਨ ਉਨ੍ਹਾਂ ਦਾ ਪਾਜ ਖੋਲ੍ਹਿਆ ਅਰ ਪਖੰਡ ਦਾ ਨਿਖੇਦ ਦਿਖਾਇਆ ਤੇ ਸਿਖਾਂ ਦਾ ਬਹੁਤ ਕੁਛ ਆਦਰ ਸਤਕਾਰ ਕੀਤਾ ਤੇ ਬਚਨ ਕੀਤਾ ਜੋ ਕੁਛ ਸਿਖਾਂ ਨੂੰ ਦੇਵਗਾ ਓਹ ਮੈਨੂੰ ਪਹੁੰਚੇਗਾ ਤਾਂ ਪੰਡਤ ਜੀ ਬਹੁਤ ਉਦਾਸ ਹੋ ਗਏ। ਤਦ ਸ੍ਰੀ ਗੁਰੂ ਜੀ ਨੇ ਇਹ ਉਚਾਰਿਆ ॥

੧.

ਜੋ ਕੁਛ ਲੇਖ ਲਿਖਯੋ ਬਿਧਨਾ,
ਸੋਈ ਪਾਈਅਤ ਮਿਸਰ ਜੀ ਸ਼ੋਕ ਨਿਵਾਰੋ।
ਮੇਰੇ ਕਛੂ ਅਪਰਾਧ ਨਹੀਂ,
ਗਯੋ ਯਾਦ ਤੇ ਭੂਲਤ ਕੋਪ ਚਿਤਾਰੋ।

੨.

ਬਾਗੋ ਨਿਹਾਲੀ ਪਠੈ ਦਿਹੂੰ ਆਜ,
ਭਲੇ ਤੁਮਕੋ ਨਿਹਚੈ ਜੀਆ ਧਾਰੋ।
ਛਤ੍ਰੀ ਸਭੈ ਕ੍ਰਿਤ ਬਿਪਨ ਕੇ,
ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ।

ਸੋ ਪੰਡਤ ਜੀ ਹੋਰ ਛਤ੍ਰੀ ਲੋਕ ਤੁਹਾਡੇ ਸੇਵਕ ਬਹੁਤ ਹਨ ਮਗਰ ਇਹ ਨਵੀਨ ਛਤ੍ਰੀ ਅਸੀਂ ਪੈਦਾ ਕੀਤੇ ਅਤੇ ਆਤਮ ਗਿਆਨੀ ਹਨ ਇਹ ਕਰਕੇ ਇਹ ਪੰਡਤ (ਬ੍ਰਹਮਣ) ਭੀ ਹਨ ਸੋ ਏਨਾਂ ਦੀ ਸੇਵਾ ਕਰਨਾ ਸਾਡਾ ਤੇ ਸਿਖਾਂ ਦਾ ਫਰਜ਼ ਹੈ ਕਿਉਂਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਲਿਖਿਆ ਹੈ ॥

"ਮਾਤਾ ਪ੍ਰੀਤਿ ਕਰੇ ਪੁਤ ਖਾਇ ।
ਮੀਨੇ ਪ੍ਰੀਤ ਭਈ ਜਲ ਨਾਇ ।

ਸਤਗੁਰ ਪ੍ਰੀਤ ਗੁਰਸਿਖ ਮੁਖਪਾਇ।
(ਗੌੜੀ ਮਹਲਾ ੪)

"ਜੇ ਮਨ ਸਿਖਨ ਕੇ ਮੁਖ ਪਰੇ।
ਸੋ ਮੁਝਕੋ ਪਹੁੰਚੈ ਹਿਤ ਧਰੈ।
(ਸੂਰਜ ਪ੍ਰਕਾਸ਼)

ਅਰ ਸ੍ਰੀ ਗੁਰੂ ਜੀ ਨੇ ਅਪਨੇ ਮੁਖਾਰ ਬਿੰਦ ਤੋਂ ਬਚਨ ਕੀਤਾ। ਹੇ ਪੰਡਤ ਜੀ ! ਸਭ ਇਨਾਂ ਖਾਲਸੇ ਜੀਦੇ ਪਰਤਾਪ ਨਾਲ ਹੀ ਮੈਂ। ਕਰਦਾ ਹਾਂ।

"ਜੁਧ ਜਿਤੇ ਇਨਹੀ ਕੇ ਪ੍ਰਸ਼ਾਦ,
ਇਨ ਹੀ ਕੇ ਪ੍ਰਸਾਦ ਸੋ ਦਾਨ ਕਰੇ॥
ਅਘ. ਓਘਟਰੇ ਇਨਹੀ ਕੇ ਪ੍ਰਸਾਦ,
ਇਨਹੀ ਕਿਰਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੋ ਵਿਦਿਆ ਲਈ,
ਇਨਹੀ ਕੀ ਕਿਰਪਾ ਸਭ ਸ਼ਤਰੂ ਮਰੇ।
ਇਨਹੀ ਕੀ ਕਿਰਪਾ ਸੇ ਸਜੇ ਹਮ ਹੈਂ,
ਨਹੀਂ ਮੋਸੋ ਗਰੀਬ ਕਰੋਰ ਪਰੇ
ਸੇਵ ਕਰੀ ਇਨ ਕੀ ਮਨ ਭਾਵਤ,
ਔਰ ਕੀ ਸੇਵ ਸੁਹਾਤ ਨ ਜੀਕੋ
ਦਾਨ ਦੀਯੋ ਇਨਹੀ ਕੋ ਭਲੋ,
ਅਰ ਔਰ ਕੋ ਦਾਨ ਨ ਲਾਗਤ ਨੀਕੋ
ਆਗੇ ਫਲੇ ਇਨਹੀ. ਕੋ ਦਯੋ,
ਜਗ ਮੇਂ ਜਸ ਔਰ ਦਯੋ ਸਭ ਫੀਕੋ।
ਮੋ ਗ੍ਰਿਹ ਮੇਂ ਮਨ ਤੇ ਤਨ ਤੇ,
ਸਿਰ ਲੌ ਧਨ ਹੈ ਸਭਹੀ ਇਨਹੀ ਕੋ।

ਜਿਸ ਵੇਲੇ ਸ੍ਰੀ ਗੁਰੂ ਜੀਨੇ ਇਹ ਫਰਮਾਯਾ ਅਤੇ ਦਾਨ ਮਾਨ ਦਾ ਅਧਿਕਾਰੀ ਗੁਰੂ ਜੀ ਦੇ ਮੂਹੋਂ ਖਾਲਸੇ ਨੂੰ ਸੁਨਾਇਆ ਤਾਂ ਪੰਡਤ ਦੇ ਤੀਲੇ ਦੀ ਤਰਾਂ ਜਲਿਆ ਘਰ ਚਲ ਪਇਆ:—

॥ ਦੋਹਰਾ ॥

"ਚਟ ਪਟ ਇ ਚਿਤ ਮੇਂ ਜਰਯੋ,
ਤ੍ਰਿਣ ਜਿਉ ਕਰੁਧਤ ਹੋਇ,
ਖੋਜ ਰੋਜ ਕੇ, ਹੇਤ ਲਗ।
ਦਯੋ ਮਿਸਰ ਸੁ ਹੋਇ।

## *ਤਨਖਾਹ ਨਾਮਾ

ਨੰਦ ਲਾਲ ਤੁਮ ਬਚ ਸੁਨੋ ਸਿਖ ਕਰਮ ਹਨ ਇਹ।
ਨਾਮ ਦਾਨ ਇਸ਼ਨਾਨ ਬਿਨ ਕਰੈ ਨ ਇਨ ਸਿਉਂ ਨੇਹ।

॥ ਚੌਪਈ ॥

ਪ੍ਰਾਤਕਾਲ ਸਤ ਸੰਗ ਨ ਜਾਵੈ।
*ਤਨਖਾਹ ਦਾਰ ਵਹ ਬਡ਼ਾ ਕਹਾਵੈ।
ਨਿਰਧਨ ਦੇਖ ਨ ਪਾਸ ਬਹਾਵੈ।
ਸੋ ਤਨਖਾਹੀ ਮੂਲ ਕਹਾਵੈ।

॥ ਦੋਹਰਾ ॥

ਜੋ ਪ੍ਰਸ਼ਾਦਿ ਕੋ ਬਾਂਟ ਹਿ ਮਨ ਮੇਂ ਧਰੇ ਜੋ ਲੋਭ।
ਕਿਸ ਥੋੜਾ ਕਿਸੇ ਅਗਲਾ ਸਦਾ ਰਹੇ ਤਿਸ ਸੋਗ।

---

*ਸਿਖ ਮਤ ਵਿਚ ਡੰਡ ਨੂੰ ਤਨਖਾਹ ਕਿਹਾ ਜਾਂਦਾ ਸੋ ਇਸ ਰਹਿਤ ਨਾਮੇ ਦਾ ਨਾਮ ਤਨਖਾਹ ਨਾਮਾ ਇਸ ਕਰਕੇ ਹੈ ਜੋ ਇਸ ਉਪਰ ਨਾ ਚਲੇਗਾ ਓਹ ਤਨਖਾਹੀਆ ਹੈ ਭਾਵ ਧਰਮ ਡੰਡ ਲੈਣਾ ਹੈ ॥

॥ ਚੌਪਈ ॥

ਕੜਾਹ ਕਰਨ ਦੀ ਬਿਧ ਸੁਣ ਲੀਜੇ।
ਤੀਨ ਭਾਗ ਕੋ ਸਮਸਰ ਕੀਜੇ।
ਲੇਪਨ , ਆਗੈ ਬਹੁਕਰ ਦੀਜੇ।
ਮਾਂਜਨੁ ਕਰ ਭਾਂਜਨ ਧੋਵੀਜੈ।
ਕਰ ਇਸ਼ਨਾਨ ਪਵਿਤ੍ਰ ਹੋਇ ਬਹੇ।
ਵਾਹਿਗੁਰੂ ਬਿਨ ਅਵਰ ਨ ਕਹੇ।
ਕਰ ਤਿਆਰ ਚੌਂਕੀ ਪਰ ਧਰੇ।
ਚਾਰ ਓਰ ਕੀਰਤਨ ਬਹਿ ਕਰੇ।
ਲਗੇ ਦਿਵਾਨ ਮੂਲ ਨ ਜਾਵੇ।
ਰਹਿਤ ਬਿਨਾ ਪ੍ਰਸ਼ਾਦ ਵਰਤਾਵੇ।
ਸੂਹਾ ਪਹਿਰ ਲਵੇ ਨਸਵਾਰ।
ਗੋਬਿੰਦ ਸਿੰਘ ਹੋਇ ਸੁ ਖੁਆਰ।
ਮਾਇ ਭੇਟ ਆਵੇ ਜੋ ਸੰਗਤ।
ਬੁਰੀ ਦ੍ਰਿਸ਼ਟਿ ਦੇਖੇ ਤਿਸ ਪੰਗਤ।
ਸਿਖ ਹੋਇ ਜੋ ਕਰੇ ਕਰੋਧ।
ਕੰਨਿਆਂ ਮੂਲ ਨ ਦੇਵੇ ਸੋਧ।
ਧੀ ਭੈਣ ਕਾ ਪੈਸਾ ਖਾਇ।
ਗੋਬਿੰਦ ਸਿੰਘ ਧਕੇ ਜਮ ਲਾਇ।
ਮਾਲ ਅੰਤਥ ਕਾ ਬਲ ਕਰ ਛਲੈ।
ਜਪ ਤਪ ਤਾਂਕੋ ਕਛੂ ਨ ਫਲੈ।

॥ ਦੋਹਰਾ ॥

ਕੰਘਾ ਦੋਨੋ ਵਕਤ ਕਰ, ਪਾਗ ਚੁਣੇ ਕਰ ਬਾਂਧਈ।
ਦਾਤਨ ਨੀਤ ਕਰੇ ਨਾ ਦੁਖ ਪਾਵੇ ਲਾਲ ਜੀ।
ਦਸਵੰਧ ਗੁਰੂ ਨਹਿ ਦੇਵ ਹੀ ਝੂਠ ਬੋਲ ਕੇ ਖਾਇ।
ਕਹੇ ਗੋਬਿੰਦ ਸਿੰਘ ਲਾਲਜੀ ਤਿਸਕਾ ਕਛ ਨ ਵਿਸਾਹ।

॥ ਚੌਪਈ ॥

ਠੰਡੇ ਪਾਣੀ ਜੋ ਨਹਿ ਨਹਾਵੈ।
ਬਿਨ ਜਪ ਪੜ੍ਹੇ ਪ੍ਰਸ਼ਾਦ ਜੁ ਪਾਵੈ।
ਬਿਨ ਰਹਿਰਾਸ ਸਮਾ ਜੋ, ਖੋਵੈ।
ਕੀਰਤਨ ਪੜ੍ਹੇ ਬਿਨਾ ਜੋ ਸੋਵੈ।
ਚੁਗਲੀ ਕਰ ਜੋ ਕਾਜ ਬਿਗਾਰੈ।
ਧ੍ਰਿਗ ਤਿਸ ਜਨਮ ਸੁ ਧਰਮ ਬਿਸਾਰੈ।
ਕਰੈ ਬਚਨ ਜੁ ਪਾਲੇ ਨਾਹੀਂ।
ਗੋਬਿੰਦ ਸਿੰਘ ਤਿਸ ਠੌਰ ਨ ਕਾਹੀ।
ਲੈ ਤੁਰਕਨ ਤੇ ਮਾਸ ਜੁ ਖਾਵੈ।
ਬਿਨ ਗੁਰ ਸ਼ਬਦ ਬਰਨ ਸੁ ਗਾਵੈ।
ਅਰਦਾਸ ਬਿਨਾਂ ਜੋ ਕਾਜ ਸਿਧਾਵੈ।
ਭੇਟ ਕੀਬੇ ਬਿਨ ਕਛੁ ਮੁਖ ਪਾਵੈ।
ਤਯਾਗੀ ਵਸਤ ਗ੍ਰਹਿਨ ਜੋ ਕਰੈ।
ਬਿਨ ਤ੍ਰਿਯ ਅਪਨੀ ਸੇਜ ਸੁ ਧਰੈ।
ਅਤਿਥ ਦੇਖ ਨਹਿ ਦੇਵੈ ਦਾਨ।
ਸੋ ਨਹਿ ਪਾਵੈ ਦਰਗਹਿ ਮਾਨ।
ਕਥਾ ਕੀਰਤਨ ਮ.ਹ ਮਨ ਨਹਿ ਲਾਵੈ।
ਸੰਤ ਸਿਖ ਕਉ ਬੁਰਾ ਅਲਾਵੈ।
ਨਿੰਦਾ ਜੂਆ ਹਿਰੇ ਜੁ, ਮਾਲ।
ਮਹਾਂ ਦੁਖਾਵੇ ਤਿਸਕੋ ਕਾਲ।

॥ ਦੋਹਰਾ ॥

ਗੋਲਕ ਰਾਖੇ ਨਾਂਹਿ ਜੋ ਛਲ ਕਾ ਕਰੇ ਬਪਾਰ।
ਕਹੇ ਗੋਬਿੰਦ ਸਿੰਘ ਲਾਲ ਜੀ ਭੋਗੈ ਨਰਕ ਹਜਾਰ।

॥ ਚੌਪਈ ॥

ਵਾਹਿਗੁਰੂ ਬਿਨ ਕਹੇ ਜੋ ਖਾਵੈ।

ਵੇਸਵਾ ਦ੍ਵਾਰੇ ਸਿਖ ਜੁ ਜਾਵੇ।
ਪਰ ਇਸਤ੍ਰੀ ਸਿਉ ਨਿਹੁ ਲਗਾਵੇ।
ਗੋਬਿੰਦ ਸਿੰਘ ਵਹੁ ਸਿਖ ਨ ਭਾਵੇ।
ਖਾਲਸਾ ਸੋਇ ਜੋ ਨਿੰਦਾ ਤਿਆਗੈ।
ਖਾਲਸਾ ਸੋਇ ਲੜੇ ਹੋਇ ਆਗੈ।
ਖਾਲਸਾ ਸੋਇ ਪਰ ਦ੍ਰਿਸ਼ਟ ਤਿਆਗੈ।
ਖਾਲਸਾ ਸੋਇ ਨਾਮ ਰਤ ਲਾਗੈ।
ਖਾਲਸਾ ਸੋਇ ਗੁਰੂ ਹਿਤ ਲਾਵੇ।
ਖਾਲਸਾ ਸੋਇ ਸਾਰ ਮਹਿ ਪਾਵੇ।
ਖਾਲਸਾ ਸੋਇ ਨਿਰਧਨ ਕੋ ਪਾਲੈ।
ਖਾਲਸਾ ਸੋਇ ਦੁਸ਼ਟ ਕੋ ਗਾਲੈ।
ਖਾਲਸਾ ਸੋਇ ਜੁ ਚੜੇ ਤੁਰੰਗ।
ਖਾਲਸਾ ਸੋਇ ਕਰੇ ਨਿਤ ਜੰਗ।

॥ ਦੋਹਰਾ ॥

ਖਲਕ ਖਾਲਕੀ ਜਾਨਕੇ ਖਲਕ ਦੁਖਾਵੇ ਨਾਹਿ ॥
ਖਲਕ ਦੁਖੇ ਜੋ ਨੰਦ ਜੀ ਖਾਲਕ ਕੋਪੈ ਤਾਹਿ ॥

## ਪ੍ਰਸ਼ਨ ਉਤ੍ਰ ਭਾਈ ਨੰਦ ਲਾਲ ਦਾ

ਗੁਰ ਸਿਖ ਰਹਿਤ ਸੁਨਹੋ ਰੇ ਮੀਤ।
ਪ੍ਰਭਾਤੇ ਉਠ ਕਰ ਹਿਤ ਚੀਤ।
ਵਾਹਿਗੁਰੂ ਗੁਰ ਮੰਤ੍ਰ ਸੋ ਜਾਪ।
ਕਰ ਇਸ਼ਨਾਨ ਪੜ੍ਹੇ ਜਪੁ ਜਾਪ।
ਸੰਧਯਾ ਸਮੇਂ ਸੁਣੇ ਰਹਿਰਾਸ।
ਕਥਾ ਕੀਰਤਨ ਸੁਨੇ ਹਰਿਦਾਸ।
ਇਨ ਮਹਿ ਨੇਮ ਜੁ ਏਕ ਕਰਾਇ।
ਜੋ ਸਿਖ ਅਮਰ ਪੁਰੀ ਮਹਿ ਜਾਇ।

॥ ਦੋਹਰਾ ॥

ਤੀਨ ਰੂਪ ਹੈਂ ਮੋਹ ਕੇ ਸੁਣੋ ਨੰਦ ਚਿਤ ਲਾਇ।
ਨਿਰਗੁਨ ਸਰਗੁਨ ਗੁਰ ਸ਼ਬਦ ਕਹੋਂ ਤੋਹਿ ਸਮਝਾਇ।

॥ ਚੌਪਈ ॥

ਸ਼ਬਦ ਸੁਣੇ ਗੁਰ ਹਿਤ ਚਿਤ ਲਾਇ।
ਗਯਾਨ ਸ਼ਬਦ ਗੁਰ ਸੁਣੇ ਸੁਣਾਇ।
ਵਿਸ਼੍ਵਾਸ ਪ੍ਰੀਤ ਗੁਰ ਸ਼ਬਦ ਸੁ ਧਰੇ।
ਗੁਰਕਾ ਦਰਸ਼ਨ ਨਿਤ ਉਠ ਕਰੇ।
ਗੁਰ ਸਿਖ ਸੇਵ ਕਰੇ ਚਿਤ ਲਾਇ।
ਆਪਾ ਮਨ ਕਾ ਸਗਲ ਮਿਟਾਇ।

॥ ਦੋਹਰਾ ॥

ਐਸੇ ਗੁਰ ਸਿਖ ਸੇਵ ਕੀ ਮਹਿਮਾਂ ਪ੍ਰਗੁਣੇ ਆਇ।
ਸੁਣ ਨੰਦ ਚਿਤ ਦੇਇਕੈ ਮੁਕਤ ਬੈਕੁੰਠੇ ਪਾਇ।

# ਕੇਸ਼ ਰਖਣੇ ਪਰਮ ਧਰਮ ਹੈ

ਸ੍ਰੀ ਕਲਗੀ ਧਰ ਗੁਰ ਪਿਤਾ ਛਾਪ ਦਈ ਸਿਰ ਕੇਸ।
ਧਰੀ ਖਾਲਸਾ ਪੰਥ ਨੇ ਤ੍ਯਾਤੇ ਭਯੋ ਸੁਭੇਸ।

ਪੰਜ ਕਕੇ ਜੋ ਸ੍ਰੀ ਗੁਰੂ ਜੀ ਨੇ ਬਖ਼ਸ਼ਸ਼ ਕੀਤੇ ਹਨ

ਕੇਸ, ਕੰਘਾ, ਕੜਾ ਕ੍ਰਿਪਾਨ, ਕਛਹਿਰਾ, ਪ੍ਰੰਤੂ ਸਭ ਤੋਂ ਸ੍ਰੇਸ਼ਟ ਸਿਖੀ ਦਾ ਨਿਸ਼ਾਨ ਕੇਸ ਹਨ, ਅਗਰ ਚਾਰ ਕੱਕੇ ਨਾ ਹੋਣ, ਸਿਰ ਪਰ ਕੇਸ ਹੀ ਹੋਣ ਭਾਵੇਂ ਸਰਦਰੀਆ ਹੋਵੇ ਤਾਂ ਭੀ ਉਸ ਨੂੰ ਸਿਖ ਹੀ ਲੋਕ ਕਹਿੰਦੇ ਹਨ। ਕੇਸ ਸਿਖੀ ਦੀ ਬੜੀ ਭਾਰੀ ਨਿਸ਼ਾਨੀ ਹੈ। ੪ ਕਕੇ

ਹੋਨ ਜੇਕਰ ਕੇਸ ਨਾਂ ਹੋਨ ਤਾਂ ਉਸਨੂੰ ਕੋਈ ਸਿਖ ਨਹੀਂ ਕੈਂਹਦਾ ਜਿਸਦੇ ਸਿਰ ਪਰ ਕੇਸ ਨਹੀਂ ਕੋਈ ਉਮੇਦ ਨਹੀਂ ਪੈ ਸਕਦੀ ਕਿ ਏਹ ਸਿਖ ਹੈ॥

ਬਡੇ ਬਡੇ ਅਵਤਾਰ ਪੈਗੰਬਰਾਂ ਸਭ ਦੇ ਸਿਰ ਪਰ ਕੇਸ ਸਨ, ਸ੍ਰੀ ਰਾਮ ਚੰਦ੍ਰ, ਸ੍ਰੀ ਕ੍ਰਿਸ਼ਨ ਚੰਦ, ਹਜ਼ਰਤ ਮੁਹੰਮਦ, ਹਜ਼ਰਤ ਈਸਾ ਸਭ ਦੇ ਸਿਰ ਪਰ ਕੇਸ ਸਨ, ਗੋ ਸ੍ਵਾਮੀ ਤੁਲਸੀ ਦਾਸ ਜੀ ਬਾਲ ਕਾਂਡ ੪੪੯ ਚੌਪਈ ਵਿਚ ਲਿਖਿਆ ਹੈ:-

ਚਿਕਨੇ ਕੇਸ ਕੁੰਚਤ ਗਭੁਆਰੇ। ਬਹੁ ਪ੍ਰਕਾਰ ਰਚ ਮਾਤ ਸਵਾਰੇ।

ਪੁਨਾ ਅਯੁਧਿਆ ਕਾਂਡ ੬੯੦ ਚੌਪਈ ਮੇਂ ਲਿਖਾ ਹੈ:-

"ਸਕਲ ਸੋਚ ਕਰ ਰਾਮ ਨਹਾਵਾ। ਸੁਚ ਸੁਜਾਨ ਬਟਖੀਰ ਮੰਗਾਵਾ॥
ਅਨੁਜ ਸਹਿਜ ਸਿਰ ਜਟਾ ਬਨਾਏ। ਦੇਖ ਸਮੰਤਨਯਨ ਜਲ ਛਾਏ।"

ਯਥਾ ਸ੍ਰੀ ਹਨੂਮਾਨ ਨਾਟਕ ਅੰਕ ੨ ਕਬਿਤ ਮੇਂ ਲਿਖਾ ਹੈ-

"ਰਾਜ ਸਮਾਜ ਉਤਾਰ ਸਭੈ ਰਘੁ ਰਾਜ ਕਹੀ ਅਬ ਹੈ ਸਭ ਫੀਕੋ।
ਲੈਬਟ ਦੂਧ ਬਨਾਇ ਜਟਾ ਸਿਰ ਬੀਰਹਿ ਬੀਰ ਬਨਾਵਤ ਨੀਕੋ"।

ਹੋਰ ਦੇਖੋ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਮਹਾਰਾਜ ਸਦਾ ਕੇਸ ਲੰਬੇ ਚਾਹੁੰਦੇ ਸਨ-

"ਮਈਆ ਮੇਰੀ ਕਬ ਬਾਢੇਗੀ ਚੋਟੀ।
ਕਿਤੀ ਬਾਰ ਮੋਹਿ ਦੂਧ ਪਿਲਾਯੋ ਯਹ ਅਜਹੂ ਹੈ ਛੋਟੀ।
ਤੂੰ ਜੋ ਕਹਤ ਬਲ ਬੇਨੀ ਜੈਸੀ ਹ੍ਵੈ ਹੈ ਲਾਂਬੀ ਮੋਟੀ।
ਯਹ ਤੋ ਨਾਭ ਗੁਹਤ ਨਾਗਨ ਜਿਉਂ ਕਰ ਲੈ ਭੂਮਹ ਲੋਟੀ।
ਦੂਧ ਦੂਧ ਮੋਹਿ ਦੂਧ ਪਿਲਾਯੋ ਦਈ ਨ ਮਾਖਨ ਰੋਟੀ।
ਸੂਰ ਸਯਾਮ ਤ੍ਰਿਭਵਨ ਜਨ ਮੋਹੇ ਹਰਿ ਹਲਧਰ ਕੀ ਜੋਟੀ।

ਯਥਾ ਅਜੇ ਤਕ ਭਗਤ ਗਾਉਂਦੇ ਹਨ-

ਬੰਸੀ ਵਾਲੇ ਆ ਰਹੋ ਹਮਾਰੇ ਦੇਸ।
ਤੇਰੀ ਸੋਹਣੀ ਸੂਰਤ ਲੰਬੇ ਕੇਸ।

ਪਰਸ ਰਾਮ ਜੀ ਬ੍ਰਾਹਮਨ ਸਨ ਇਨਾਂਦੇ ਸਿਰ ਪਰ ਭੀ ਕੇਸ ਸਾਬਤ ਹੁੰਦੇ ਹਨ। ਯਥਾ ਹਨੂਮਾਨ ਨਾਟਕ ਮੇਂ ਲਿਖਾ ਹੈ--

"ਕਹੋ ਬਾਂਧ ਡਾਰੋ ਕਹੋ ਦੇਸ ਤੋਂ ਨਿਕਾਰੋ,
ਕਹੋ ਬਾਰਧ ਉਤਾਰੋ, ਕਹੋ ਜੂੜਾ ਕਾਟ ਲੀਜੀਏ"।

ਸ੍ਰੀ ਮਦ ਭਾਗਵਤ ਦੇ ਦਸਮ ਸਕੰਧ ਵਿਚ ਲਿਖਿਆ ਹੈ--

"ਕਿ ਰੁਕਮਨੀ ਭਰਾਤਾ ਨੂੰ ਮਰਤੇ ਦੇਖ ਰੁਕਮਨੀ ਰਾਣੀ ਨੇ ਸ੍ਰੀ ਕ੍ਰਿਸ਼ਨ ਚੰਦ੍ਰ ਸੁਆਮੀ ਨੂੰ ਰੋਕਿਆ। ਤਦੇ ਤਿਸਦੀ ਬਿਨੈ ਮੰਨਕੇ ਬਿਜਾਏ ਮਾਰਨੇ ਦੇ ਜੂੜਾ ਕਟ ਲੀਤਾ" ਕਿਉਂਕਿ ਕੇ ਉਤਾਰਨੇ ਬ੍ਰਾਹਮਣ ਛਤ੍ਰੀਆਂ ਨੂੰ ਸਿਰ ਉਤਾਰਨ ਜਿਹਾ ਦੰਡ ਸ। ਅੱਜ ਕਲ ਪਲਿਓਂ ਪੈਸੇ ਦੇਕੇ ਉਤਾਰਦੇ ਹਨ॥

ਯਥਾ ਉਦਾਸੀਆਂ ਦੀ ਬਾਬਤ ਭੀ ਪੰਥ ਪ੍ਰਕਾਸ਼ ਵਿਚ ਲਿਖਿਆ ਹੈ

ਗਲ ਮੇਂ ਰੰਗ ਮਜੀਠੀ ਚੋਲਾ।
ਸਿਰ ਪਰ ਦਲਕੀ ਤਾਜ ਅਮੋਲਾ।
ਗਲ ਮੇਂ ਸੇਲੀ ਔ ਉਨ ਮਾਲਾ।
ਝੋਲਾ ਤੂੰਬਾ ਆਸਨ ਕਾਲਾ।
ਦਾਹੜ੍ਹੀ ਕੇਸ ਸਾਫ ਸਭ ਰਖਤੇ।
ਭਜਨਾ ਨੰਦ ਵਿਖੇ ਚਖਤੇ।

ਬੇਬਲ ਜਿਸਨੂੰ ਈਸਾਈ ਅਸਮਾਨੀ ਪੋਥੀ ਮੰਨਦੇ ਹਨ ਉਸ ਵਿਚ ਲਿਖਿਆ ਹੈ ਇਕ ਸੈਮਸੂਨ ਨਾਮੇ ਵਡਾ ਪੈਗੰਬਰ ਹੋਇਆ। ਫਲਿਸਤੀ ਕੌਮ ਦੇ ਲੋਕਾਂ ਨੇ ਇਸਦੇ ਹਥੋਂ ਦੁਖਕੇਕਈ ਵੇਰ ਮਾਰਨਾ ਚਾਹਿਆ ਪਰ ਏਹ ਸਦਾ ਵੈਰੀਆਂ ਉਤੇ ਪ੍ਰਬਲ ਗਰਜਦਾ ਸੀ। ਇਸਦਾ ਬਲ-ਹਨੂਮਾਨ ਭੀਮ ਸੈਨ ਦੇ ਸਮਾਨ ਲਿਖਿਆ ਹੈ। ਹਜ਼ਾਰ

ਹਜ਼ਾਰ ਸਤਰੂ ਉਤੇ ਇਹ ਇਕੋ ਭਾਰੂ ਹੁੰਦਾ ਸੀ, ਸ਼ਾਮ ਦਾਸ ਭੇਦ ਆਦਿ ਕਰਦਿਆਂ ਬਹੁਤ ਸਮਯ ਅਰ ਧਨ ਖਰਚਕੇ ਉਸਦੇ ਵੈਰੀਆਂ ਨੇ ਉਸਦੀ ਮਿਤ੍ਰ ਇਕ ਇਸਤ੍ਰੀ ਦੀ ਰਾਹੀ ਤਿਸਨੂੰ ਪੁਛਾਯਾ। ਸੈਸ਼ਮਨ ਦੀ ਓਹ ਪ੍ਰਾਨ ਪ੍ਰਿਯਾ ਸਹੇਲ ਸੀ ਉਸਦੇ ਪੁਛਨੇ ਤੇ ਉਸਨੇ ਸਚ ਸਚ ਦਸ ਦਿਤਾ ਕਿ ਜਨਮ ਤੋਂ ਲੈਕੇ ਮੇਰੇ ਸਿਰ ਤੇ ਕੇਸ ਨਹੀਂ ਕਟੇ ਗਏ ਇਸ ਕਾਰਣ ਮੈਂ ਬਲੀ ਹਾਂ। ਤਦ ਉਹਨਾਂ ਨੇ ਯਤਨ ਕਰਕੇ ਸੁਤੇ ਹੋਏ ਦੇ ਕੇਸ ਉਤਾਰੇ ਤਾਂ ਤਿਸਦਾ ਬਲ ਨਿਸ਼ਟ ਹੋਯਾ। ਅਤੇ ਫਿਰ ਤਿਸਦੀ ਦੁਰਦਸ਼ਾ ਕਰਕੇ ਸਾਰੀ ਵਿਭੂਤੀ ਤਿਨਾਂ ਨੇ ਛੀਨ ਲਈ॥

ਸ੍ਰੀ ਮਦ ਭਾਗਵਤ ਮਹਾਂ ਭਾਰਤ ਪਦਮ ਕੋਸ਼ ਹਰ ਇਕ ਜਗਾ ਕੇਸਾਂ ਦੀ ਵਡਿਆਈ ਲਿਖੀ ਹੈ। ਵਾਦੀ ਲੋਕ ਕੇਸਾਂ ਦੀ ਬਾਬਤ ਇਹ ਸ਼ੰਕਾ ਕਰਦੇ ਹਨ:-

(੧) ਸਿਖ ਸਿਰ ਉਪਰ ਨਿਕੰਮਾਂ ਭਾਰ ਰਖ ਲੈਂਦੇ ਹਨ।

(੨) ਇਹਨਾਂ ਵਿਚ ਜੂਆਂ ਪੈ ਜਾਂਦੀਆਂ ਹਨ।

(੩) ਇਹ ਅੜ ਜਾਂਦੇ ਹਨ ਅਰ ਔਖਿਆਂ ਕਰਦੇ ਹਨ।

(੪) ਕੇਸਾਂ ਨਾਲ ਸਿਰ ਤੇ ਗਰਮੀ ਲਗਦੀ ਹੈ ਅਰ ਹੋਸ਼ ਨਹੀਂ ਆਉਣ ਦੇਂਦੇ।

(੧) ਭਾਰ ਦੂਜੀ ਚੀਜ਼ ਦਾ ਹੁੰਦਾ ਹੈ, ਆਪਣੇ ਅੰਗ ਦਾ ਨਹੀਂ ਹੁੰਦਾ ਛਿਟਾਂਕ ਭਰ ਕੋਈ ਹੋਰ ਵਸਤ ਰਖਦੇ ਤਾ ਭਾਰ ਸਮਝਦੇ ਹਨ, ਓਹ ਸਮਝਨ ਤਾਂ ਧੜ ਉਤੇ ਸਿਰ ਦਾ ਭਾਰ ਹੈ। ਸਜੇ ਖਬੇ ਲਟਕਦੀਆਂ ਸਾਹਾਂ ਦਾ ਭਾਰ ਹੈ। ਓਨਾਂ ਨੂੰ ਚਾਹੀਏ ਸਭੇ ਭਾਰ ਉਤਾਰਕੇ ਹੌਲੇ ਹੋ ਬੈਠਨ। ਵਲੈਤੀ ਅਥਵਾ ਦੇਸੀ ਲੇਡੀਆਂ ਰਾਣੀਆਂ ਨਾਜ਼ਕ ਸੁੰਦਰ ਪਦਮਨੀਆਂ ਜਿਨਾਂ ਦਾ ਇਹ ਲੰਮੇ ਕੇਸ ਸ਼ਿੰਗਾਰ ਹੈ ਉਹਨਾਂ ਨੂੰ ਭਾਰ ਨਾਂ ਲਗੇ। ਸਗੋਂ ਕੇਸ ਨਾਂ ਹੋਣ ਤਾਂ ਹੋਰ ਬਨਾਉਟੀ ਲੈਕੇ ਲਾਉਣ। ਅਤੇ ਪੁਰਸ਼ ਸੂਰਬੀਰ ਜੋਧਾ ਬਹਾਦਰ ਬੜੇ ਜਰਨੈਲ ਕਰਨੈਲ, ਸੂਬੇਦਾਰ, ਰਸਾਲਦਾਰ, ਮੇਜਰ, ਸਰਦਾਰ, ਬਹਾਦਰ ਹਨ ਜੇ ਭਾਰ ਹੋਵੇ ਤਾਂ ਓਨਾਂ ਨੂੰ ਨਾਂ ਲਗੇ॥

(੨) ਜੂਆਂ ਕਪੜੇ ਆਦਿਕ ਵਿਚ ਭੀ ਪੈ ਜਾਂਦੀਆਂ ਹਨ, ਜੋ ਮੈਲਾ ਕੁਚੈਲਾ ਰਹੇ। ਮਗਜ਼ ਵਿਚ ਕੀੜੇ ਪੈ ਜਾਂਦੇ ਹਨ। ਦਵਾ ਕਰਕੇ ਕੀੜੇ ਕਢੀਦੇ ਹਨ। ਸਿਰ ਪੇਟ ਨੂੰ ਕੁਦੀ ਨਹੀਂ ਕਿਸੇ ਉਤਾਰਿਆ ਯਾਂ ਝਾੜਿਆ। ਅਰ ਕੇਸ ਮੈਲੇ ਰਖਨ ਦਾ ਦੰਡ ਮਿਲਦਾ ਹੈ ਕੀੜੇ ਪੈਣ। ਪਰ ਜੇ ਸਤਿਗੁਰੂ ਦੀ ਆਗਿਆ ਅਨੁਸਾਰ ਅਠੀਂ ਦਿਨੀ ਕੇਸੀ ਇਸ਼ਨਾਨ ਅਰ ਨਿਤ ਦੋਵੇਲੇ ਕੰਘਾ ਕਰੀਏ,ਰੇਸ਼ਮ ਦੀਆਂ ਤਾਰਾਂ ਸਮਾਨ ਕੇਸ਼ ਸੁੰਦਰ ਰੈਹਣਗੇ। ਮੈਲੇ ਅਰ ਭ੍ਰਿਸ਼ਟ ਮੁੰਨੇ ਕਤਰੇ ਹੋਏ ਵਾਲਾਂ ਵਿਚ ਭੀ ਜੂਆਂ ਪੈਜਾਂਦੀਆਂ ਹਨ, ਅਰ ਕੰਘਾ ਕਰਕੇ ਸ਼ੁਧ ਪਵਿਤ੍ਰ ਰਖਣ ਵਾਲੇ ਸਿਖਾਂ ਦੇ ਕੇਸ ਸੁੰਦਰ ਸੁਥਰੇ ਹੁੰਦੇ ਹਨ॥

(੪) ਕੇਸਾਂ ਨਾਲ ਜੋ ਕਹਿੰਦੇ ਹਨ ਗਰਮੀ ਲਗਦੀ ਹੈ ਅਰ ਹੋਸ਼ ਨਹੀਂ ਆਉਣ ਦੇਂਦੇ। ਇਹ ਨਿਰਾ ਝੂਠ ਹੈ ਸਗੋਂ ਕੇਸਾਂ ਨਾਲ ਦਿਮਾਗ ਦੀ ਰਾਖਿਆ ਹੋਂਦੀ ਹੈ। ਜੋ ਨਾਂ ਸਰੀਰ ਦੀ ਗਰਮੀ ਬਾਹਰ ਨਿਕਲਦੀ ਹੈ। ਅਰ ਨਾਂ ਬਾਹਰ ਦੀ ਓਪਰੀ ਗਰਮੀ ਸਰਦੀ ਜੋ ਦੁਖੜੇ ਕਾਰਣ ਹੋਂਦੀ ਹੈ। ਅੰਦਰ ਜਾ ਸਕਦੀ ਹੈ। ਕਈ ਰੋਗ ਜੋ ਤਿਖੀ ਧੁਪ ਦੇ ਲਗਨ ਨਾਲ ਹੋ ਜਾਂਦੇ ਹਨ ਓਨਾਂ ਨੂੰ ਬਚਾਉਂਦੇ ਹਨ, ਅਤੇ ਕਈ ਰੋਗ ਸਰਦੀ ਦੇ ਲਗਨ ਨਾਲ ਜ਼ੁਕਾਮ ਹੋਯਾ। ਨਿਛ ਆਉਣੀਆਂ ਨਾਸਾਂ ਅਰ ਅਖਾਂ ਵਿਚੋਂ ਪਾਣੀ ਵਗਨਾ ਇਤਆਦਿਕ ਹੋਏ ਹਨ, ਇਨਾਂ ਤੋਂ ਕੇਸ ਬਚਾਉਂਦੇ ਹਨ। ਦਿਮਾਗ ਵਿਚ ਤਰਾਵਤ ਦੀ ਲੋੜ ਅਵਸ਼ ਰਹਿੰਦੀ ਹੈ। ਵੇਖਨ ਵਿਚ ਆਉਂਦਾ ਹੈ। ਜੋ ਕਈ ਲੋਕ ਸਿਰ ਵਿਚ ਬਦਾਮ ਰੋਗਨ, ਮਖਨ ਦਾ ਪੇੜਾ ਰਖਦੇ ਡਾਕਟਰ ਲੋਗ ਬਰਫ ਰਖਾਉਂਦੇ ਹਨ। ਓਹ ਖੁਸ਼ਕੀ ਦਿਮਾਗ ਦੀ ਬੀਮਾਰੀ ਕੇਸਾਂ ਵਾਲਿਆਂ ਨੂੰ ਘਟ ਹੁੰਦੀ ਹੈ ਕਿਉਂਕਿ ਕੇਸਾਂ ਨਾਲ ਤਰੀ ਬਣੀ ਰੈਹਦੀ ਹੈ। ਮਗਜ ਤਰ ਰਹਿੰਦਾ ਹੈ। ਇਸੇ ਕਰਕੇ ਲੁਕਮਾਨ ਹਕੀਮ ਧਨੰਤ੍ਰ ਵੈਦ ਭੀ ਸਿਰ ਕੇਸ ਰਖਦੇ ਸਨ ਗਰਮੀ ਵਿਚ ਕੇਸ ਦਿਮਾਗ ਨੂੰ ਠੰਡਾ ਅਰ ਸਰਦੀਆਂ ਵਿਚ ਗਰਮ ਰਖਦੇ ਹਨ। ਕੇਸਾਂ ਦੇ ਬਿਨਾਂ ਦਿਮਾਗ ਅਜੇਹਾ ਕਮਜੋਰ ਹੋ ਜਾਂਦਾ ਹੈ ਜੋ ਦੇਖੋ ਸਿਰ ਮੁੰਡਿਆ ਹੋਇਆ ਸਾਫ ਹੋਵੇ, ਟੋਪੀ ਮਾਤਰ ਭੀ ਨਹੀਂ ਰਖ ਸਕਦਾ ਪਲ ੨ ਪਿਛੋਂ ਟੋਪੀ ਲਾਹਕੇ ਸਿਰ ਤੇ ਹਥ ਫੇਰਦਾ ਹੈ। ਕੇਸਾਂ ਨਾਲ ਇਤਨਾ ਬਲ ਬਣਿਆ ਰੈਂਹਦਾ ਹੈ ਜੋ ਸਾਰੇ ਥਾਨ ਦੀ ਪੱਗ ਸਿਰ ਪਰ ਹੋਵੇ ਤਾਂ ਕੁਛ ਪਰਵਾਹ ਨਹੀਂ ਅਰ ਨਿਹੰਗਾਂ ਸਿੰਘਾਂ ਦੇ ਦਮਾਲੇ ੧੦-੨੫

ਸੇਰ ਸਰਬ ਲੌਹ ਨਾਲ ਰਾਤ ਦਿਨ ਸਜੇ ਰੈਂਹਦੇ ਹਨ। ਸੋ ਕੇਸ ਰਖਣੇ ਖਾਲਸੇ ਜੀ ਵਾਸਤੇ ਅਤੀ ਜਰੂਰੀ ਹੇ ॥

## ਕੜਾ, ਕ੍ਰਿਪਾਨ, ਕੰਘਾ ਰਖਣਾ ਅਤੀ ਜਰੂਰੀ ਹੈ

ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਪੰਜਾਂ ਕਕਿਆਂ ਦੀ ਰਹਿਤ ਅਤੀ ਜਰੂਰੀ ਦਸੀ ਹੈ-

ਰਹਿਤਵਾਨ ਜਗ ਸਿੰਘ ਜੋ ਕੋਈ। ਗੁਤਕੇ ਲੋਗ ਬਸੇਂਗੇ ਤੋਈ।

**"ਰਹਿਣੀ ਰਹ ਸੋਈ ਸਿਖ ਮੇਰਾ।**
**ਓਹ ਸਾਹਿਬ ਮੈਂ ਉਸਕਾ ਚੇਰਾ॥"**

ਰਹਿਤ ਇਨਾਂ ਨਹਿ ਸਿਖ ਕਹਾਵੈ। ਰਹਿਤ ਬਿਨਾਂ ਦਰ ਚੋਟਾਂ ਖਾਵੈ।
ਰਹਿਤ ਬਿਨਾਂ ਸੁਖ ਕਬਹੂੰ ਨ ਲਹੈ। ਤਾਂਤੇ ਰਹਿਤ ਸੁ ਦ੍ਰਿੜ ਕਰ ਰਹੈ।
(ਰਹਿਤ ਨਾਮਾ)

ਕੇਸਾਂ ਤੋਂ ਉਤਰਕੇ ਕਛ ਹੈ ਜੋ ਸ੍ਰੀ ਰਾਮਚੰਦਰ ਹਨੂਮਾਨ ਨਲ ਨੀਲ ਪੰਜੇ ਪਾਂਡਵ ਵੀ ਪਹਿਰਦ ਸਨ ਯਥਾ ਹਨੂਮਾਨ ਨਾਟਕ ਵਿਚ ਲਿਖਿਆ ਹੈ--

"ਰਾਮ ਲਛਮਨ ਜੂ ਸੋ ਬੋਲ ਕਹਿਓ ਕੁਲ ਪੂਜ ਆਯੋ ਹੈ ਪ੍ਰਭਾਤ ਹੋਤੇ ਜਨਕ ਕੇ ਜਾਏ ਹੋ। ਜੋ ਕਹੋ ਤੋ ਰਾਜਾ ਦਸਰਥ ਜੂ ਪੈ ਪਹੁੰਚਾਊਂ ਨਹੀਂ ਸੰਗ ਚਲੋ ਤੁਮੈ ਕੌਤਕ ਦਖਾਏ ਹੋ। ਛੋਟਾ ਸੀ **ਕਛੋਟੀ ਕਟ ਧਨ ਹੂੰ ਨ ਮੋਟੀ ਕਰ ਚੋਟੀ ਧਰ ਕਹਯੋ ਕੈਹ ਹੋਹੂੰ ਤੋ ਚਢਾਯੋ ਹੋ।** ਰਾਜਾ ਤੋ ਜਨਮ ਰਿਖ ਰਾਜ ਤੇ ਮੈਂ ਪਾਇਯੋ ਗੁਨ ਐਸੇ ਸ਼ਿਵਕੇ ਧਨਖ ਹੂੰ ਤੇ ਗੁਨ ਪਾਇ ਹੋ।

ਕਛਹਿਰੇ ਦੇ ਪਹਿਣਨ ਤੇ ਆਦਮੀ ਸੂਰਬੀਰ ਛਤ੍ਰੀ ਮਾਲੂਮ ਦੇਂਦਾ ਹੈ ਤੇ ਲਜਾ ਸ਼ਰਮ ਬਣੀ ਰੈਂਹਦੀ ਹੈ। ਧੋਤੀ ੫ ਗਜ਼ ਦੀ ਬਨੇਗੀਤੇਕਛਾਂ੫ਗਜਦੀਆਂ ੪੬ਨਣਗੀਆਂ।ਫਿਰਕਛਵਿਚ ਪੜਦਾ ਹੈ ਧੋਤੀਵਿਚ ਪੜਦਾਨਹੀਂ ਕਛਹਿਰੇ ਵਿਚ ਨਾਲੇ ਖਰਚਦਾਬਚਾਓ ਛਾਲੇ ਗੁਰੂ ਜੀ ਦੀ ਆਗਿਆ ਮੰਨਨ ਤੇ ਪੂਲੋਕ ਸੌਰੂ ਸੋ ਕਛਹਿਰਾ ਪਹਿਰਨਾ ਅਤੀ ਜਰੂਰੀ ਹੈ॥

ਤੀਜਾ ਚਿੰਨ ਖਾਲਸੇ ਜੀਦਾ ਕ੍ਰਿਪਾਨ ਹੈ, ਸਿਸ਼ਟੀ ਕਰਤਾ ਵੇਲੇ ਅਕਾਲ ਪੁਰਖ ਨੇ ਸਭ ਤੋਂ ਪੈਹਲੇ ਖੰਡਾ ਪ੍ਰਗਟ ਕੀਤਾ ਜੈਸੇ ਦਸਮ ਗ੍ਰੰਥ ਵਿਚ ਲਿਖਿਆ ਹੈ "ਖੰਡਾ ਪ੍ਰਿਥਵੀ ਸਾਜਕੇ ਜਿਨ ਸਭ ਸੰਸਾਰ ਉਪਾਇਆ" ਵਿਸ਼ਨੂੰ ਭਗਵਾਨ, ਸ਼ਿਵਜੀ, ਦੇਵੀ ਸਭ ਦੇ ਹਥ ਵਿਚ ਖੜਗ ਹੈ। ਸੂਰਬੀਰ ਜੋਧਾ ਦਾ ਪੂਰਾ ਨਿਸ਼ਾਨ ਹੈ। ਮਹਾਰਾਜ ਨੇ ਲਿਖਿਆ ਹੈ--

"ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰ ਤੀਰ।
ਸੈਫ ਸਰੋਹੀ ਸੈਹਥੀ ਏਹੀ ਹਮਾਰੇ ਪੀਰ॥"।

ਚੌਥਾ ਕਕਾ ਸਿੱਖ ਧਰਮ ਦਾ ਕੰਘਾ ਹੈ ਉਸਦਾ ਅੰਤ੍ਰੀਵ ਭਾਵ ਇਹ ਹੈ ਕਿ ਭਾਈ ਜਿਸਤਰਾਂ ਕੰਘਾ ਕੇਸਾਂ ਦੀ ਸਫਾਈ ਕਰਦਾ ਹੈ। ਇਸਤਰਾਂ ਮਨ ਨੂੰ ਸਾਫ ਕਰਕੇ ਅਰ ਕੇਸਾਂ ਦੀ ਰਖਿਆ ਕਰਕੇ ਸਫਾਈ ਰਖਦਾ ਹੈ। ਦੋ ਵੇਲੇ ਕੰਘਾ ਕਰਨਾ ਲਿਖਿਆ ਹੈ॥

"ਕੰਘਾ ਦੋਨੋ ਵਕਤ ਕਰ ਪਾਗ ਚੁਣੈ ਜੋ ਬਾਂਧ ਹੀ।
ਦਾਤਨ ਕਰੇ ਸੋ ਨਿਤ ਕਿਉਂ ਦੁਖ ਪਾਵੈ ਲਾਲ ਜੀ।
ਸੋ ਕੰਘਾ ਰਖਣਾ ਅਤੀ ਜਰੂਰੀ ਹੈ॥

ਪੰਜਵਾਂ ਕਕਾ ਸਿਖ ਧਰਮ ਦਾ ਕੜਾ ਹੈ ਇਸਦਾ ਅੰਤ੍ਰੀਵ ਭਾਵ ਇਹਹੈ ਕਿਬਗਾਨੀ ਚੀਜਨੂੰ ਹਥ ਨਹੀਂ ਲਗਾਉਣਾਖਾਲਸੇ ਦਾ ਭੂਸ਼ਨ "ਸਰਬ ਲੋਹ ਦੀ ਰਛਾ ਹਮਨੈ" ਰਛਿਆ ਹਿਤ ਹੈ ਸੋ ਇਸਨੂੰ ਜਰੂਰ ਰਖਨਾ ਚਾਹੀਏ ਇਹ ਦੁਸ਼ਮਨ ਦੀ ਵਾਰਨੂੰ ਬਚਾਉਂਦਾ

ਅਤ ਸ਼ਸਤ੍ਰ ਦਾ ਕੰਮ ਭੀ ਦੇਂਦਾ ਹੈ। ਭੁਜਾ ਵਿਚ ਪਾਇਆ ਹੋਇਆ ਪਾਪ ਨੂੰ ਰੋਕਦਾ ਹੈ। ਇਸਦਾ ਧਾਰਨ ਕਰਨਾ ਅਤੀ ਯੋਗ ਹੈ॥

## ਜੋ ਗੁਰ ਸਿਖੀ ਤੋਂ ਗਿਰੇਗਾ ਉਸਦਾ ਲੋਕ ਪ੍ਰਲੋਕ ਵਿਗੜੇਗਾ

ਜੋ ਅਪਨੇ ਗੁਰ ਤੇ ਮੁਖ ਫਿਰ ਹੈਂ।
ਇਹਾਂ ਉਹਾਂ ਤਿਨਕੇ ਗਜ ਗਿਰ ਹੈਂ।
ਇਹਾਂ ਉਪਹਾਸ ਨ ਸੁਰਪੁਰ ਬਾਸਾ।
ਸਭ ਘਾਤਨ ਤੇ ਰਹੈ ਉਦਾਸਾ।
ਦੁਖ ਭੁਖ ਤਿਨਕੋ ਰਹਿ ਲਾਗੀ।
ਸਤ ਸੇਵ ਤੰ ਜੋ ਹੈਂ ਤ੍ਯਾਗੀ।
ਜਗਤ ਵਿਖੈ ਕੋਊ ਕਾਮ ਨ ਸਰਹੀ।
ਅੰਤਹਿ ਕੁੰਡ ਨਰਕ ਮਾਹਿ ਪਰਹੀ।
ਗੁਰਪਗ ਤੇ ਜੋ ਬੇਮੁਖ ਸਿਧਾਰੇ।
ਇਹਾਂ ਉਹਾਂ ਤਿਨਕੇ ਮੁਖ ਕਾਰੇ।
ਪੁਤ੍ਰ ਪੌਤ੍ਰ ਤਿਨਕੇ ਨਹਿ ਫਿਰੈਂ।
ਦੁਖ ਦੇ ਮਾਤ ਪਿਤਾ ਕੋ ਮਰੈਂ।
ਗੁਰ ਦੋਖੀ ਸਗ ਕੀ ਮ੍ਰਿਤ ਪਾਵੈ।
ਨਰਕ ਕੁੰਡ ਡਾਰੇ ਪਛਤਾਵੈ।

ਇਸ ਪ੍ਰਕਾਰ ਜੋ ਸਿਖੀ ਤੋਂ ਗਿਰ ਜਾਵੇਗਾ ਅਰ ਗੁਰੂ ਮਹਾਰਾਜ ਤੋਂ ਆਪਣਾ ਨਿਹਚਾ ਛਡ ਦੇਵੇਗਾ ਉਸਦਾ ਬੁਰਾ ਹਾਲ ਹੋਵੇਗਾ। ਇਸ ਕਰਕੇ ਸਦਾ ਸਿਖੀ ਵਿਚ ਪਕਿਆਂ ਰੈਹਣਾ ਚਾਹੀਦਾ ਹੈ ਕਦਾਚਿਤ ਨਹੀਂ ਗਿਰਨਾ ਚਾਹੀਦਾ ਅਰ ਜੋ ਕੋਈ ਗੁਰੂ ਮਹਾਰਾਜ ਦੀ ਚਰਨੀ ਲਗਾ ਰਹੇਗਾ ਓਹ ਸਦਾ ਸੁਖੀ ਰਹੇਗਾ॥

"ਜੇ ਜੇ ਗੁਰ ਚਰਨਣ ਰਤ ਹ੍ਵੈ ਹੈ।

ਤਿਨਕੇ ਕਸ਼ਟ ਨ ਦੇਖਨ ਪੈ ਹੈਂ।
ਰਿਧ ਸਿਧ ਤਿਨਕੇ ਗ੍ਰਿਹਿ ਮਾਹੀਂ।
ਪਾਪ ਤਾਪ ਹ੍ਵੈ ਸਕੈ ਨ ਛਾਹੀ"।

## ਗੁਰੂ ਘਰ ਵਿਚ ਜਾਤ ਪਾਤ ਦਾ ਖਿਆਲ ਨਹੀਂ

'ਚਾਰ ਵਰਨ ਕੇ ਏਕੋ ਭਾਈ।' ਸ੍ਰੀ ਗੁਰੂ ਮੁਖ ਤੇਂ ਇਹ ਇਲਾਈ।

॥ ਦੋਹਰਾ ॥

ਜਾਤ ਵਰਨ ਕੀ ਕਾਨ ਤਜ ਮਿਲਹਿ ਖਾਲਸੇ ਸੰਗ।
ਗਰਬਾਣੀ ਸੇ ਪ੍ਰੇਮ ਕਰ ਮਣ ਰਪ ਗੂੜ੍ਹਾ ਰੰਗ।

॥ ਚੌਪਈ ॥

ਪ੍ਰਿਥਵੀ ਮਲ ਅਰ ਤੁਲਸਾ ਦੋਇ।
ਹੁਤੇ ਜਾਤ ਕੇ ਭਲੇ ਸੋਇ।
ਸੁਨ ਦਰਸ਼ਨ ਕੋ ਤਕਦਲ ਆਏ।
ਨਮੋ ਕਰੀ ਬੈਠੇ ਤਿਸ ਆਏ।
ਉਰ ਹੰਕਾਰ ਗਿਰਾ ਉਚਾਰੀ।
ਏਕੋ ਜਾਤ ਹਮਾਰੀ ਤੁਮਾਰੀ।
ਸ੍ਰੀ ਗੁਰੂ ਅਮਰ ਭਇਓ ਸੁਨ ਕੋਇ।
ਜਾਤ ਪਾਤ ਗੁਰ ਕੀ ਨਹਿ ਕੋਇ।
ਉਪਜਹਿ ਜੇ ਸਰੀਰ ਜਗ ਮਾਹੀਂ।
ਇਨਕੀ ਜਾਤ ਸਾਚ ਸੋ ਨਾਹੀਂ।
ਬਿਨਸ ਜਾਤ ਇਹ ਜਹਿ ਜਹਿ ਹੋਇ।
ਆਗੇ ਜਾਤਿ ਜਾਤ ਨਹਿ ਕੋਇ।

"ਅਗੈ ਜਾਤਿ ਨ ਜੋਰਿ ਨ । ਅਗੈ ਜੀਉ ਨਵੇਂ ।
ਜਿਨਕੀ ਲੇਖੈ ਪਤ ਪਵੈ ਚੰਗੇ ਸੇਈ ਕੇਇ ॥"

॥ ਚੌਪਈ ॥

ਇਮ ਸ੍ਰੀ ਨਾਨਕ ਬਾਕ ਉਚਾਰਾ।
ਅਗੇ ਜਾਤਿ ਨ ਜੋਰ ਸਿਧਾਰਾ।
ਉਪਜੈ ਤਨ ਇਥਹੀ ਖਿਨ ਸੰਤੇ।
ਆਗੇ ਸੰਗ ਨ ਕਿਸੇ ਚਲੰਤੇ।
ਸਿਮਰਯੋ ਜਿਨ ਸਤਨਾਮ ਸਦੀਵਾ।
ਸਿਖਨ ਸੇਵ ਕਰੀ ਮਨ ਨੀਵਾ।

---

# ਪੰਜਾਂਪਿਆਰਿਆਂਦੇ ਜਥੇਦਾਰ ਭਾਈ ਦਯਾਸਿੰਘ ਜੀਦਾ ਰਹਿਤ ਨਾਮਾ

( ੧ ) ਗੁਰਕਾ ਸਿਖ ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ ਬ੍ਰਹਮਨ, ਪੂਛਣਾ, ਤਰਪਣ, ਗਾਯਤ੍ਰੀ, ਕਿਤੇ ਵਲ ਚਿਤ ਦੇਵੈ ਨਾਹੀਂ ॥

( ੨ ) ਖਾਲਸਾ ਸੋ ਜਿਨ ਤਨ, ਮਨ, ਧਨ, ਅਕਾਲ ਪੁਰਖ ਨੂੰ ਸੌਂਪਿਆ ਹੈ ॥

( ੩ ) ਜਨੇਊ ਪਾਇ ਕਰਮ ਮਿਰਤ ਸਾਰਾਧ ਪਿਤ੍ਰ ਵਿਵਾਹ ਆਦਿਕ ਨਾਂ ਕਰਾਵੇ ਸਭ ਜੁਗਤੀ ਗੁਰੂ ਕੀ ਮਰਯਾਦਾ ਅਦਾਰਸ ਸੇ ਕਰੇ ॥

(੪) ਕਿਸੀ ਕਾ ਕਾਰਜ ਹੋਵੇ ਉਸਕੋ ਸਵਾਰੇ।

(੫) ਗੁਰਦੁਵਾਰੇ ਜਾਵੇ ਮਾਰਗ ਮੇਂ ਬ੍ਰਹਮਗੁਰਜ ਧਾਰੇ।

(੬) ਜਿਸਨੂੰ ਕੋਈ ਕੁੜਮਾਈ ਕਰੇ ਨਾਂਹੀ ਤਿਸਨੂੰ ਲੋਚਕੇ ਕਰੇ ਕਰਾਵੇ ਕੁਸਿਖ ਹੋਵੇ ਤਿਸਕੋ ਸਿਖ ਕਰੇ।

(੭) ਕੰਨਿਆਂ ਕੋ ਮਾਰੇ, ਮੋਨੇਕੋ ਕੰਨਿਆਂ ਦੇਵੈਸੋ ਤਨਖਾਹੀਆ

॥ ਦੋਹਰਾ ॥

(੮) ਸਿਖ ਕੋ ਸਿਖ ਪੁਤ੍ਰੀ ਦਈ ਸੁਧਾ ਸੁਧਾ ਮਿਲ ਜਾਇ॥
ਦਈ ਭਾਦਣੋ ਕੇ ਸੁਤਾ ਅਹਿਮੁਖ ਅਮੀ ਚੁਆਧ॥

(੯) ਨਾਕ ਕਾਨ ਨਾਂ ਛੇਦੇ ਅਖੰਡ ਰਹੇ।

(੧੦) ਚੌਥੇ ਦਿਨ ਕੇਸੀ ਇਸ਼ਨਾਨ ਕਰੇ।

(੧੧) ਸੁਰਮਈ, ਸਵੇਤ, ਪੀਲੇ ਹਰੇ ਵਸਤ੍ਰ ਧਾਰੇ।

(੧੨) ਸਿੰਘੋ ਕੋ ਬਰਾਬਰ ਕਾ ਭਾਈ ਸਮਝੇ।

(੧੩) ਜਿਸਕੇ ਭੀਤ੍ਰ ਧ੍ਰੋਹ ਹੈ ਵੋ ਨਰਕ ਕੋ ਜਾਵੇਗਾ।

(੧੪) ਸਰਵਰ ਆਦਿਕ ਦੀ ਸੀਰਨੀ ਜੋ ਖਾਵੇ ਸੋ ਤਨਖਾਹੀਆ।

(੧੫) ਤਿਲਕ, ਧਾਗਾ, ਕਾਠਦੀ ਮਾਲਾ ਧਾਰੇ ਸੋ ਤਨਖਾਹੀਆ।

(੧੬) ਪਾਂਚ ਸਿੰਘ ਮਿਲ ਕਰ ਰਹਿਤ ਬਿਬੇਕ ਕਾ ਗੁਰਮਤਾ ਕਰ।

(੧੭) *ਗੋਡੇ ਵਾਲੀ ਕਛ ਨਾਂ ਪਹਿਰੇ ਜੋ ਪਹਿਰੇ ਸੋ ਤਨਖਾਹੀਆ।

(੧੮) ਲੰਗਰ ਮੇਂ ਚੌਂਕਾ ਮਿਟੀ ਕਾ ਦੇਵੇ।

(੧੯) ਹਿੰਦੂ ਮੁਸਲਮਾਨ ਕੀ †ਕਾਣ ਕੋ ਮੇਟੇ।

(੨੦) ਏਕਾਦਸ਼ੀ ਆਦਿਕ ਬ੍ਰਤ ਨਾਂ ਧਾਰੇ।

(੨੧) ਅਨੰਦ ਬਿਨਾਂ ਵਿਵਾਹ ਨਾਂ ਕਰੇ।

(੨੨) ਘੋੜੇ ਔਰ ਬਸਤ੍ਰ ਕੀ ਸਾਰ ਰਖੇ—

(੨੩) ਲੋਭ ਕਰ ਖਾਇ ਅਰ ਪ੍ਰਸ਼ਾਦ ਕੋ ਨਿੰਦੇ ਸੋ ਤਨਖਾਹੀਆ ਹੈ।

(੨੪) ਜੋ ਸ਼ਰਾਧ ਵਿਵਾਹ ਬ੍ਰਾਹਮਣ ਸੇ ਕਰਾਵੇ §ਗੁਰੂ ਕੀ ਰੀਤ ਨਾਂ ਕਰੇ ਸੋ ਤਨਖਾਹੀਆ।

---

*ਗੋਡਿਆਂ ਵਾਲੀ ਕੱਛ ਪੁਰਾਣੇ ਸਿਖ ਪਜਾਮੇ ਦੀ ਥਾਂ ਤੇ ਪਾਉਂਦੇ ਸਨ ਹੇਠ ਬ੍ਰਾਬਰ ਛੋਟੀ ਕਛ ਪਹਿਰਦੇ ਸਨ ਜੈਸੇ ਲਿਖਿਆ ਹੈ "ਦੋ ਦੋ ਲਘੁ ਕਛ ਹੋਤੀ ਸਭਕੇ" ਲਘੁ ਨਾਮ ਛੋਟੀ ਹੈ। ਬੜੀ ਕਛ ਦੀ ਲੋੜ ਜੀਨ ਸਵਾਰੀ ਕਰਨ ਵੇਲੇ ਸਿਖਾਂ ਨੂੰ ਪੈਂਦੀ ਸੀ।

†ਜਬ ਲਗ ਰਹੇ ਖਾਲਸਾ ਨਿਆਰਾ। ਤਬ ਤੇਜ ਦੀਆ ਮੈਂ ਸਾਰਾ। ਜਬ ਗਹੇ ਬਿਪਨ ਕੀ ਰੀਤ। ਮੈਂ ਨ ਕਰੋ ਤਿਨ ਕੀ ਪਰਤੀਤ॥

§ਅਰਥਾਤ ਆਪਣੇ ਘਰ ਦੀ ਕੁਲ ਰੀਤੀ ਜਨਮ, ਵਿਵਾਹ, ਮ੍ਰਿਤਕ ਸੰਸਕਾਰ ਆਦਿਕ ਗੁਰਮਤਯਾਦਾ ਅਨੁਸਾਰ ਕਰੇ।

# ਦਸਮ ਗੁਰੂ ਜੀ ਦਾ ਅਨੰਦ ਪੁਰ ਵਿਚ ਸਾਹਿਬ ਜਾਦਿਆਂ ਅਰ ਪਹਾੜੀ ਰਾਜਿਆਂ ਨੂੰ ਖਾਲਸਾ ਹੋਣ ਦਾ ਕਹਿਣਾ।

ਇਕ ਵੇਰ ਮਹਾਰਾਜ ਨੇ ਸ੍ਰੀ ਅਨੰਦ ਪੁਰ ਵਡਾ ਭਾਰੀ ਦੀਵਾਨ ਦੀ ਘਮਾਲਾ ਤੇ ਲਗਾਇਆ ਦੂਰੋਂ ੨ ਸੰਗਤਾਂ ਆਈਆਂ ੪ ਖਾਨਦਾਨ ਸਾਹਿਬ ਜਾਦੇ ਆਏ. ਬਾਈ ਧਾਰ ਪਹਾੜੀ ਰਾਜੇ ਆਏ ਵਡੀ ਧੂਮਧਾਮ ਨਾਲ ਦੀਵਾਨ ਸਜਾਯਾ। ਸ੍ਰੀ ਗੁਰੂ ਜੀ ਨੇ ਸਾਹਿਬ ਜਾਦਿਆਂ ਨੂੰ ਅੰਮ੍ਰਿਤ ਛਕਨ ਦੀ ਆਗਿਆ ਕੀਤੀ ਅਤੇ ਕਿਹਾ ਕੇ ਅੰਮ੍ਰਿਤ ਛਕਕੇ ਦੀਨ ਦੁਨੀ ਦੀ ਇਜ਼ਤ ਹਾਸਲ ਕਰੋ ਅਰ ਪੰਥ ਦੇ ਮੋਹਰੀ ਬਣਕੇ ਧਰਮ ਦੀ ਲਾਜ ਰਖੋ ਤਾਂ ਉਨ੍ਹਾਂ ਨੇ ਆਖਿਆ—

॥ ਦੂਜਾ ਛੰਦ ॥

ਨੇਤ੍ਰ ਤੁਰਸ਼ ਕਰ ਬੋਲੇ ਸੋ ਕਿਆ ਹਮ ਹੈਂ ਆਗੇ ਧਾਹੀ।
ਨਾਈ ਝੀਵਰ ਛੀਂਬੇ ਜਟਨ ਸੰਗ ਖੁਵਾਕੇ ਸਾਨੂੰ।
ਸ਼ੰਕਰਵਰਨ ਕਰਯੋ ਚਹਿ ਨਿਜ ਸਮ ਇਹੁ ਸਿਖਯਾ ਦੇਹੋ ਕਾਨੂੰ।
ਹਮ ਹੈਂ ਖਤ੍ਰੀ ਉਤਮ ਜਾਤੀ ਜਨਮੇਂ ਗੁਰ ਕੁਲ ਮੇਂ ਹੈਂ।
ਪੰਥ ਤੁਮਾਰੇ ਸੂਦਰ ਸੋ ਮਿਲ ਹਮ ਕਿਉਂ ਸੂਦਰ ਥੇਂ ਹੈਂ।
ਇਹ ਉਤ੍ਰ ਸੁਨ ਸਤਿਗੁਰ ਬੋਲੇ ਜਾਤ ਅਭਿਮਾਨ ਤੁਮੈ ਹੈਂ।
ਜਾਤਿ ਦੇਹ ਅਭਿਮਾਨੀ ਕਾ ਗੁਲ ਹਾਰ ਜਗਾਨ ਪੈ ਹੈਂ।
ਪਰਮੇਸ਼ਰ ਘਰ ਗੁਰੁ ਨਾਨਕ ਕੋ ਹੈ ਅਤਿ ਭਗਤ ਪਿਆਰੀ।
ਇਸੀ ਹੇਤ ਭਗਤਨ ਮਹਿਮਾ ਗੁਰੂ ਗ੍ਰੰਥ ਉਚਾਰੀ।
ਜੋ ਜੋ ਤਰਿਓ ਪੁਰਾਤਨ ਨਵਤਨ ਭਗਤਿ ਭਾਵਮੈ ਤਰਿਓ।
ਜੋ ਡੁਬਿਓ ਅਭਿਮਾਨੀ ਡੁਬਿਓ ਸ੍ਰੀ ਗੁਰੂ ਗ੍ਰੰਥ ਉਚਰਿਓ।
ਜਯੋ ਬ੍ਰਾਹਮਨ ਕਾ ਸੁਤ ਹੋਇ ਬ੍ਰਾਹਮਨ ਛਤ੍ਰੀ ਕਾ ਹੋਇ ਛਤ੍ਰੀ।
ਤਯੋਂ ਹੀ ਪੰਥ ਖਾਲਸਾ ਹਮਰਾ ਹੈ ਸੁਤ ਅਤਰੀ ਅਤਰੀ।
ਸੂਦਰ ਸ਼ੰਕਰ ਵਰਣ ਜੋ ਤੁਮਨੇ ਜਿਦ ਬ੍ਰਿਥਾਦੇ ਕਰ ਡ

ਬੋਲ ਨ ਕੂਰ ਸੁਮਾਨ ਪਾਪ ਨਹਿ ਸੋ ਤੁਮਹੂੰ ਗਹਿ ਰਾਖਾ।
ਅਬ ਤੁਮ ਮੇਰੇ ਕਹੇ ਨ ਅੰਮ੍ਰਿਤ ਮੇਰ ਹਥੋਂ ਲੈਹੋ।
ਫਿਰ ਇਨ ਹੀ ਸਿੱਘਨ ਤੇ ਛਕ ਹੋ ਸੂਦਰ ਜਿਨੈ ਕਤੇ ਹੋ।
ਘਰ ਘਰ ਫਿਰ ਇਨਕੇ ਅਰਦਾਸਾਂ ਲਹੋ ਵਾਂਗ ਫਕੀਰੇ।
ਇਨਹੀ ਤੇ ਘਰਵਾਰ ਸਜੈਹੁ ਤੁਮ ਦੇ ਹੈਂ ਇਹੋ ਜਗੀਰੇ।

॥ ਦੋਹਰਾ ॥

ਛਾਨ ਬੀਸ ਕੋ ਪਰਖ ਕੇ ਫੇਰ ਪਹਾੜੀ ਭੂਪ।
ਦੂਸਰ ਦਿਨ ਹਿਤ ਪਰਖ ਬੇ ਬੋਲ ਲਏ ਗੁਰ ਖੂਪ।

॥ ਦੂੰਧਾ ਛੰਦ ॥

ਉਸਹੀ ਮੇਲ ਮੇਂ ਖੇ ਰਾਜੇ ਜਿਤਕ ਪਹਾਰੀ ਆਏ।
ਸਭਾ ਵੀਚ ਬੁਲਵਾਇ ਗੁਰੂ ਜੀ ਆਦਰ ਸਾਥ ਬਠਾਏ।
ਧਰਮ ਕਰਮ ਮਰਯਾਦਾ ਜਗ ਕੀ ਅਨਕ ਭਾਂਤ ਕਰ ਬਾਤੇਂ।
ਬੋਲੇ ਗੁਰ ਅਬ ਹਿੰਦ ਧਰਮ ਕੋ ਰਾਖਤ ਹਿਤ ਬਖਿਆਤੇਂ।
ਹਿੰਦਨ ਕੋ ਬਕਰਾ ਭੇਡਨ ਸਮ ਸਮਝ ਰਖਿਯੋ ਹ ਤੁਰਕਾ।
ਉਨਕੋ ਬਕਰਯੋਂ ਸਮ ਮਾਰਨਹਿਤ ਹਮ ਰਚਿਓ ਸਿੰਘ ਬੁਰਕਾ।
ਕਾਇਰ ਕੀਰ ਬਨ ਰਹੇ ਹਿੰਦੂ ਜੋ ਗਰੀਬ ਅਬ ਭਾਰੇ।
ਇਸਮੇਂ ਕਠਨ ਬੀਰ ਰਸ ਵਰਕੇ ਕਰਹੋਂ ਗਫ ਕਰਾਰੇ।
ਸੂਰ ਬੀਰ ਜੋਧੇ ਇਹੁ ਜੰਗੀ ਬੈ ਹੈਂ ਸਭ ਸਿੰਘ ਸਜਕੇ।
ਜੋ ਅਬ ਪੇਖ ਤੁਰਕਨ ਕੋ ਇਹੋ ਹਟੈਂਗੇ ਗਜਕੇ।
ਤੁਮ ਭੀ ਛਕ ਖੰਡੇ ਕਾ ਅੰਮ੍ਰਿਤ ਸਜੋ ਸਿੰਘ ਗੁਰ ਘਰਕੇ।
ਮੁਖੀਏ ਪੰਥ ਖਾਲਸੇ ਕੇ ਬਨ ਮਾਰਹੁ ਸਤ੍ਰੂਹਿ ਲਰਕੇ।
ਹੋ ਅਬ ਚੌਗਤਯੋਂ ਕੀ ਸ਼ਾਹੀ ਸੂਰਜ ਸੰਝ ਸਮਾਨੇ।
ਹੋਯੋ ਚਹਤ ਗਰਕ ਅਤੇ ਸੀਘ੍ਰ ਤੁਮ ਇਕ ਬਨੋ ਬਹਾਨੇ।
ਬਾਦਸ਼ਾਹ ਫਿਰ ਤੁਮਹੀ ਹੋਹੋ ਭਾਰਤ ਭੂਮੀ ਕੇਰੇ।
ਹਿੰਦੂ ਤੁਰਕ ਤੁਮਾਰੀ ਪਰਜਾ ਰੈਹੈਂ ਸਬਨਾ ਬਧੇਰੇ।
ਸੁਨ ਗੁਰ ਬਚਨ ਨ੍ਰਿਪ ਪੁਨ ਬੋਲੇ ਹਮ ਛਤ੍ਰੀ ਕੁਲਵੰਤੇ।
ਜੇਊ ਟਿਕਾ ਠਾਕੁਰ ਪੂਜਾ ਜਾਤ ਭੇਦ ਵਰਤੰਤੇ।

ਚਾਰ ਵਰਨ ਕੇ ਏਕੋ ਭਾਈ ਸ਼ੀਘਰ ਤੁਮਰੇ ਭਨ ਹੈਂ।
ਤੁਮਰੇ ਸਿੱਖ ਘਨੇ ਹੈ ਸੂਦਰ ਹਮ ਮਿਲ ਸੂਦਰ ਬਨ ਹੈਂ।
ਸਿੱਖੀ ਧਰਮ ਨ ਹਮ ਤੇ ਨਿਬਹੈ ਜੋਤੁਮ ਰਹਿਤ ਧਰਾਇਆ।
ਦੇਸਰੀਤਿ ਆਚਰਨ ਇਸ਼ਟਕੁਲ ਤਜਯੋ ਨ ਜਾਇ ਤਜਾਯਾ।
ਫਿਰ ਹਮ ਹੈਂ ਪਾਤਿਸ਼ਾਹੀ ਬੰਦੇ ਜੇ ਬਿਗਰੇ ਉਸ ਸੰਗੇ।
ਰਾਜ ਹਮਾਰੇ ਇਹ ਭੀ ਛਿਨ ਹੈ ਸਾਰੈ ਪਕਰ ਕੁਟੰਗੇ।
ਇਹੁ ਜਵਾਬ ਸੁਨ ਸਤਿਗੁਰ ਬੋਲੇ ਅਹੋ ਪਹਾਰੂ ਭੀਰੂ।
ਇਸ ਕਾਇਰਤਾ ਬੇ-ਇਤਫਾਕੀ ਨੇ ਕੀਨੇ ਤੁਮ ਕੀਰੂ।
ਜੈਸ ਪਵਾਰ ਚੁਹਾਨ ਸੇ ਲਖੀ ਕ੍ਰਿਤਮ ਛਤ੍ਰੀ ਥੀਏ।
ਤੈਸੇ ਬੇਦ ਬਿਧੀ ਯੁਤ ਹਮਨੇ ਸਿੱਖ ਛਤ੍ਰੀ ਕੀਏ।
ਬ੍ਰਹਮਨ ਛਤ੍ਰੀ ਜਨਮਤ ਸੂਦਰ ਫਿਰ ਦ੍ਵਿਜ ਹੋਤ ਪਰਮਾਨੋ।
ਤਯੋਂ ਹੀ ਸਿੱਖ ਗੁਰ ਘਰ ਜਨਮੇ ਹੋਏ ਦ੍ਵਿਜ ਪਹਿਚਾਨੋ।
ਸੋਢ ਬੰਸ ਛਤ੍ਰੀ ਕਰ ਇਨਕੋ ਰਾਜ ਜੋਗ ਮੈਂ ਦੀਓ।
ਬਾਜ ਬਟੇਰ ਭੁਜੰਗ ਤੇ ਕੇਹਰ ਪੰਥ ਖਾਲਸਾ ਥੀਓ।
ਪਰਜਾ ਤੇ ਹਾਕਮ ਕਰ ਦੀਨੇ ਹਿੰਦੂ ਤੁਰਕ ਤੈਂ ਨਿਆਰੇ।
ਜਮਨਾ ਤੇ ਕਾਬਲ ਲੌ ਇਨਕਾ ਰਾਜ ਹੋਇ ਹੈ ਸਾਰੇ।
ਤੁਮ ਭੀ ਇਨਕੀ ਪਰਜਾ ਥੈਹੋ ਸੂਦਰ ਜਿਨੈ ਬਰੇ ਹੋ।
ਦੀਨ ਬੰਧ ਮੈਂ ਤੁਬੈ ਸਦਾਊਂ ਦਾਨਨ ਰਾਜ ਛੁਰੀ ਹੋ।

(ਸ੍ਰੀ ਗੁਰੂ ਪੰਥ ਪ੍ਰਕਾਸ਼)

ਸੋ ਇਸਤ੍ਰਾ ਸ੍ਰੀ ਗੁਰੂ ਜੀਨੇ ਬਹੁਤ ਸਮਝਾਯਾ ਮਗਰ ਪਹਾੜੀ ਰਾਜੇ ਨਾ ਸਮਝੇ ਅਰ ਬੇ ਇਤਫਾਕੀ ਕਰਕੇ ਬਾਦਸ਼ਾਹ ਵਲ ਹੋ ਗਏ ਜਿਸਦਾ ਨਤੀਜਾ ਹੁਣ ਓਨਾਂ ਦੀ ਉਲਾਦ ਭੋਗ ਰਹੀ ਹੈ॥

## ਅਨੰਦ ਪੁਰ ਦਾ ਜੰਗ ਗੁਰੂ ਜੀ ਪਰ ਪਹਿਲਾ ਹਮਲਾ

ਸੰਮਤ ੧੭੫੭ ਬਿ: ਦਾ ਹੋਲਾ ਖੇਲਕੇ ਇਕ ਦਿਨ ਗੁਰੂ ਜੀ ਥੋੜੇ ਜੇਹੇ ਸਿਖਾਂ ਸਮੇਤ ਸ਼ਿਕਾਰ ਖੇਡਨ ਜਾ ਰਹੇ ਸੀ।

ਪਹਾੜੀ ਰਾਜੇ ਜੋ ਅਗੇ ਘਾਤ ਲਈ ਬੈਠੇ ਸਨ। ਜਾਂ ਬਲੀਆ ਚੰਦ ਆਲਮ ਚੰਦ ਗਲ ਆ ਪਏ ਤੇ ਸਿਖਾਂ ਨੇ ਖੂਬ ਹਥ ਦਿਖਾਏ। ਰਾਜੇ ਹੰਡੂਰੀ ਤੇ ਕਹਲੂਰੀ ਨੇ ਭੀ ਉਨ੍ਹਾਂ ਦਾ ਪਹੁੰਚਣ ਸੁਣਕੇ ਸਿਪਾਹ ਭੇਜੀ ਪਰ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਲੜਾਈ ਖਤਮ ਹੋ ਚੁਕੀ ਸੀ। ਜਿਸ ਵਿਚ ਬਲੀਆ ਚੰਦ ਬਹੁਤ ਜ਼ਖਮੀ ਹੋਕੇ ਪਿਛੇ ਮੁੜ ਪਿਆ। ਗੁਰੂ ਸਾਹਿਬ ਸਿੱਖਾਂ ਦੀ ਬਹਾਦਰੀ ਦੇਖਣੇ ਵਾਸਤੇ ਪਿਛੇ ਦਰਖਤ ਥਲੇ ਜਾ ਖਲੋਤੇ ਏਹ ਖਬਰ ਆਲਮ ਚੰਦ ਨੇ ਪਾਕੇ ਫਿਰ ਹਲਾ ਸਿਖਾਂ ਤੇ ਕਰ ਦਿਤਾ। ਭਾਵੇਂ ਸਿੱਖ ਲੜੇ ਤਾਂ ਬਹੁਤ ਪਰ ਗੁਰੂ ਸਾਹਿਬ ਜੀ ਨੂੰ ਨਾਂ ਦੇਖਕੇ ਘਾਬਰ ਗਏ। ਸੋ ਗੁਰੂ ਜੀ ਨੀਲੇ ਘੋੜੇ ਪਰ ਸਵਾਰ ਹੋਕਰ ਆਏ ਤੇ ਖੂਬ ਦੰਦ ਸਿਖਾਂ ਨੇ ਪਹਾੜੀਆਂ ਦੇ ਖਟੇ ਕੀਤੇ। ਗੁਰੂ ਜੀ ਨੇ ਭੀ ਧਨੁਖ ਦੀ ਟੰਕਾਰ ਕੀਤੀ ਤੇ ਤੀਰ ਚਲਾਏ। ਜਾਂ ਪਹਾੜੀਆਂ ਨੂੰ ਭਾਂਜ ਹੋ ਗਈ। ਫੇਰ ਤਾਂ ਸਿੱਖਾਂ ਨੇ ਚੰਗੀ ਵਾਢੀ ਵਰਗਾ ਕੰਮ ਕੀਤਾ ਉੜਕ ਜਦ ਪਹਾੜੀ ਬਿਲਕੁਲ ਨਸ ਗਏ। ਤਾਂ ਗੁਰੂ ਸਾਹਿਬ ਆਪਨੇ ਜ਼ਖਮੀਆਂ ਨੂੰ ਲੈਕਰ ਅਨੰਦ ਪੁਰ ਆ ਗਏ ਤੇ ਉਨ੍ਹਾਂ ਦੀ ਚੰਗੀ ਸੇਵਾ ਕੀਤੀ ਉਧਰ ਪਰਬਤੀ ਰਾਜਿਆਂ ਨੇ ਏਸ ਲੜਾਈ ਦਾ ਹਾਲ ਸੁਣਕੇ ਭਾਰੀ ਸ਼ੋਕ ਕੀਤਾ ਤੇ ਦੂਜੇ ਦਿਨ ਰਾਜੇ ਅਜਮੇਰ ਚੰਦ ਪਾਸ ਕਠੇ ਹੋਏ ਤੇ ਆਖਨ ਲਗੇ। ਇਸ ਗੁਰੂ ਦੇ ਅੰਮ੍ਰਿਤ ਵਿਚ ਕਿਡੀ ਸਖਤੀ ਹੈ ਜੀ ਜੋ ਗਵਾਰ ਛਕਕੇ ਗਿਦੜਾਂ ਤੋਂ ਸ਼ੇਰ ਬਨ ਜਾਂਦੇ ਹਨ। ਆਖਰ ਇਹ ਹਾਲ ਸੂਬੇ ਸਰਹੰਦ ਪਾਸ ਭੇਜ ਦਿਤਾ॥

## ਦੂਸਰਾ ਹਮਲਾ

ਏਸ ਹਾਰ ਤੋਂ ਪਹਾੜੀਆਂ ਨੂੰ ਬੜਾ ਕ੍ਰੋਧ ਆਇਆ ਤੇ ਚਿਪ ਚੜ ਗਈ ਤਦ ਸੂਬੇ ਸਰਹੰਦ ਤੋਂ ਕੁੰਮਕ ਲੀ ਤਤੇ ਅਨੰਦਪੁਰ ਉਤੇ ਹਮਲਾ ਕਰ ਦਿਤਾ। ਤਿੰਨ ਚਾਰ ਦਿਨ ਵਡੀ ਭਿਆਨਕ ਲੜਾਈ ਲਗੀ ਰਹੀ ਪੈਦੇ ਖਾਂ ਵਰਗੇ ਸੂਰਮੇ ਏਸੇ ਲੜਾਈ ਵਿਚ ਮਾਰੇ ਗਏ, ਜਿਸਦੇ ਕੰਨ ਵਿਚ ਤੀਰ ਲਗਾ ਸੀ। ਦੀਨਾ ਬੇਗ ਨੇ ਭਾਂਜ ਖਾਧੀ ਜਿਸਦਾ ਪਿਛਾ ਸਿਖਾਂ ਨੇ ਰਹਤਕ ਤਕ ਕੀਤਾ, ਗੁਰੂ ਜੀ ਨੇ

ਸਾਹਿਬਜ਼ਾਦੇ ਅਜੀਤ ਸਿੰਘ ਜੀ ਨੇ ਏਸ ਸੰਗ੍ਰਾਮ ਵਿਚ ਚੰਗੇ ਹਥ ਦਿਖਾਏ ਰਾਜਾ ਕੇਸਰੀ ਚੰਦ ਵੀ ਏਸੇ ਲੜਾਈ ਵਿਚ ਮਾਰਿਆ ਗਿਆ। ਏਥੇ ਹੀ ਲੜਾਈ ਵਿਚ ਪਹਾੜੀਆਂ ਨੇ ਸਿਵਾਲੀਆਂ ਦਾ ਹਾਥੀ ਮਸਤ ਕਰਕੇ ਅਨੰਦ ਪੁਰ ਦੇ ਦਰਵਾਜ਼ੇ ਉਪਰ ਸੁਟਿਆ ਜਦ ਏਹ ਖਬਰ ਗੁਰੂ ਜੀ ਨੂੰ ਪੁਜੀ ਤਾਂ ਕੇ ਅੰਮ੍ਰਿਤਸਰ ਨਿਵਾਸੀ ਦੁਨੀ ਚੰਦ ਮਸੰਦ ਨੂੰ ਆਗਿਆ ਕੀਤੀ ਕਿ ਹਾਥੀ ਨਾਲ ਜੁਧ ਕਰੇ। ਪਰ ਓਹ ਮਨ ਮੁਖ ਹੋਕੇ ਆਪਣੇ ਕਈ ਸਾਥੀਆਂ ਨੂੰ ਨਾਲ ਲੈਕੇ ਚੋਰੀ ਭਜ ਗਿਆ। ਕਿਲੇ ਤੋਂ ਚੋਰੀ ਟਪਣ ਵੇਲੇ ਉਸਦੀ ਲਤ ਟੁਟ ਗਈ। ਗਈ। ਵਡੀ ਦੁਖੀ ਹਾਲਤ ਨਾਲ ਅੰਮ੍ਰਿਤਸਰ ਜੀ ਪੁਜਾਇਆ ਗਿਆ ਤਾਂ ਘਰ ਵਿਚ ਪੈਰ ਰਖਦੇ ਸਾਰ ਹੀ ਸੱਪ ਨੇ ਡੰਗਿਆ ਤੇ ਪ੍ਰਾਨ ਨਿਕਲ ਗਏ। "ਮੂਸਾ ਡਰਿਆ ਮੌਤ ਤੋਂ ਅਗੇ ਮੌਤ ਖੜੀ" ਹੁਨ ਗੁਰੂ ਜੀ ਨੇ ਬਚਿਤ੍ਰ ਸਿੰਘ ਨੂੰ ਹਾਥੀ ਦੇ ਸਾਹਮਣੇ ਭੇਜਿਆ। ਇਸਦਾ ਕਦ ਭੀ ਛੋਟਾ ਜਿਹਾ ਤੇ ਬਹੁਤ ਫੁਰਤੀਲਾ ਜਾਤ ਦਾ ਰਾਠੌਰ ਸੀ ਏਸਨੇ ਗੁਰੂ ਜੀ ਦੇ ਹੁਕਮ ਅਨੁਸਾਰ ਬੜੀ ਚੰਗੀਤਰਾਂ ਟਾਕਰਾ ਕੀਤਾ ਤ ਹਾਥੀ ਦਾ ਮੂੰਹ ਮੋੜ ਦਿਤਾ। ਜਿਸਤੇ ਹਾਥੀਨੇ ਮੁੜਕੇ ਰਾਜਿਆਂ ਦੀ ਫੌਜ ਦਾ ਬਹੁਤ ਨੁਕਸਾਨ ਕੀਤਾ॥

ਏਹ ਮੈਦਾਨ ਫਤਹ ਕਰਕੇ ਗੁਰੂ ਜੀ ਕੀਰਤਪੁਰ ਆ ਵਿਰਾਜੇ ਇਸ ਵਕਤ ਗੁਰੂ ਜੀ ਪਾਸ ਬਹੁਤ ਸਿੰਘ ਕੁਰਬਾਨੀ ਕਰਨ ਵਾਲੇ ਸਨ, ਅਸਲ ਵਿਚ ਅਨੰਦ ਪੁਰ ਤੋਂ ਕੂਚ ਕਰਨ ਦਾ ਮਤਲਬ ਇਹ ਸੀ ਕਿ ਜਦੋਂ ਰਾਜੇ ਹਾਰ ਖਾ ਬੈਠੇ ਤਾਂ ਬਹੁਤ ਹੀ ਸ਼ਰਮਿੰਦੇ ਹੋਏ ਤੇ ਢੀਠ ਪੁਣੇ ਦੇ ਤਾਣ ਸਲਾਹ ਕਰਕੇ ਇਕ ਆਟੇ ਦੀ ਗਊ ਬਣਾਈ ਤੇ ਥਾਲੀ ਵਿਚ ਰਖਕੇ ਇਕ ਬ੍ਰਾਹਮਣ ਦੇ ਹਥ ਗੁਰੂ ਜੀ ਦੇ ਪਾਸ ਭੇਜਕੇ ਸੌਂਹ ਖਾਕੇ ਬੇਨਤੀ ਕਿ ਦੋ ਦਿਨ ਵਾਸਤੇ ਅਨੰਦ ਪੁਰ ਤੋਂ ਬਾਹਰ ਤੋਂ ਬਾਹਰ ਹੋ ਜਾਓ। ਜਿਸ ਕਰਕੇ ਸਾਡੀ ਰਾਜ ਪੂਤੀਦੀ ਆਨ ਬਣੀ ਰਹੇ। ਜਦ ਇਹ ਸੁਗੰਧ ਰਾਜਿਆਂ ਵਲੋਂ ਮਿਲੀ ਤਾਂ ਗੁਰੂ ਜੀ ਨੇ ਓਨਾਂ ਦੀ ਚਾਲਬਾਜ਼ੀ ਸਮਝ ਲਈ ਪਰ ਸਿੰਘਾਂ ਤੇ ਮਾਤਾ ਜੀ ਨੇ ਮਿਲਕੇ ਬੇਨਤੀ ਕੀਤੀ ਤਦ ਓਨਾਂ ਦਾ ਬਹੁਤ ਹਠ ਦੇਖਕੇ ਕੂਚ ਕਰਨਾ ਪਿਆ॥

# ਤੀਸਰਾ ਹਮਲਾ

ਇਹ ਹਾਰ ਖਾਕੇ ਬੇਸ਼ਰਮੀ ਦੇ ਤਾਣ ਸਾਰੇ ਪਹਾੜੀ ਰਾਜੇ ਫੇਰ ਸੂਬੇ ਸਰਹੰਦ ਪਾਸ ਜਾ ਪੁਜੇ ਤੇ ਵੀਹ ਹਜ਼ਾਰ ਰੁਪਯਾ ਦਿਤਾ ਤੇ ਇਹ ਭੀ ਸੁਣਿਆ ਕਿ ਰਾਜੇ ਭੀਮ ਚੰਦ ਨੇ ਇਕ ਸਾਕ ਭੀ ਦਿਤਾ ਇਹ ਹਿੰਦੂ ਰਾਜਿਆਂ ਦੀ ਬੜੀ ਭਾਰੀ ਗਲਤੀ ਸੀ ਜੋ ਆਪਣੀ ਲੜਕੀ ਦਾ ਸਾਕ ਮੁਸਲਮਾਨਾਂ ਨੂੰ ਦੇਂਦੇ ਸੀ ਜਿਸਦਾ ਅਸਰ ਬਹੁਤ ਬੁਰਾ ਹੋਇਆ॥

ਸੂਬੇ ਸਰਹੰਦ ਨੇ ਯਾਕੂਬ ਖਾਂ ਤੇ ਅਲੀ ਮਰਦਾਨ ਨੂੰ ਦੋ ਹੋਜ਼ਾਰ ਸਵਾਰ ਦੇਕੇ ਅਰ ਪਹਾੜੀ ਫੌਜ ਨੂੰ ਸਾਥ ਮੇਲਕੇ ਜੰਗ ਫੇਰ ਕੀਤਾ ੧੭ ਮਘਾਰ ਸੰਮਤ ੧੭੫੩ ਨੂੰ ਕੀਰਤਪੁਰ ਦੇ ਪਾਸ ਏਹ ਘਮਸਾਣ ਮਚਿਆ ਜਦ ਗੁਰੂ ਜੀ ਦਸਤਾਰ ਸਜਾ ਰਹੇ ਸਨ ਤੇ ਰਾਮ ਸਿੰਘ ਨਾਮੀ ਸਿੰਘ ਪਾਸ ਖਲੋਤਾ ਚੌਰ ਕਰ ਰਿਹਾ ਸੀ ਤਦ ਰਾਜੇ ਅਜਮੇਰ ਚੰਦ ਨੇ ਗੋਲਦਾਜ ਨੂੰ ਆਖਿਆ ਕਿ ਹੁਣ ਤਕ ਕੇ ਗੋਲਾ ਮਾਰ ਤਾਂ ਓਸਨੇ ਓਸੇ ਤਰਾਂ ਹੀ ਕੀਤਾ ਵਾਹਿਗੁਰੂ ਦੇ ਰੰਗ ਸਿੰਘ ਤਾਂ ਉਡ ਗਿਆ ਪਰ ਗੁਰੂ ਜੀ ਦਾ ਵਾਲ ਵਿੰਗਾ ਨਾ ਹੋਇਆ, ਤਾਂ ਗੁਰੂ ਜੀ ਨੇ ਕਰੋਧ ਕਰਕੇ ਤੀਰ ਕਮਾਨ ਫੜੀ ਤੇ ਓਹ ਤੀਰ ਵਰਸਾਏ ਕਿ ਵੈਰੀਆਂ ਦੇ ਛਕੇ ਛੁਡਾ ਦਿਤੇ ਜੈਸੇ ਇਕ ਸਜਨ ਨੇ ਦਸਿਆ ਹੈ॥

ਫੇਰ ਲੋਥਾਂ ਦੇ ਲਗਦੇ ਗੁਰ ਤੇ ਛੁਟੇ ਤੀਰ।
ਇਕ ਤੀਰ ਹੀ ਬਹੁਤਿਆਂ ਹਿਰਦੇ ਜਾਵੇ ਚੀਰ।
ਕੜ ਕੜ ਗੋਲੀ ਚਲ ਰਹੀ ਦੜ ੨ ਡਿਗਨ ਸਰੀਰ।
ਝੜ ਝੜ ਪੈਂਦੀ ਅਗ ਆ ਲੜ ਲੜ ਮਰਨ ਅਮੀਰ।
ਫੜ ਫੜ ਗੁਸੇ ਨਾਲ ਨੇ ਜੜ ਜੜ ਗੁਰ ਸਿਖ ਧੀਰ।
ਖੜ ਖੜ ਡਿਗਨ ਪਹਾੜੀਏ ਅੜ ਅੜ ਮੁਸਲੇ ਕੀਰ।
ਛਰ ਛਰ ਸੂਰਜ ਲੁਕ ਗਿਆ ਕਰ ਕਰ ਤੇਜ ਅਸੀਰ।
ਝਰ ਝਰ ਸਰਦੀ ਵਰਸਦੀ ਥਰ ਥਰ ਕੰਬਨ ਅਧੀਰ।

ਮਾਰ ਕਰੀ ਓਹ ਖਾਲਸੇ ਪਾਵਨ ਸਤਰ ਵਹੀਰ।
ਗਏ ਸਾਰੇ ਹਾਂ ਨਸਕੇ ਸਿੰਘ ਰਹੇ ਗੁਰ ਤੀਰ।

ਏਹ ਮੈਦਾਨ ਵੀ ਭਾਵੇਂ ਗੁਰੂ ਜੀ ਦੇ ਹੀ ਹਥ ਰਿਹਾ ਪਰ ਸਿੰਘਾਂ ਦੇ ਪੈਰ ਖਿੜਕ ਦੇ ਵੇਖਕੇ ਕਲਾਰ ਨੇ ਇਹ ਦਸਿਆ ਕਿ ਮੈਦਾਨ ਵਿਚ ਵੈਰੀ ਦਾ ਸਾਮ੍ਹਣਾ ਕਰਨਾ ਔਖਾ ਜਿਹਾ ਹੋਣੇਸ ਲਈ ਫੇਰ ਅਨੰਦ ਪੁਰ ਦੇ ਕਿਲੇ ਵਿਚ ਹੀ ਆ ਗਏ ਤੇ ਵਡਾ ਭਾਰਾ ਘਮਸਾਣ ਏਥ ਮਚਿਆ ਇਕ ਇਕ ਸਿੰਘ ਨੇ ਕਿਲੇ ਤੋਂ ਬਾਹਰ ਨਿਕਲਕੇ ਚੰਗੇ ਹਥ ਕੀਤੇ ਚਾਰ ਕੋਹਾਂ ਤੋੜਕ ਵੈਰੀ ਦਾ ਪਿਛਾ ਕਰਕੇ ਦਬਾਈ ਗਏ ਓੜਕ ਫੇਰ ਯਕੂਬ ਖਾਂ ਨੇ ਹਲਾ ਕੀਤਾ ਜਿਸ ਕਰਕੇ ਸਿੰਘਾਂ ਨੂੰ ਫੇਰ ਆਨੰਦਪੁਰ ਵਿਚ ਹੀ ਜਾਣਾ ਪਿਆ॥

ਹੁਨ ਯਾਕੂਬ ਖਾਂ ਨੇ ਹੋਰ ਚਾਲ ਖੇਡੀ ਕਿ ਚਾਰੇ ਪਾਸੇ ਤੋਂ ਅਨੰਦ ਪੁਰ ਨੂੰ ਘੇਰਾ ਪਾਕੇ ਰਸਤ ਪਾਣੀ ਅੰਦਰ ਜਾਣਾ ਰੋਕ ਦਿਤਾ ਜਿਸ ਕਰਕੇ ਅੰਦਰਲੀ ਫੌਜ ਨੂੰ ਜੋ ਜੋ ਤੰਗੀ ਪੁਜੀ ਕਥਨ ਤੋਂ ਬਾਹਰ ਹੈ॥

## ਸਹੋਲੀ ਤੇ ਭੰਬੋਰ ਜਾਣਾ

ਜਦ ਏਸ ਲੜਾਈ ਦੀ ਖਬਰ ਰਾਜ ਸਹੋਲੀ ਦੇ ਨੂੰ ਪੁਜੀ ਜੋ ਗੁਰੂ ਜੀ ਨਾਲ ਪ੍ਰੇਮ ਰਖਦਾ ਸਾ ਤਾਂ ਉਸਨੇ ਚਿਠੇ ਪਤ੍ਰ ਲਿਖਿਆ ਕਿ ਆਪ ਦੁਸ਼ਟ ਭੀਮ ਚੰਦ ਪਾਸ ਨਾ ਰਹੋ ਤੇ ਮੇਰੇ ਪਾਸ ਆ ਜਾਓ, ਮੇਰਾ ਰਾਜ ਸਾਰਾ ਆਪਦਾ ਹੀ ਹੈ ਗੁਰੂ ਜੀ ਉਸਦਾ ਪੂਰਾ ਪ੍ਰੇਮ ਵੇਖਕੇ ਗਏ ਜੋ ਅਗੋਂ ਬੜੇ ਆਦਰ ਨਾਲ ਮਿਲਿਆ ਤੇ ਲਿਜਾਕੇ ਇਕ ਚੰਗੇ ਮਹਿਲ ਵਿਚ ਵਖਰਾ ਡੇਰਾ ਕਰਾਇਆ ਰਾਜਾ ਰੋਜ ਹੀ ਦਰਸ਼ਨ ਕਰਦਾ ਤੇ ਨਾਲ ਲਿਜਾਕੇ ਸ਼ਿਕਾਰ ਖਿਡਾਉਂਦਾ ਇਕ ਦਿਨ ਸ਼ਿਕਾਰ ਗਏ ਤਾਂ ਅਗੋਂ ਭੰਬੋਰ ਦਾ ਰਾਜਾ ਵੀ ਮਿਲ ਪਿਆ ਤੇ ਉਸ ਨੇ ਰਾਜੇ ਸਹੋਲੀਏ ਤੋਂ ਗੁਰੂ ਜੀ ਦਾ ਸਮਾਚਾਰ ਸੁਣਿਆ ਜਿਸਨੂੰ ਸੁਣਕੇ ਵਡਾ ਪ੍ਰਸੰਨ ਹੋਯਾ ਤੇ ਗੁਰੂ ਜੀ ਦੇ ਚਰਣ ਚੁੰਮੇ ਤੇ ਬੇਨਤੀ ਕੀਤੀ ਕਿ ਮੇਰੇ ਪਾਸ ਚਲੋ ਤੇ ਦੇਸ ਨੂੰ ਸਫਲਾ ਕਰੋ ਉਸਦੇ ਪ੍ਰੇਮ

ਪੂਰਤ ਸੇਜਲ ਨੇੜ੍ਹ ਵੇਖਕੇ ਗੁਰੂ ਜੀ ਤਿਆਰ ਹੋ ਪਏ ਸਿਖੀ ਸਿਦਕ ਬਖਸ਼ਕੇ ਨਿਹਾਲ ਕੀਤਾ ਤੇ ਕੁਝ ਦਿਨ ਏਥੇ ਕਟਕੇ ਹਵਾਲ ਸਰ ਨਾਮੇ ਤੀਰਥ ਦ ਮੇਲੇ ਤੇ ਪੁਜ ਤੇ ਸਤਿਨਾਮ ਦਾ ਉਪਦੇਸ਼ ਦੇਕੇ ਲੋਕਾਂ ਨੂੰ ਨਿਹਾਲ ਕੀਤਾ, ਫੇਰ ਰਾਜਾ ਸੁਧਰ ਸੈਨ ਮੰਡੀ ਵਾਲੇ ਦੀ ਬੇਨਤੀ ਮੰਨਕੇ ਓਸਦੇ ਪਾਸ ਪੁਜੇ ਜਿਸਨੇ ਬਿਆਸਾ ਨਦੀ ਦੇ ਕੰਢੇ ਤੇ ਡੇਰਾ ਕਰਾਇਆ ਜਿਥੇ ਕੁਝ ਸਮਾਂ ਸੁਖੀ ਸੁਖੀ ਕਟਿਆ ਤੇ ਇਕ ਕਿਲਾ ਪਕਾ ਬਨਵਾਇਆ ਏਥੇ ਸੰਗਤਾਂ ਦੂਰੋਂ ਦੂਰੋਂ ਵੰਨ ਵੰਨ ਦੀਆਂ ਭੇਟਾ ਲੈਕੇ ਆਉਣ ਲਗੀਆਂ ॥

ਇਕ ਵੇਰ ਧੰਨੀ ਪੋਠੋਹਾਰ ਦੀ ਸੰਗਤ ਨੂੰ ਰਾਹ ਵਿਚ ਰਾਜੇ ਕਲਮੋਟੀਏ ਨੇ ਲੁਟ ਲਿਆ ਜਦ ਏਹ ਖਬਰ ਗੁਰੂ ਜੀ ਨੂੰ ਪੁਜੀ ਤਾ ਓਸਨੂੰ ਸੋਧਨ ਵਾਸਤੇ ਸਾਹਿਬ ਅਜੀਤ ਸਿੰਘ ਜੀ ਨੂੰ ਆਗਿਆ ਹੋਈ ਏਨਾਂ ਦੇ ਨਾਲ ਭਾਈ ਸਾਹਿਬ ਸਿੰਘ ਨੂੰ ਵੀ ਤੋਰਿਆ ਓਧਰ ਕਲਮੋਟੀਏ ਦੀ ਕੁਮਕ ਵਾਸਤੇ ਜੁਵਾਲਾ ਪ੍ਰਸ਼ਾਦ ਭਾਰਥੀ ਪੰਜ ਸੌ ਆਦਮੀਂ ਨਾਲ ਲੈਕੇ ਆਇਆ ਤੇ ਮਹੰਤ ਨੇ ਪਹਾੜੀ ਰਾਜਿਆਂ ਨੂੰ ਧਰਮ ਦਾ ਵਿਰੋਧੀ ਜਾਣਕੇ ਖੂਬ ਪਾਣ ਚੜ੍ਹਾਈ ਏਸ ਲਈ ਗੁਰੂ ਜੀ ਵੀ ਅਪਣੇ ਪੁਤ੍ਰ ਦੀ ਸਹੈਤਾ ਵਾਸਤੇ ਆ ਪੁਜੇ ਚੰਗੀਤਰਾਂ ਰਾਜੇ ਕਲਮੋਟੀਏ ਦੀ ਧੌਣ ਭੰਨੀ ਤੇ ਮਹੰਤ ਦੀ ਵੀ ਚੰਗੀ ਧੌਣ ਭੰਨੀ ਤੇ ਮਹੰਤ ਦੀ ਵੀ ਚੰਗੀ ਭੁਗਤ ਸੁਵਾਰੀ ਤੇ ਜੁਵਾਲਾ ਮੁਖੀ ਨਗਰ ਨੂੰ ਹੁਕਮ ਦੇਕੇ ਲੁਟਾ ਦਿਤਾ ॥

ਵਿਸਾਖ ੧੭੫੯ ਨੂੰ ਗੁਰੂ ਜੀ ਫੇਰ ਅਨੰਦ ਪੁਰ ਨੂੰ ਆਏ ਤੇ ਜੋ ਨੁਕਸਾਨ ਪਹਾੜੀ ਰਾਜਿਆਂ ਤੇ ਮੁਸਲਮਾਨਾਂ ਕੀਤਾ ਸੀ ਓਹ ਨਵੇਂ ਸਿਰੇ ਠੀਕ ਕੀਤਾ ਗਿਆ ਤੇ ਚਾਰੇ ਸਾਹਿਬ ਜਾਦਿਆਂ ਨੂੰ ਅੰਮ੍ਰਿਤ ਛਕਾਇਆ ॥

ਅਸਾੜ ੧੭੫੯ ਨੂੰ ਕਈ ਥਾਵਾਂ ਦੀ ਸੈਲ ਕਰਦੇ ਹੋਏ ਗੁਰੂ ਜੀ ਕੁਰਖੇਤ੍ਰ ਪੁਜੇ ਤੇ ਸਤ ਧਰਮ ਦਾ ਦਾਨ ਚੰਗੀ ਖੁਲੀ ਤਰਾਂ ਵਰਤਾਕੇ ਫੇਰ ਅਨੰਦ ਪੁਰ ਹੀ ਆ ਗਏ ਤੇ ਫੌਜੀ ਤਿਆਰੀਆਂ ਕਰਨ ਲਗੇ ਸਭ ਲੋਕ ਆਪ ਨੂੰ ਸਚਾ ਪਾਤਸ਼ਾਹ ਆਖਦੇ ਸਨ

ਸਨ ਏਹ ਕੋਈ ਨਵੀਂ ਗਲ ਨਹੀਂ ਸੀ ਏਹ ਪਦਵੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆਉਂਦੀ ਸੀ ॥

ਦਿਨੋਂ ਦਿਨ ਗੁਰੂ ਜੀ ਦਾ ਤੇਜ ਵਧਦਾ ਵੇਖਕੇ ਤੇ ਸਚਾ ਪਾਤਸ਼ਾਹ ਸੁਣਕੇ ਦੁਸ਼ਟ ਪਹਾੜੀਏ ਵਡੇ ਦੁਖੀ ਹੁੰਦੇ ਤੇ ਅਪਨਾ ਵੈਰੀ ਜਾਣਕੇ ਉਸਦੇ ਮੁਕਾਉਣ ਦੇ ਮਨਸੂਬੇ ਗੰਢਨ ਲਗੇ ਤਦ ਔਰੰਗ ਜੇਬ ਦੇ ਪਾਸ ਦੱਖਣ ਗੋਲਕੁੰਡ ਨਾਮੀ ਨਗਰ ਵਿਚ ਜਾ ਪੁਜੇ ਤੇ ਬਹੁਤ ਸਾਰੀਆਂ ਗੱਲਾਂ ਗੁਰੂ ਜੀ ਦੇ ਉਲਟ ਸੰਖਾਈਆਂ ਤੇ ਆਖਿਆ ਕਿ ਓਹ ਤਾਂ ਸਚਾ ਪਾਤਸ਼ਾਹ ਆਪਣੇ ਆਪ ਨੂੰ ਸਦਾਉਂਦਾ ਹੈ, ਤੇ ਹਿੰਦੂ ਮੁਸਲਮਾਨ ਦੋਹਾਂ ਨੂੰ ਬੁਰਾ ਜਾਨਦਾ ਹੈ, ਏਸਤਰਾਂ ਦੀ ਸਾਰੀ ਗਲ ਸੁਣਕੇ ਔਰੰਗਜ਼ੇਬ ਨੂੰ ਬੜਾ ਕਰੋਧ ਚੜ੍ਹਿਆ ਤੇ ਸਾਰੇ ਰਾਜੇ ਗੁਰੂ ਜੀ ਦੇ ਵਿਰੋਧੀ ਜਾਣਕੇ ਗੁਰੂ ਜੀ ਦੇ ਨਾਸ ਦਾ ਪਕਾ ਪਕਾ ਧਿਆਨ ਕਰ ਲਿਆ ॥

—o—

## ਚੌਥਾ ਹਮਲਾ

ਸਾਰੀ ਸ਼ਕਾਇਤ ਸੁਣਕੇ ਔਰੰਗਜੇਬ ਸਪੀ ਵਾਂਗਰ ਤੜਫਿਆ ਤੇ ਓਸੇ ਵੇਲੇ ਵਜ਼ੀਦ ਖਾਂ ਸੂਬੇ ਸਰਹੰਦ ਨੂੰ ਆਗਿਆ ਕਰ ਘਲੀ ਕਿ ਗੁਰੂ ਗੋਬਿੰਦ ਸਿੰਘ ਨੂੰ ਫੜਕੇ ਦਰਬਾਰ ਵਿਚ ਹਾਜ਼ਰ ਕਰੋ ਤੇ ਦਿਲੀਓਂ ਅਮੀਰ ਖਾਂ ਦਸ ਹਜਾਰੀ ਨਜਾਬਤ ਖਾਂ ਤੇ ਫਰੀਦ ਖਾਂ, ਸੂਬੇਦਾਰਾਂ ਨੂੰ ਸੂਬੇ ਸਰਹੰਦ ਦੀ ਸਹੈਤਾ ਵਾਸਤੇ ਲਿਖ ਦਿਤਾ ਨਾਲ ਹੀ ਤਰਾਵਰੀ ਵਾਲੇ ਰਾਜੇ ਤੇ ਇਰਦ ਗਿਰਦ ਸਾਰੇ ਰਾਜੇ ਤੇ ਨਵਾਬਾਂ ਨੂੰ ਸ਼ਾਹੀ ਹੁਕਮ ਨਾਮੇ ਜਾਰੀ ਕੀਤੇ ਗਏ ਕਿ ਏਸ ਮੁਹਿਮ ਵਿਚ ਸਾਰੇ ਸਾਥੀ ਹੋਣ ਬੇਗਿਣਤ ਫੌਜ ਅਜਮੇਰ ਚੰਦ ਦੇ ਨਾਲ ਤੁਰੀ ਤੇ ੧੭ ਫਗਣ ੧੭੫੯ ਬਿ: ਨੂੰ ਅਨੰਦ ਪੁਰ ਦੁਵਾਲੇ ਘੇਰਾ ਆਣ ਘਤਿਆ, ਥੋੜੀ ਫੌਜ ਹੋਣ ਦੇ ਕਾਰਣ ਗੁਰੂ ਜੀ ਕਿਲੇ ਤੋਂ ਬਾਹਰ ਨਾ ਨਿਕਲੇ ਤੇ ਬੇਸ਼ਕ ਏਸ ਜੁਧ ਵਿਚ ਸਿੰਘ ਵੀ ਬਹੁਤ ਸਾਰੇ ਕੰਮ

ਆਏ ਪਰ ਵੈਰੀਆਂ ਦੀ ਵੀ ਬੁਰੀ ਬਾਬ ਹੋਈ, ਪੈਦੇ ਖਾਂ ਤੇ ਅਜੀਮ ਖਾਂ ਵਡੇ ਨਾਮੀ ਸਰਦਾਰ ਗੁਰੂ ਜੀ ਨੇ ਅਪਨੀ ਹਥੀਂ ਵਢੇ, ਰਾਜਾ ਹਠੀ ਚੰਦ ਗੁਰੂ ਜੀ ਦੇ ਇਕ ਨੌਕਰ ਮਾਮੂੰ ਖਾਂ ਦੇ ਹਥੋਂ ਮਰਿਆ, ਰਾਜਾ ਅਜਮੇਰ ਚੰਦ ਵੀ ਘਾਇਲ ਹੋਇਆ ਅੰਤ ਵਿਚ ਸਿੱਟਾ ਏਸ ਜੁਧ ਦਾ ਇਹ ਨਿਕਲਿਆ ਕਿ ਮੈਦਾਨ ਗੁਰੂ ਜੀਦੇ ਹਥ ਰਿਹਾ ਤੇ ਸਾਰੀ ਫੌਜ ਸਣੇ ਸਾਰੇ ਰਾਜੇ ਸਬ ਦਬਾਕੇ ਨਸ ਗਏ ਤੇ ਰੋਪੜ ਤੀਕ ਸਿੱਖਾਂ ਨੇ ਆਹੂ ਲਾਹੇ ਤੇ ਪਿੱਛਾ ਕੀਤਾ ॥

## ਪੰਜਵਾਂ ਹਮਲਾ

ਏਸ ਲੜਾਈ ਵਿਚ ਔਰੰਗਜ਼ੇਬ ਦੀ ਬਹੁਤ ਹੀ ਬੇਪਤੀ ਹੋਈ ਬੜਾ ਕਰੋਪਵਾਨ ਹੋਕੇ ਗੁਰੂ ਉਤੇ ਵਡੀ ਭਾਰੀ ਮਹਿਮ ਜਾਣਕੇ ਬਹੁਤ ਸਾਰੀ ਫੌਜਾਂ ਦੀਆਂ ਫੌਜ ਤੋਰਨ ਦੀਆਂ ਗੋਂਦਾਂ ਗੁੰਦਨ ਲਗਾ, ਤਾਂ ਸੂਬਾ ਲਾਹੌਰ ਤੇ ਕਸ਼ਮੀਰ ਵਲ ਹੁਕਮ ਨਾਮੇ ਘਲੇ ਕਿ ਸੂਬਾ ਸਰਹੰਦ ਨਾਲ ਮਿਲਕੇ ਗੁਰੂ ਗੋਬਿੰਦ ਸਿੰਘ ਨੂੰ ਖੇਤ ਵਿਚ ਮਾਰੋ ਜਾਂ ਜੀਊਂਦੇ ਨੂੰ ਫੜਕੇ ਮੇਰੇ ਪਾਸ ਘਲੋ ਕੈਸਾ ਹਨੇਰ ਹੈ ਇਕ ਫਕੀਰ ਸੰਸਾਰ ਤੋਂ ਲਾਂਭੇ ਰਹਿਣ ਵਾਲੇ ਪਰਉਪਕਾਰੀ ਨਾਲ ਲੜਨ ਵਾਸਤੇ ਸਾਰੇ ਹਿੰਦੁਸਤਾਨ ਦਾ ਅਧ ਉਤਰੀ ਹਿਸਾ ਲੜਨ ਵਾਸਤੇ ਤੁਰਿਆ ਹੈ, ਜੇ ਕਦੇ ਏਸ ਵੇਲੇ ਪਹਾੜੀ ਰਾਜੇ ਮੂਰਖ ਪੁਣੇ ਦੇ ਜੋ ਖੁਦ ਗਰਜ਼ੀ ਸੀ ਓਸਨੂੰ ਧਰਮ ਦੀ ਖਾਤਰ ਭੁਲਾ ਦੇਂਦੇ ਤਾਂ ਕੁਝ ਹੋਰ ਹੀ ਫਲ ਹੁੰਦਾ ਪਰ ਵਾਹਵਾ ਰਚਨਾ ਅਕਾਲ ਪੁਰਖ ਦੀ ਜੋ ਹੋਣਾ ਸੀ ਸੋ ਹੋਇਆ ॥

ਗਲ ਕੀ ਸੂਬਾ ਲਾਹੌਰ ਤੇ ਕਸ਼ਮੀਰ ਤੇ ਕਸੂਰੀਏ, ਰਾਇ ਕੋਟੀਏ, ਮਲੇਰ ਕੋਟਲਾ ਆਦਿਕ ਸਾਰੇ ਦੇਸ ਦੇ ਰਈਸ ਤੇ ਬਾਈ ਧਾਰ ਦੇ ਪਹਾੜੀ ਰਾਜੇ ਖਿਅੰਤ ਹੀ ਇਸ ਟਿਡੀ ਦਲ ਨੇ ਅਨੰਦ ਪੁਰ ਨੂੰ ਘੇਰਾ ਘਤਲਿਆ, ਇਸ ਕਟਕ ਦੀ ਖਬਰ ਗੁਰੂ ਜੀ ਨੂੰ

ਭੀ ਹੋ ਗਈ ਸੀ ਪਰ ਐਡੀ ਛੇਤੀ ਕੀ ਹੋ ਸਕਦਾ ਸੀ, ਤਦ ਵੀ ਸਾਰੇ ਸਿੰਘ ਇਕਠੇ ਕੀਤੇ ਤੇ ਇਸਤਰਾਂ ਫੌਜ ਤਿਆਰ ਕੀਤੀ ਕਿ ਸਾਹਿਬ ਅਜੀਤ ਸਿੰਘ ਜੀ ਨੂੰ ਦੋ ਹਜਾਰ ਸਿੰਘ ਦੇਕੇ ਕੇਸ ਗੜ੍ਹ, ਨੀਯਤ ਕੀਤਾ, ਨਾਹਰ ਸਿੰਘ ਤੇ ਸ਼ੇਰ ਸਿੰਘ ਨੂੰ ਇਕ ਹਜ਼ਾਰ ਫੌਜ ਦੇਕੇ ਲੋਹ ਗੜ੍ਹ ਤੇ ਲਾਇਆ ਆਲਮ ਸਿੰਘ ਤੇ ਸੰਗਤ ਸਿੰਘ ਨੂੰ ਤਿੰਨ ਹਜਾਰ ਫੌਜ ਦੇਕੇ ਦਮਦਮੇਂ ਸਾਹਿਬ ਖੜੇ ਕੀਤੇ ਤੇ ਉਦੇ ਸਿੰਘ ਨੂੰ ਅਗਮ ਪੁਰੇ ਖੜਾ ਕੀਤਾ। ਅਨੰਦ ਗੜ੍ਹ ਆਪ ਗੁਰੂ ਸਾਹਿਬ ਬ੍ਰਾਜਮਾਨ ਸਨ ਇਕ ਦਮ ਸਭਨੀ ਪਾਸੀਂ ਲੜਾਂਈ ਲਗ ਪਈ ਵਡਾ ਭਾਰਾ ਘਮਸਾਣ ਮਚਿਆ ਸਾਰੇ ਮੋਰਚਿਆਂ ਨਾਲੋਂ ਅਨੰਦ ਪੁਰ ਉਤੇ ਬਹੁਤ ਜੋਰ ਸੀ ਸਿੰਘ ਐਸੀ ਬਹਾਦਰੀ ਤੇ ਦਲੇਰੀ ਨਾਲ ਜਾਨਾਂ ਤੋੜਕੇ ਲੜਦੇ ਸਨ ਕਿ ਕਈ ਵੇਰ ਸ਼ਾਹੀ ਫੌਜ ਦਾ ਮੂੰਹ ਦਾ ਮੂੰਹ ਫੇਰ ਦਿਤਾ ਪਰ ਮੁਸਲਮਾਨਾਂ ਨੂੰ ਪੈਰ ਪੈਰ ਤੇ ਹੋਰ ਨਵੀਂ ਫੌਜ ਆਕੇ ਜੋ ਮਿਲ ਰਹੀ ਸੀ ਏਹ ਸਿੰਘਾਂ ਨੂੰ ਬੜੀ ਤੰਗੀ ਪੁਜੀ ਤੇ ਓਹ ਵੇਲਾ ਨੇੜੇ ਹੀ ਸੀ ਕਿ ਮੁਸਲਮਾਨ ਅਨੰਦ ਪੁਰ ਕਾਬਜ ਹੋ ਜਾਂਦੇ ਪਰ ਇਕ ਤਾਂ ਐਨ ਓਸੇ ਵੇਲੇ ਸਾਹਿਬ ਅਜੀਤ ਸਿੰਘ ਜੀ ਸਿੰਘਾਂ ਦੀ ਕੁਮਕ ਉਤੇ ਪੁਜ ਪਏ ਤੇ ਦੂਜਾ ਵੇਲਾ ਕਠਨ ਜਿਹਾ ਵੇਖਕੇ ਆਪ ਵੀ ਗੁਰੂ ਜੀ ਮੈਦਾਨ ਵਿਚ ਉਤਰੇ ਬਸ ਫੇਰ ਕੀ ਸੀ ਸਾਰਾ ਦਲ ਵੈਰੀ ਦਾ ਅਜੀਮ ਖਾਂ ਤੇ ਦਿਲਾਵਰ ਖਾਂ ਵਡੇ ਭਾਰੀ ਸਰਦਾਰਾਂ ਨੂੰ ਮਰਵਾਕੇ ਆ ਮੁਹਾਰਾ ਨਸ ਤੁਰਿਆ ਲਖਾਂ ਦੀ ਗਿਣਤੀ ਵਿਚ ਮਾਰੇ ਗਏ ਸੰਧਯਾ ਤੀਕ ਸਿੰਘਾਂ ਨੇ ਮਿਲ ਮਿਲ ਕੇ ਆਹੂਲਾਹੇ ॥

ਜਦ ਸਿੰਘਾਂ ਨੇ ਪਿਛਾ ਛਡ ਦਿਤਾ ਤਾਂ ਤੇ ਦਿਨ ਵੀ ਡੁਬਨ ਲਗਾ ਲੜਾਈ ਬੰਦ ਹੋ ਗਈ ਰਾਤ ਨੂੰ ਸੂਬਿਆਂ ਨੇ ਰਾਜਿਆਂ ਕੋਲੋਂ ਕੋਲੋਂ ਪੁਛਿਆ ਕਿ ਕੀ ਜਾਦੂ ਗੁਰੂ ਕਰ ਰਿਹਾ ਹੈ? ਭਾਵੇਂ ਕਿਤਨੀ ਫੌਜ ਲੈ ਆਈਏ ਕੁਝ ਪਤਾ ਹੀ ਨਹੀਂ ਲਗਨ ਦੇਂਦਾ ਤਦ ਰਾਜਿਆਂ ਨੇ ਗੁਰੂ ਜੀ ਤਥਾ ਪੰਥ ਖਾਲਸੇ ਦਾ ਸਾਰਾ ਸਮਾਚਾਰ ਦਸਿਆ ਤੇ ਸਿੰਘਾਂ ਦੇ ਬੋਲੇ ਜੋ ਹਿੰਦੂ ਮੁਸਲਮਾਨਾਂ ਤੋਂ ਵਖਰੇ ਸਨ ਦਸੇ ਤੇ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਦੀ ਗਲ ਦਸੀ ਤਦ ਸੂਬੇ ਬਹੁਤ ਹੀ ਅਸਚਰਜ ਹੋਏ ॥

ਇਨ ਧਰੇ ਫੇਰ ਲੜਾਈ ਛਿੜ ਪਈ ਗੁ. ਸਾਹਿਬ ਸੰਚ ਅਸ਼ਨਾਨ ਕਰਕੇ ਨਿਤਨੇਮ ਤੋਂ ਵੇਹਲੇ ਹੋਕੇ ਦਸਤਾਰਾ ਸਜਾ ਰਹੇ ਸਨ ਕਿ ਦੁਸ਼ਟ ਜਬਰਦਸਤਖਾਂ ਤੋਪਚੀ ਨੂੰ ਲਾਲਚ ਦੇਣਾ ਕਰਕੇ ਗੋਲਾ ਗੁਰੂ ਜੀ ਉਤੇ ਸੁਟਾਇਆ ਭਾਵੇਂ ਪਾਸੋਂ ਹੋਰ ਸਿੰਘ ਤਾਂ ਕਈ ਮਤ ਗਏ ਪਰ ਗੁਰੂ ਜੀ ਦਾ ਬਚਾਉ ਹੋ ਗਿਆ ਤੇ ਕਈ ਦਿਨ ਤੀਕੁਰ ਅਨੰਦ ਪੁਰ ਦੇ ਬੂਹੇ ਬੰਦ ਕਰਕੇ ਘਰ ਰਖਿਆ ਜਿਸ ਕਰਕੇ ਰਸਦ ਪਾਣੀ ਵੀ ਮਸਤਾਨਾ ਹੋ ਗਿਆ ਤਾਂ ਇਕ ਦਿਨ ਸੂਬਾ ਸਰਹੰਦ ਦੋਵੇਂ ਚੌਪੜ ਖੇਡਦੇ ਗਲਾਂ ਕਰ ਰਹੇ ਸਨ ਕਿ ਗੁਰੂ ਵਿਚ ਵਡੀ ਸਾਰੀ ਕਰਾਮਾਤ ਹੈ ਤਾਂ ਗੁਰੂ ਜਾਣੀ ਜਾਣ ਨੇ ਇਕ ਤੀਰ ਮਾਰਿਆ ਜੋ ਓਸ ਪਿਪਲ ਦੇ ਵਿਚ ਜਾ ਵਜਾ ਜਿਸਦੇ ਸਾਰੇ ਪਤ ਝੜ ਪਏ ਜਦ ਤੀਰ ਛਡਿਆ ਤੇ ਓਸਦੇ ਨਾਲੋਂ ਇਕ ਚਿਠੀ ਜੋ ਗੁਰੂ ਜੀ ਨੇ ਲਿਖਕੇ ਘਲੀ ਸੀ ਲੈਕੇ ਪੜੀ ਤਾਂ ਲਿਖਿਆ ਸੀ ਕਿ ਕਰਾਮਾਤ ਨਾਮ ਤਾਂ ਕਹਿਰ ਦਾ ਹੈ ਏਹ ਸਭ ਕਰਤਬ ਹੈ ਹੁਣ ਏਹ ਤਿੰਨਾ ਕੋਹਾਂ ਤੇ ਤੀਰ ਦਾ ਪੁਜਨਾ ਕੁਝ ਕਰਾਮਾਤ ਤੋਂ ਘਟ ਨਹੀਂ ਸੀ ਏਸ ਤਰਾਂ ਇਕ ਰਾਤ ਸ਼ੇਰ ਸਿੰਘ ਦਯਾ ਸਿੰਘ ਨਾਹਰ ਸਿੰਘ ਬੁਢਾ ਸਿੰਘ ਆਦਿਕਾਂ ਨੇ ਦੋ ਹਜਾਰ ਨਾਲ ਲੈਕੇ ਸ਼ਾਹੀ ਫੌਜ ਉਤੇ ਛਾਪਾ ਮਾਰਿਆ ਤੇ ਸੁਤਿਆਂ ਨੂੰ ਦਬਾ ਲਿਆ। ਏਸ ਵੇਲੇ ਐਸਾ ਘਮਸਾਣ ਮਚਿਆ ਕਿ ਕਿਸੇ ਨੂੰ ਸੁਰਤ ਨਾ ਸੰਭਾਲਣੀ ਮਿਲੀ ਡੇਰੇ ਡੰਡੇ ਲਗੇ ਹੀ ਛਡ ਨਸ ਤੁਰੇ ਤੇ ਸਿੰਘਾਂ ਨੇ ਚੰਗੀ ਰਜਕੇ ਵਾਢ ਕੀਤੀ ਤੇ ਐਸਾ ਪਿਛਾ ਕੀਤਾ ਕਿ ਰੋਪੜ ਤੀਕ ਦਬਾਈ ਚਲੇ ਗਏ ਜੋ ਬਚੇ ਖਚੇ ਰਹਿ ਗਏ ਦਿਲੀ ਪਾਦਸ਼ਾਹ ਅਗੇ ਜਾਕੇ ਪਿਟੇ ਏਸ ਲੜਾਈ ਵਿਚ ਰਾਜਾ ਜਸ ਵਾਲ ਛਡਵਾਲ ਆਦਿਕ ਨਾਮੀ ਮਾਰੇ ਗਏ ਤੇ ਬਹੁਤ ਸਾਰਾ ਲੜਾਈ ਦਾ ਸਾਮਾਨ ਰਸਦ ਪਾਣੀ ਸਿੰਘਾਂ ਦੇ ਹਥ ਲਗਾ ਹੁਣ ਕੁਝ ਤਾਂ ਦਿਲੀ ਪੁਜੇ ਤੇ ਬਾਕੀ ਓਥੇ ਹੀ ਨੇੜੇ ਤੇੜੇ ਡੇਰੇ ਪਾਈਂ ਹੋਰ ਫੌਜ ਦੀ ਉਡੀਕ ਵਿਚ ਬੈਠੇ ਰਹੇ ਤਦ ਔਰੰਗਜੇਬ ਨੇ ਹੋਰ ਬਹੁਤ ਸਾਰੀ ਲੜਾਕੀ ਫੌਜ ਓਨਾਂ ਦੀ ਸਹੈਤਾ ਵਾਸਤੇ ਚੇਤ੍ਰ ੧੭੬੧ ਨੂੰ ਤੋਰੀ ਤਦ ਓਨਾਂ ਅਨੰਦਪੁਰ ਨੂੰ ਘੇਰਾ ਲਿਆ॥

—o—

# ਛੇਵੀਂ ਲੜਾਈ

ਬਹੁਤ ਦਿਨਾਂ ਤੀਕਰ ਇਸ ਕਟਕ ਦਾ ਟਾਕਰਾ ਸਿੰਘਾਂ ਨੇ ਕੀਤਾ ਤੇ ਵਡੀ ਬਹਾਦਰੀ ਵਖਾਲੀ ਓੜਕ ਨੂੰ ਰਸਤ ਪਾਣੀ ਅੰਦਰੋਂ ਮੁਕ ਗਿਆ ਤਦ ਸਿੰਘਾਂ ਨੇ ਏਸ ਤਰਾਂ ਭੁਖੇ ਮਰਨ ਨਾਲੋਂ ਲੜਕੇ ਮਰਨਾ ਚੰਗਾ ਜਾਤਾ ਪਰ ਗੁਰੂ ਜੀ ਨੇ ਰੋਕਿਆ ਕਿ ਥੋੜੇ ਜਿਹੇ ਦਿਨ ਏਸੇ ਤਰਾਂ ਹੋਰ ਕਰੋ ਤੁਹਾਡੀ ਫਤੇ ਹੋਵੇਗੀ ਪਰ ਬਹੁਤ ਸਾਰੇ ਸਿੰਘ ਏਸ ਗਲ ਉਤੇ ਰਾਜੀ ਨਹਾਂ ਸਨ ਜਿਨਾਂ ਵਿਚੋਂ ਕਈਆਂ ਨੇ ਬਿਦਾਵਾ ਲਿਖ ਦਿਤਾ ਤੇ ਹਲੇ ਗਏ ਥੋੜ ਜਿਹੇ ਸਿੰਘ ਜੋ ਸਿਦਕ ਭਰੋਸੇ ਵਾਲੇ ਸਨ ਰਹਿ ਗਏ ਏਸ ਵੇਲੇ ਪਹਾੜੀ ਰਾਜਿਆਂ ਨੇ ਸੂਬਿਆਂ ਦੀ ਸਲਾਹ ਨਾਲ ਇਕ ਬਿਨੈ ਪਤਰ ਗੁਰੂ ਜੀ ਪਾਸੋਂ ਇਕ ਬ੍ਰਾਹਮਣ ਦੇ ਹਥ ਘਲਿਆ ਜੋ ਬਾਦਸ਼ਾਹ ਵਲੋਂ ਦਸਿਆ ਸੀ ਕਿ ਜੇਕਰ ਤੁਸੀਂ ਚਾਰ ਦਿਨ ਵਾਸਤੇ ਕਿਲਾ ਛਡ ਦਿਓ ਤਾਂ ਅਸੀਂ ਤੁਹਾਨੂੰ ਕੁਛ ਨਹੀਂ ਆਖਦੇ ਜਿਸਨੂੰ ਸੁਣਕੇ ਸਿੰਘਾਂ ਨੇ ਆਖਿਆ ਕਿ ਗੁਰੂ ਜੀ ਨਿਕਲ ਚਲਨਾ ਚੰਗਾ ਹੈ ਪਰ ਗੁਰੂ ਜੀ ਓਨਾਂ ਦੀ ਚਾਲ ਨੂੰ ਜਾਣਦੇ ਸਨ ਕਿ ਏਹ ਠਗੀ ਹੈ ਜਦ ਸਿੰਘਾਂ ਨੇ ਵੈਰੀਆਂ ਤੋਂ ਹੀ ਬਹੁਤ ਸਾਰੇ ਬਲਦ ਮੰਗਵਾਏ ਕਿ ਅਸੀਂ ਆਪਣਾ ਸਾਮਾਨ ਅਜ ਤੋਰਾਂਗੇ ਤੇ ਕਲ ਆਪ ਨਿਕਲਾਂਗੇ ਜਦ ਰਾਤ ਵੇਲੇ ਪੁਰਾਣੇ ਤੋਬਰੇ ਤੇ ਜੁਤੀਆਂ ਕਾਠੀਆਂ ਛਟਾਂ ਵਿਚ ਭਰਕੇ ਓਨਾ ਬਲਦਾ ਦੇ ਉਤੇ ਲਦ ਕੇ ਤੋਰੇ ਤੇ ਪ੍ਰਗਟ ਕੀਤਾ ਕਿ ਸਾਡਾ ਖਜਾਨਾਂ ਚਲਿਆ ਹੈ ਤਾਂ ਵੈਰੀ ਨੇ ਅਪਨੀ ਸੁਗੰਧ ਤੋੜਕੇ ਸਾਰੇ ਬਲਦ ਲੁਟ ਲਏ ਜਦ ਅਗਲੇ ਦਿਨ ਖੋਲਕੇ ਡਠਾ ਤਾਂ ਵਿਚੋਂ ਕੁਝ ਨਾ ਲਭਾ ਜਿਸ ਕਰਕੇ ਸ਼ਰਮਿੰਦੇ ਹੋਏ ਤੇ ਫੇਰ ਗੁਰੂ ਜੀ ਦੇ ਅਗੇ ਕਸਮਾਂ ਖਾਕੇ ਚਿਠੀ ਲਿਖੀ ਕਿ ਆਪਦਾ ਖਜਾਨਾਂ ਚੋਰਾਂ ਨੇ ਲੁਟਿਆ ਹੈ ਜਿਨਾਂ ਨੂੰ ਫੜਕੇ ਡੰਡ ਦਿਤਾ ਗਿਆ ਹੈ। ਆਪ ਕਿਲਾ ਛਡ ਦਿਓ ਤੇ ਸਾਡੀ ਇਜਤ ਬਣੀ ਰਖੋ ਭਾਵੇਂ ਗੁਰੂ ਤਾਂ ਨਹੀਂ ਸਨ ਨਿਕਲਣਾ ਲੋੜਦੇ ਪਰ ਸਿਖਾਂ ਤੇ ਮਾਤਾ ਜੀ ਦੇ ਜੋਰ ਦੇਣ ਉਪਰ ਕਿਲਾ ਛਡਕੇ ਤੁਰ ਪਏ ਤੇ ਕੀਰਤ ਪੁਰ ਵਲ ਮੂੰਹ ਕੀਤਾ ਤਾਂ ਪਿਛੋਂ ਵੈਰੀ ਦਲ ਨੇ ਅਨੰਦ ਪੁਰ ਸਾਹਿਬ ਨੂੰ ਲੁਟਕੇ ਗੁਰੂ ਜੀ ਉਤੇ ਧਾਵਾ ਕਰ ਦਿਤਾ ਪਰ ਵਾਹਵਾ ਖਾਲਸਾ ਜੀ ਭਾਵੇਂ

ਥੋੜ੍ਹੇ ਹੀ ਸਨ ਓਹ ਹਥ ਮੈਦਾਨ ਵਿਚ ਕੀਤੇ ਕਿ ਸਾਰਾ ਵੈਰੀ ਦਲ ਕੰਨਾਂ ਨੂੰ ਹਥ ਲਾ ਚੁਕਾ ਪਰ ਏਹ ਘੇਰਾ ਕੁਝ ਥੋੜਾ ਨਹੀਂ ਸੀ ਜਿਸ ਕਰਕੇ ਬੜਾ ਕਠਨ ਸਮਾਂ ਬਣਿਆ ਓੜਕ ਭਾਈ ਮਨੀ ਸਿੰਘ ਨੇ ਗੁਰੂ ਜੀ ਦੇ ਦੋ ਟੱਬਰ ਤੇ ਛੋਟੇ ਪੁਤਰਾਂ ਨੂੰ ਪਾਰ ਕੀਤਾ ਕਿਉਂਕਿ ਏਸ ਵੇਲੇ ਸੁਰਸਾ ਨਦੀ ਠਾਠਾਂ ਮਾਰ ਰਹੀ ਸੀ ਏਸ ਹਲੇ ਵਿਚ ਸਾਰੇ ਸਿੰਘ ਖਿੰਡ ਪੁੰਡ ਗਏ ਤੇ ਗੁਰੂ ਜੀ ਦੇ ਟੱਬਰ ਤਾਂ ਦਿਲੀ ਪੁਚਾਏ ਗਏ ਤ ਮਾਤਾ ਗੁਜਰੀ ਤੇ ਦੋ ਛੋਟੇ ਸਾਹਿਬ ਜਾਦੇ ਇਕ ਨੌਕਰ ਨੂੰ ਨਾਲ ਲੈਕੇ ਇਕ ਪਾਸੇ ਨਿਕਲ ਗਏ ਗੁਰੂ ਜੀ ਕੇਵਲ ਚਾਲੀ ਸਿੰਘਾਂ ਨਾਲ ਨਦੀ ਤੋਂ ਪਾਰ ਹੋਏ ਤੇ ਰੋਪੜ ਵਿਚ ਇਕ ਬ੍ਰਾਹਮਨ ਜੋ ਸਦਾ ਹੀ ਗੁਰੂ ਜੀ ਤੋਂ ਪੈਸ ਲੈ ਆਉਂਦਾ ਹੁੰਦਾ ਸੀ ਦੇ ਘਰ ਗਏ ਕਿ ਸਾਨੂੰ ਬਸਤ੍ਰ ਸੁਕਾ ਲੈਣ ਦਿਓ ਪਰ ਦੁਸ਼ਟ ਨੇ ਅਗੋਂ ਬੂਹਾ ਬੰਦ ਲਿਆ ਤਾਂ ਆਪ ਅਗੇ ਚਲੇ ਤਾਂ ਇਕ ਉਦਾਸੀ ਸਾਧ ਦੇ ਡੇਰੇ ਪੁਜੇ ਪਰ ਓਸਨੇ ਜੁਵਾਬ ਦਿਤਾ ਕਿ ਤੈਨੂੰ ਵਾੜਕੇ ਡੇਰਾ ਲੁਟਿਆ ਜਾਏ ਸੋ ਬ੍ਰਾਹਮਣ ਤ ਸਾਧ ਦੋਹਾਂ ਦੇ ਮਕਾਨ ਸ਼ਾਹੀ ਫੌਜ ਨੇ ਏਸੇ ਭਰਮ ਵਿਚ ਕਿ ਗੁਰੂ ਏਥੇ ਹੈ ਲੁਟ ਲਏ ਤਾਂ ਗੁਰੂ ਜੀ ਚਮਕੌਰ ਜਾ ਪੁਜੇ ॥

## ਜੰਗ ਚਮਕੌਰ

ਹੁਣ ਪਤਾ ਲਗਾ ਕਿ ਇਕ ਫੌਜ ਸਾਡੇ ਪਿਛੇ ਆ ਰਹੀ ਹੈ ਤੇ ਦੂਜੀ ਫੌਜ ਔਰੰਗ ਜੇਬ ਦੀ ਘਲੀ ਹੋਈ ਦਿਲੀਓਂ ਆ ਰਹੀ ਹੈ, ਤਦ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਜੋ ਇਕ ਜਟ ਦੀ ਸੀ ਓਸਨੇ ਭੀ ਦੇਣ ਤੋਂ ਇਨਕਾਰ ਕੀਤਾ ਸੀ, ਰਾਜ ਨੀਤੀ ਵਿਚਾਰ ਨਾਲ ਲੈ ਲਈ ਤੇ ਤਿਆਰ ਬਰ ਤਿਆਰ ਹੋ ਗਏ ਏਸ ਵੇਲੇ ਕੋਈ ਦੋ ਲੱਖ

ਦੇ ਲਗ ਭਗ ਵੈਰੀ ਦਲ ਗੁਰੂ ਜੀ ਦੀ ਜਾਨ ਦਾ ਪਿਆਸਾ ਸੀ, ਹੁਣ ਸ਼ਾਹੀ ਫੌਜ ਦੇ ਜਰਨੈਲ ਵਲੋਂ ਏਲਚ ਚਿਠੀ ਲੈਕੇ ਗਿਆ ਜਿਸ ਵਿਚ ਲਿਖਿਆ ਸੀ ਕਿ ਤੁਸੀਂ ਆਪਣਾ ਆਪ ਜੀਉਂਦੇ ਜੀ ਸਾਡੇ ਹਵਾਲੇ ਕਰ ਦਿਓ ਜਦ ਇਹ ਚਿਠੀ ਗੁਰੂ ਸਾਹਿਬ ਨੇ ਪੜ੍ਹੀ ਤਾ ਉਤਰ ਲਿਖਿਆ ਕਿ ਸਾਨੂੰ ਤੁਹਾਡੇ ਹਵਾਲੇ ਕਰਨ ਦੀ ਆਗਿਆ ਨਹੀਂ ਹੈ, ਪਰ ਸਾਹਿਬ ਅਜੀਤ ਸਿੰਘ ਜੀ ਨੇ ਉਸੇ ਵੇਲੇ ਏਲਚੀ ਦਾ ਸਿਰ ਵਢ ਦਿਤਾ ਬਸ ਲੜਾਈ ਸ਼ੁਰੂ ਹੋ ਪਈ ਵਾਹਵਾ ਗੁਰੂ ਗੋਬਿੰਦ ਸਿੰਘ ਜੀ ਦੀ ਹਿੰਮਤ ਦੇ ਸਿੰਘਾਂ ਦੀ ਦਲੇਰੀ ਇਕ ਇਕ ਹੋਕੇ ਮੈਦਾਨ ਵਿਚ ਆਉਂਦਾ ਤੇ ਵੈਰੀ ਦਲ ਵਿਚ ਬਿਜਲੀ ਵਾਂਗ ਫਿਰ ਨਿਕਲਦਾ ਜਦ ਸਾਰੇ ਸਿੰਘ ਹਜਾਰਾਂ ਨੂੰ ਮਾਰਕੇ ਸ਼ਹੀਦ ਹੋ ਗਏ ਤੇ ਕੇਵਲ ਪੰਜ ਸਿੰਘ ਰਹਿ ਗਏ ਤਾਂ ਸਾਹਬ ਅਜੀਤ ਸਿੰਘ ਜੀ ਨੇ ਬੇਨਤੀ ਕੀਤੀ ਪਿਤਾ ਜੀ ਹੁਣ ਮੈਨੂੰ ਆਗਿਆ ਕਰੋ ਜਾਕੇ ਕੌਮ ਉਤੋਂ ਕੁਰਬਾਨ ਹੋਵਾਂ ਤਾਂ ਗੁਰੂ ਜੀ ਵਡੇ ਪਿਆਰ ਨਾਲ ਪੁਤਰ ਨੂੰ ਮੈਦਾਨ 'ਵਿਚ ਤੋਰਿਆ। ਜਿਸਨੇ ਜਾਕੇ ਐਸਾ ਤਰਥਲ ਮਚਾਇਆ ਕਿ ਵੈਰੀਆ ਨੂੰ ਸਤੇ ਸੁਧਾਂ ਭੁਲ ਗਈਆਂ ਜਿਧਰ ਪੈਂਦੇ ਸ਼ੇਰ ਵਾਂਗੂੰ ਗੱਜਕੇ ਅਗੇ ਨਾ ਲੈਂਦਾ ਜੈਸੇ ਇਕ ਸਜਨ ਦਾ ਕਥਨ ਹੈ ॥

॥ ਪਉੜੀ ॥

ਜਿਉਂ ਭੇਡਾਂ ਕਰ ਘੁਤਲੇ ਬਧਾ ਬਘਿਆੜਾ।
ਗਿਰਦੇ ਸਿੰਘ ਅਜੀਤ ਦੇ ਵਲ ਲੈਂਦੇ ਵਾੜਾ।
ਕਈ ਹਜਾਰਾਂ ਘੇਰਦੇ ਸਿੰਘ ਇਕੋ ਤਾੜਾ।
ਵਾਹ ਦਿਲੇਰੀ ਸਿੰਘ ਦੀ ਸਭ ਸੁਟੇ ਝਾੜਾ।
ਜਿਉਂ ਘਟ ਕਾਲੀ ਆਣਕੇ ਸੁਭ ਸੁਰਜ ਪਾੜਾ।
ਤੈਸੇ ਸਿੰਘ ਅਜੀਤ ਨੇ ਘਮਸਾਣ 'ਲਤਾੜਾ।
ਫਿਰਦੇ ਜਾਨ ਲੁਕਾਉਂਦੇ ਵਿਚ ਤੰਬਿਆਂ ਝਾੜਾ।
ਬੂਟਾ ਸਭਦੇ ਜੋਰ ਦਾ ਫੜ ਸਿੰਘ ਉਖਾੜਾ।
ਠੌਰ ਘਾਹ ਦਾ ਤੁਰਕ ਨੇ ਸਿੰਘ ਹੈ ਚੰਗਆੜਾ।
ਕਰੀ ਕਰੋਪੀ ਅਖ ਦੀ ਸਾਰਾ ਹੀ ਸਾੜਾ।।

—੦—

ਸਿੰਘ ਤਲਵਾਰ ਚਲਾਉਂਦਾ ਜਾਂ ਟੁਕਾ ਆਕੇ।
ਖਾਲੀ ਕਰਦੇ ਮੈਦਾਨ ਨੂੰ ਸਭ ਤੁਰਕ ਨਸਾਕੇ।
ਕੁਝ ਨੱਸੇ ਕੁਝ ਲੁਕ ਗਏ ਕੁਝ ਜਾਨ ਗੁਵਾਕੇ।
ਤੇਗ ਚਲਾਇਆ ਸਿੰਘ ਨੇ ਹਥ ਸਾਫ ਕਰਾਕੇ।
ਭਾਰਥ ਰਖਣ ਵਾਸਤੇ ਏਹ ਕਰਮ ਕਮਾਏ।
ਵੇਖੋ ਸਿੰਘ ਅਜੀਤ ਨੇ ਬਹੁ ਦੁਖ ਉਠਾਏ।
ਬਸਤ੍ਰ ਭਿਜੇ ਲਹੂ ਦੇ ਬਹੁ ਦੁਖ ਉਠਾਕੇ।
ਪਿਤਾ ਵਲ ਮੂੰਹ ਕਰ ਲਿਆ ਤਾਂ ਸੀਸ ਝੁਕਾਕੇ।
ਲਈ ਆਗਿਆ ਸ਼ੇਰ ਨੇ ਭੁਲਾਂ ਬਖਸ਼ਾਕੇ।
ਜਾਨ ਤਿਆਗੀ ਸੂਰਮੇ ਹੁਣ ਫਤੇ ਗਜਾਕੇ॥

ਜਦ ਏਸਤਰਾਂ ਕਰੜਾ ਜੁਧ ਕਰਕੇ ਸਾਹਿਬ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਤਾਂ ਆਪ ਦਾ ਛੋਟਾ ਭਾਈ ਸਾਹਿਬ ਜੁਝਾਰ ਸਿੰਘ ਜੀ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਪਿਤਾ ਜੀ ਮੈਨੂੰ ਭੀ ਆਗਿਆ ਬਖਸ਼ੋ ਜਾਕੇ ਅਪਣੇ ਭਰਾ ਦੇ ਨਾਲ ਰਲਾਂ ਤਾਂ ਗੁਰੂ ਜੀਨੇ ਬੜੇ ਪਿਆਰ ਨਾਲ ਮੂੰਹ ਮਥਾ ਚੁੰਮਕੇ ਅਪਣੀਂ ਹਥੀਂ ਹਥਿਆਰ ਸਜਾਕੇ ਘੋੜੇ ਤੇ ਸਵਾਰ ਕੀਤਾ ਤੇ ਅੰਤ ਸਿਖਿਆ ਦਿਤੀ ਕਿ ਬੇਟਾ ਆਪਣੇ ਦਾਦਾ ਜੀ ਦੇ ਸਮਾਚਾਰ ਚੇਤੇ ਰਖਣੇ ਪੈਰ ਪਿਛੇ ਨਹੀਂ ਹਟਾਉਣਾ ਮੌਤ ਦਾ ਡਰ ਨਹੀਂ ਰਖਣਾ ਜਦ ਸਾਹਿਬ ਸਿਖਿਆ ਲੈਕੇ ਸਿੰਘ ਸਾਹਿਬ ਮੈਦਾਨ ਵਿਚ ਉਤਰੇ॥ ਜੈਸੇ—

ਛੋਟੇ ਹਥ ਤਲਵਾਰ ਹੈ ਛੋਟੇ ਤੀਰ ਕਮਾਨਾਂ।
ਘੋੜਾ ਅਰਬੀ ਸੋਹਣਾ ਸੀ ਗੁਣ ਪਛਾਨਾ।
ਹੋਇਆ ਸਿੰਘ ਅਸਵਾਰ ਤਾਂ ਮੰਦਰ ਬਨਬਾਨਾ।
ਲਾ ਘੋੜੇ ਨੂੰ ਅੱਡੀਆਂ ਜਾ ਵਿਚ ਮਿਦਾਨਾ।
ਪੌਣ ਵਾਂਗ ਹੈ ਉਡਦਾ ਘੋੜਾ ਬਲਿਵਾਨਾ।
ਸੌਣ ਘਟਾ ਜਿਉਂ ਤੁਰਕ ਨੇ ਘਨਘੋਰ ਮਹਾਨਾ।
ਬਿਜਲੀ ਵਾਂਗਰ ਚਮਕਦਾ ਵਿਚ ਸਿੰਘ ਜੁਆਨਾ।
ਜਿਧਰ ਪੈਂਦਾ ਗਜਕੇ ਤਰਥਲ ਮਚਾਨਾ।

ਤੋਬਾ ਤੋਬ ਪੁਕਾਰਕੇ ਨਸ ਉਠੇ ਖਾਨਾਂ।
ਖੰਡਾ ਸਿੰਘ ਜੁਝਾਰ ਦਾ ਲਾਹ ਸੁਟੇ ਘਾਨਾ॥

ਜਦ ਏਹ ਛੋਟਾ ਜੈਸਾ ਲਾਲ ਗੁਰੂ ਦਾ ਏਸਤਰਾਂ ਦਾ ਭਿਆਨਕ ਜੁਧ ਕਰਕੇ ਬਹੁਤ ਜਖਮੀ ਹੋਗਿਆ ਗਲ਼ਾ ਰੁਕਕੇ ਪਿਆਸ ਲਗੀ ਤਾਂ ਗੁਰੂ ਜੀ ਵਲ ਮੂੰਹ ਕਰਕੇ ਪਾਣੀ ਮੰਗਿਆ ਤਾਂ ਗੁਰੂ ਜੀ ਅਗੋਂ ਸੁਕਾ ਜਵਾਬ ਦਿਤਾ ਤੇ ਆਖਿਆ ਕਿ ਤੇਰਾ ਪਾਣੀ ਤੇਰੇ ਭਰਾ ਪਾਸ ਹੈ ਮੇਰੇ ਪਾਸ ਨਹੀਂ ਤਾਂ॥ ਜੈਸੇ--

ਸਿੰਘਜੁਝਾਰ ਇਹ ਸੁਣਦਿਆਂ ਫੜ ਵਡੀਦਲੇਰੀ।
ਬਿਜਲੀ ਵਾਂਗਰ ਕੜਕਿਆ ਲੈ ਤੁਰਕਾਂ ਘੇਰੀ।
ਜਿਉਂ ਜਟ ਕਣਕਾਂ ਵਢਦੇ ਹਨ ਦਾਤਰੀ ਫੇਰੀ।
ਪਿਛੇ ਸਥਰ ਲਾਉਂਦੇ ਵਢ ਵਢ ਇਕ ਵੇਰੀ।
ਤੈਸੇ ਸਿੰਘ ਜੁਝਾਰ ਨੇ ਨਹੀਂ ਲਾਈ ਦੇਰੀ।
ਮਾਰ ਮੁਕਾਈ ਵੈਰੀਆਂ ਸੈਣਾ ਬਹੁਤੇਰੀ।
ਜਿਉਂ ਸ਼ਸਤ੍ ਲਗਦੇ ਸਿੰਘ ਜੁਸੇ ਖੇਰੀ।
ਤਿਉਂ ਤਿਉਂ ਸੂਰਾ ਗਜਦਾ ਘੋੜੇ ਨੂੰ ਫੇਰੀ।
ਅਗੋਂ ਪਿਛੋਂ ਘੇਰਦੀ ਆ ਫੌਜ ਘਨੇਰੀ।
ਸੀਨੇ ਗੋਲੀ ਵਜਦੀ ਹੋ ਡਿਗਾ ਫੇਰੀ॥

ਜਦ ਗੁਰੂ ਜੀ ਨੇ ਦੂਜੇਪਤ ਨੂੰ ਵੀ ਏਸਤਰਾਂ ਸ਼ਹੀਦ ਹੁੰਦੇ ਵੇਖਿਆ ਤਾਂ ਹਥ ਜੋੜਕੇ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕੀਤਾ ਤੇ ਅਪਨੇ ਫਰਜ ਨੂੰ ਪੂਰਾ ਕਰਨ ਲਈ ਬਚਿਆ ਦੀ ਏਸਤਰਾਂ ਕੁਰਬਾਨੀ ਵੇਖਕੇ ਬਹੁਤ ਹੀ ਪ੍ਰਸੰਨ ਹੋਏ ਤੇ ਓਸ ਪਰਵਾਨੇ ਉਤੇ ਜੋ ਅਕਾਲ ਪੁਰਖ ਤੋਂ ਲੈਕੇ ਆਏ ਸਨ ਆਪਣੇ ਜਿਗਰ ਦੇ ਟੁਕੜੇ ਪੁਤ੍ਰਾਂ ਦੇ ਲਹੂ ਨਾਲ ਦਸਖਤ ਕਰਕੇ ਤੋਰਿਆ, ਹੁਣ ਏਸ ਵੇਲੇ ਰਾਤ ਵੀ ਪੈ ਗਈ ਸੀ ਤੇ ਸਿੰਘ ਵੀ ਕੇਵਲ ਤਿੰਨ ਰਹਿ ਗਏ ਸਨ ਤਾਂ ਗੁਰੂ ਜੀ ਨੇ ਆਪ ਮੈਦਾਨ ਵਿਚ ਸ਼ਹੀਦ ਹੋਣ ਦਾ ਸੰਕਲਪ ਕੀਤਾ ਪਰ ਭਾਈ ਸੰਗਤ ਸਿੰਘ ਨੇ ਬੇਨਤੀ ਕੀਤੀ ਸਚੇ ਪਾਤਸ਼ਾਹ ਆਪਨੇ ਅਜੇ ਬਹੁਤ ਸਾਰੇ ਕੰਮ ਕਰਨੇ ਹਨ ਏਸ ਲਈ ਦਾਸ ਏਥੇ ਇਕਲਾ

ਤੇ ਆਪ ਭਾਈ ਧਰਮ ਸਿੰਘ ਤੇ ਮਾਨ ਸਿੰਘ ਨੂੰ ਨਾਲ ਲੈਕੇ ਨਿਕਲ ਜਾਓ ਬਹੁਤ ਸਾਰੀਆਂ ਗਲਾਂ ਵਿਚਾਰਕੇ ਏਹ ਬੇਨਤੀ ਓਸਦੀ ਗੁਰੂ ਜੀ ਨੂੰ ਮੰਨਣੀ ਹੀ ਪਈ ਤਾਂ ਅਪਨਾ ਕਲਗੀ ਜਿਗਾ ਦੇਕੇ ਬਦਨ ਕੀਤਾ ਕਿ ਪੰਥ ਕੈਾਰਜਾਂ ਲਈ ਗੁਰਿਆਈ ਖਾਲਸੇ ਪਾਸ ਰਹੇਗੀ ਤੇ ਆਪ ਜਦ ਕੋਈ ਅਧੀ ਰਾਤ ਰਹੀ ਤਾਂ ਕਿਲੇ ਵਿਚੋਂ ਬਾਹਰ ਨਿਕਲੇ ਤਦ ਭਾਈ ਮਾਨ ਸਿੰਘ ਤੇ ਧਰਮ ਸਿੰਘ ਦੋਵੇਂ ਜਿਧਰ ਗੁਰੂ ਗਏ ਸਨ ਓਧਰੋਂ ਉਲਟ ਦੂਜੇ ਪਾਸੇ ਵਲ ਹਿੰਦੂਆਂ ਦਾ ਪੀਰ ਗਿਆ ਰੌਲਾ ਪਾਕੇ ਨਸ ਤੁਰੇ ਤਦ ਸਾਰੀ ਸ਼ਾਹੀ ਫੌਜ ਆ ਮੁਹਾਰੀ ਹੀ ਓਧਰ ਨਸ ਤੁਰੀ ਤੇ ਗੁਰੂ ਜੀ ਲਖਾਂ ਦਲਾਂ ਦੇ ਹੁੰਦੇ ਸੁੰਦੇ ਮਖਣ ਵਿਚੋਂ ਵਾਲ ਵਾਂਗਰ ਨਿਕਲ ਗਏ, ਪਿਛੋਂ ਭਾਈ ਸੰਗਤ ਸਿੰਘ ਬਹੁਤ ਸਾਰਾ ਜੁਧ ਕਰਕੇ ਜਦ ਸ਼ਹੀਦ ਹੋ ਗਏ ਪਰ ਤਦ ਵੀ ਓਸ ਕਿਲੇ ਦੇ ਨੇੜੇ ਕੋਈ ਨਹੀਂ ਜਾਂਦਾ ਦੂਰੋਂ ਦੂਰੋਂ ਹੀ ਉਂਗਲਾਂ ਕਰ ਕਰ ਵੈਰੀ ਗਲਾਂ ਕਰ ਰਹੇ ਸਨ ਓੜਕ ਸੰਗਤ ਸਿੰਘ ਦਾ ਸਿਰ ਵਢਕੇ ਫਤੇ ਦੇ ਨਿਗਾਰੇ ਵਜਾਉਂਦੇ ਦਿਲੀ ਜਾ ਪੁਜੇ ਤੇ ਕਿਹਾ ਕਿ ਗੁਰੂ ਦਾ ਸਿਰ ਲੈ ਆਏ ਹਾਂ ਬਾਦਸ਼ਾਹ ਦਾ ਚਿਤ ਖੁਸ਼ੀ ਕਰ ਦਿਤਾ ॥

ਹੁਣ ਏਸਤਰਾਂ ਨਿਕਲਨੇ ਕਰਕੇ ਕਈ ਮੂਰਖ ਤੇ ਅਕਲ ਦੇ ਅੰਨੇ ਗੁਰੂ ਜੀ ਉਤੇ ਕੰਮ ਹਿਮਤੀ ਦਾ ਦੋਸ਼ ਲਗਾਉਂਦੇ ਹਨ ਪਰ ਏਹ ਓਨਾਂ ਦੀ ਭੁਲ ਹੈ ਕੋਈ ਇਤਹਾਸ ਐਸਾ ਨਹੀਂ ਜਿਸ ਵਿਚ ਚਾਲੀ ਆਦਮੀਂ ਲਖਾਂ ਦਾ ਸਾਮਣਾ ਕਰਕੇ ਸ਼ਹੀਦ ਹੋ ਜਾਣ ਪਰ ਵੈਰੀ ਹਵਾਲੇ ਅਪਨਾ ਅਪਨਾ ਕਰਨ ਜੇਕਰ ਕੋਈ ਬਹਾਦਰੀ ਜਾਂ ਸੂਰਮ ਤਾਈਂ ਯਾਂ ਕੌਮੀ ਕੁਰਬਾਨੀ ਦੇਸ ਦਾ ਪਿਆਰ ਹੈਸੀ ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਹੈਸੀ ਨਾ ਕੋਈ ਏਹੋ ਜੈਸਾ ਦਿਲ ਵਾਲਾ ਪਿਛੇ ਹੋਇਆ ਤੇ ਨਾ ਅਗੇ ਹੋਣਾ ਹੈ ਜੋ ਪਾਪੀ ਗੁਰੂ ਉਤੇ ਏਹ ਦੋਸ਼ ਅਰਪਨ ਕਰਦੇ ਓਹ ਝੂਠੇ ਦੇਸ਼ ਦ੍ਰੋਹੀ ਹਨ ਜਿਸਨੂੰ ਜਰਾ ਜਿੰਨੀ ਵੀ ਅਕਲ ਹੈ ਓਹ ਕਦੇ ਵੀ ਗੁਰੂ ਜੀ ਉਤੇ ਏਹ ਦੂਸ਼ਨ ਨਹੀਂ ਲਗਾ ਸਕਦਾ ਜੇ ਪਰਉਪਕਾਰੀ ਸੀ ਤਾਂ ਗੁਰੂ ਗੋਬਿੰਦ ਸਿੰਘ ਜੇ ਦੇਸ਼ ਹਿਤੈਸ਼ੀ ਸੀ ਤਾਂ ਗੁਰੂ ਗੋਬਿੰਦ ਸਿੰਘ ਜੇ ਏਸ ਗਈ ਗੁਜਰੀ ਤੇ ਕ੍ਰਿਤਘਨ ਹਿੰਦੂ ਕੌਮ ਨੂੰ ਰਖਣ ਵਾਲਾ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਹੀ ਸੀ ਹੁਣ ਏਥੇ ਜੇਕਰ ਟਾਕਰਾ ਕੀਤਾ ਜਾਵੇ ਤਾਂ ਦਸੋ ਖਾਂ ਕਿ ਜਦੋਂ ਰਣ

ਭੂਮੀ ਵਿਚ ਲਛਮਨ ਮੂਰਛਤ ਹੋਇਆ ਸੀ ਓਸ ਵੇਲੇ ਸ੍ਰੀ ਰਾਮਚੰਦਰ ਜੀ ਦੀ ਰੋ ਰੋ ਕੀ ਹਾਲਤ ਹੋ ਗਈ ਸੀ ਤੇ ਏਹ ਕੰਮ ਵੀ ਕੌਮ ਦੀ ਖਾਤਰ ਨਹੀਂ ਸੀ ਸਗੋਂ ਅਪਨੇ ਘਰ ਦੇ ਝਗੜੇ ਬਦਲੇ ਸੀ ਪਰ ਵਾਹਵਾ ਧੰਨ ਕਮਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਪਾਸੇ ਬਾਈ ਧਾਰ ਦੇ ਰਾਜਿਆਂ ਦੀ ਫੌਜ ਤੀਜਾ ਦੇਸ. ਲਖ. ਫੌਜ ਦਿਲੀ ਤੋਂ ਆ ਰਹੀ ਹੈ ਤੇ ਕੌਮ ਦੀ ਖਾਤਰ ਪੁਤ੍ਰ ਅੱਖਾਂ ਦੇ ਸਾਮਣੇ ਸ਼ਹੀਦ ਹੁੰਦੇ ਵੇਖਦੇ ਹਨ ਤੇ ਜਰਾ ਜਿਨੀ ਵੀ ਚਿੰਤਾ ਨਹੀਂ ਕਰਦੇ ਸਗੋਂ ਖੁਸ਼ੀ ੨ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕਰਦੇ ਹਨ, ਭਾਵੇਂ ਸਾਰੇ ਇਤਹਾਸ ਫੋਲਕੇ ਡਿਠੇ ਜਾਣ ਪਰ ਏਹੋ ਜੈਸਾ ਨਜਾਰਾ ਧੀਰਜ ਤੇ ਹੌਸਲਾ ਤੇ ਕੌਮੀ ਪਿਆਰ ਦੇਸ ਦਾ ਹਿਤ ਜਿਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਦੇ ਨਜ਼ਰ ਨਹੀਂ ਆਵੇਗਾ ॥

ਐ ਅਕ੍ਰਿਤਘਨ ਹਿੰਦੂ ਕੌਮ ਤੇਰੇ ਨਾਮ ਰਖਣ ਦੀ ਖਾਤਰ ਗੁਰੂ ਗੋਬਿੰਦ ਸਿੰਘ ਅਪਣੇ ਅੱਖਾਂ ਦੇ ਤਾਰੇ ਰਣਭੂਮੀ ਵਿਚ ਸ਼ਹੀਦ ਹੁੰਦੇ ਵੇਖਦਾ ਹੈ ਪਰ ਸੋ ਤੀਕ ਨਹੀਂ ਕਰਦਾ ਕੀ ਏਹੋ ਫਰਜ ਹੈ ਕਿ ਓਸਦੇ ਦਸੇ ਹੋਏ ਸਤ ਧਰਮ ਦੇ ਰਾਹ ਉਤੇ ਨਾ ਆਵੇਂ ? ਜਰਾ ਆਪਣੀ ਬੁਕਲ ਵਿਚ ਮੂੰਹ ਪਾ ਕੇ ਵੇਖ ਤੇ ਅਪਨੇ ਮਥੇ ਤੋਂ ਕ੍ਰਿਤਘਨ ਦੋਸ਼ ਲਾਹੁਣ ਦੀ ਖਾਤਰ ਸਿੰਘ ਧਰਮ ਨੂੰ ਅੰਗੀਕਾਰ ਕਰ ॥

## ਛੋਟੇ ਸਾਹਿਬ ਜਾਦਿਆਂ ਦੀ ਸ਼ਹੀਦੀ

ਜਿਸ ਵੇਲੇ ਸ੍ਰੀ ਗੁਰੂ ਜੀ ਅਨੰਦ ਪੁਰ ਤੋਂ ਨਿਕਲੇ ਤਾਂ ਬਾਦਸ਼ਾਹੀ ਫੌਜਤੇ ਪਹਾੜੀ ਰਾਜਿਆਂਨੇ ਧਾਵਾ ਬੋਲਾਦਤਾ ਜਿਸਕਰਕੇ ਸਿਖਾਂ ਨੂੰ ਥੋੜੇ ਹੋਣ ਤੋਂ ਬੜਾ ਭਿਆਨਕ ਸਮਾਂ ਨਜਰ ਆਯਾ । ਤਦ ਵੀ ਖਾਲਸਾ ਜੀਨੇ ਵੈਰੀ ਦੀ ਈਨ ਨਹੀਂ ਮੰਨੀ ਤੇ ਲੜਦੇ ਭਿੜਦੇ

ਨਿਕਲ ਗਏ, ਇਸ ਵੇਲੇ ਭਾਈ ਮਨੀ ਸਿੰਘ ਜੀ ਦੀ ਕ੍ਰਿਪਾ ਨਾਲ ਗੁਰੂ ਜੀ ਦੇ ੨ ਸਾਹਿਬਜ਼ਾਦੇ ਦਿਲੀ ਪਹੁੰਚ ਗਏ ਤੇ ਬਿਰਧ ਮਾਤਾ ਮਾਤਾ ਗੁਜਰੀ ਜੀ ਸਾਹਿਬ ਫਤੇ ਸਿੰਘ ਜ਼ੋਰਾਵਰ ਸਿੰਘ ਜੀ ਨੂੰ ਲੈਕੇ ਇਕ ਖਚਰ ਸਣੇ ਨੌਕਰ ਰੋਪੜ ਦੇ ਪਾਸ ਲੈ ਆਇਆ। ਉਥੇ ਦੁਸ਼ਟ ਗੰਗੂ ਬ੍ਰਾਹਮਣ ਮਿਲਿਆ ਤੇ ਮਾਤਾ ਜੀ ਦੇ ਚਰਨਾਂ ਵਿਚ ਬੜੇ ਆਦਰ ਨਾਲ ਮਥਾ ਟੇਕਿਆ ਤੇ ਗੰਗੂ ਨੇ ਬੇਨਤੀ ਕੀਤੀ ਮਾਤਾ ਜੀ ਮੈਂ ਤੁਹਾਡੀ ਨੌਕਰੀ ਕਰਕੇ ਬੜਾ ਚਿਰ ਪੇਟ ਪਾਲਿਆ ਹੈ ਹੁਣ ਆਪ ਮੇਰੇ ਪਾਸ ਘਰ ਚਲਕੇ ਬਿਸਰਾਮ ਕਰੋ ਕੋਈ ਫਿਕਰ ਨਾਂ ਕਰੋ ਮੈਂ ਆਪਦੀ ਬੜੀ ਸੇਵਾ ਕਰਾਂਗਾ ਸੋ ਮਾਤਾ ਸਾਹਿਬਜ਼ਾਦਿਆਂ ਨੂੰ ਨਾਲ ਲੈਕੇ ਉਸ ਦੁਸ਼ਟ ਦੇ ਘਰ ਗਈ। ਉਸੇ ਦੁਸ਼ਟਨੇ ਰਾਤਨੂੰ ਮਾਤਾ ਦਾ ਧਨ ਜਵਾਹਰਾਤ ਦੀ ਪਟਾਰੀ ਕਢ ਲਈ ਤੇ ਰੌਲਾ ਪਾ ਦਿਤਾ ਕਿ ਕੋਈ ਚੋਰ ਹੈ। ਮਾਤਾ ਨੇ ਆਖਿਆ ਚੋਰ ਤਾਂ ਕੋਈ ਨਹੀਂ ਆਇਆ ਕਿਉਂਕਿ ਰਾਤੀਂ ਮੈਨੂੰ ਨੀਂਦਰ ਨਹੀਂ ਪਈ, ਅਗਰ ਕਿਤੇ ਭੁਲੇਖੇ ਨਾਲ ਆਪ ਕੋਲੋਂ ਰਖੀ ਗਈ ਹੈ ਤਾਂ ਕੋਈ ਡਰ ਨਹੀਂ ਤੂੰ ਭੀ ਮੇਰਾ ਪੁਤ੍ਰ ਹੈਂ। ਤਾਂ ਬੜੇ ਕਰੋਧ ਨਾਲ ਭੜਕਕੇ ਬੋਲਿਆ ਤਾਂ ਮਾਤਾ ਨੇ ਆਖਿਆ ਪੁਤਰ ਗੰਗੂ ਐਡਾ ਕਰੋਧ ਕਿਉਂ ਕੀਤਾ ਹੈ ਮੇਰੇ ਮੂਹੋਂ ਤਾਂ ਐਵੇਂ ਨਿਕਲ ਗਿਆ ਹੈ। ਤਾਂ ਗੰਗੂ ਨੇ ਕਿਹਾ ਤੁਹਾਨੂੰ ਪਤਾ ਨਹੀਂ ਕਿ ਸੂਬੇ ਸਰਹੰਦ ਨੇ ਹੁਕਮ ਦੇ ਰਖਿਆ ਹੈ ਕਿ ਜੋ ਕੋਈ ਗੁਰੂ ਦੇ ਲੜਕੇ ਪਕੜਾਵੇ ਮੂੰਹੋਂ ਮੰਗਿਆਂ ਧਨ ਜਗੀਰ ਪਾਵੇ। ਸੋ ਮੈਂ ਤਾਂ ਸਰਹੰਦ ਜਾਕੇ ਲੜਕਿਆਂ ਨੂੰ ਪਕੜਾਵਾਂਗਾ। ਮਾਤਾ ਨੇ ਬਥੇਰਾ ਸਮਝਾਯਾ। ਪ੍ਰੰਤੂ ਉਹ ਦੁਸ਼ਟ ਕਦ ਮੰਨ ਸਕਦਾ ਸੀ। ਗੁਸਾਈਂ ਤੁਲਸੀ ਦਾਸ ਜੀ ਨੇ ਠੀਕ ਲਿਖਿਆ ਹੈ:—

"ਬਾਇਸ ਪਾਲੀਐ ਅਤਿ ਅਨੁਰਾਗਾ।
ਹੋਇ ਨਿਰਾਮੁਖ ਕਬਹੂ ਨਾਕਾਗਾ"।

ਭਾਵੇਂ ਮਾਤਾ ਜੀ ਨੇ ਬਥੇਰੇ ਤਰਲੇ ਮਿਨਤਾਂ ਤੇ ਏਹ ਭੀ ਆਖਿਆ ਗੁਰੂ ਜੀ ਦੇ ਮਿਲਨਤੇ ਤੈਨੂੰ ਬਹੁਤਸਾਰਾ ਧਨ ਦੁਵਾਵਾਂਗੀ। ਤੇ ਸਾਰੀ ਉਮਰ ਤੇਰੀ ਨੇਕੀ ਨਾਂ ਭੁਲਾਵਾਂਗੀ ਪਰ ਤਦ ਭੀ ਉਹ

ਦੁਸ਼ਟ ਗੰਗੂ ਬਾਹਰੋਂ ਬੂਹਾ ਬੰਦ ਕਰਕੇ ਮੁਰੰਡੇ ਨਗਰ ਵਿਚ ਜੋ ਨੇੜੇ ਸੀ ਜਾਨੀ ਖਾਂ ਮਾਨੀ ਖਾਂ ਪਾਸ ਪੁਜਾ ਤੇ ਸਾਰੀ ਹਕੀਕਤ ਸੁਣਾਈ ਕਿ ਮੇਰੇ ਘਰ ਐਸ ਵੇਲੇ ਦੋ ਪੁਤਰ ਗੁਰੂ ਜੀ ਦੇ ਤੇ ਮਾਤਾ ਗੁਰੂ ਸਾਹਿਬ ਜੀ ਦੇ ਹੈ ਚਲਕੇ ਫੜ ਲਓ ਸੋ ਪਹਿਲੇ ਆਕੇ ਜਬਰਦਸਤੀ ਤੁਰਕਾਂ ਨੇ ਸਾਹਿਬ ਜਾਦਿਆਂ ਨੂੰ ਰਥ ਵਿਚ ਬਠਾਇਆ ਤੇ ਮਾਤਾ ਜੀ ਨੇ ਬਥੇਰਾ ਕਿਹਾ ਪਰ ਓਹ ਦੁਸ਼ਟ ਕਦ ਮੰਨਦੇ ਸਨ। ਫਿਰ ਗੰਗੂ ਨੂੰ ਇਸ ਕਰਕੇ ਮਾਰ ਦਿਤਾ ਕਿ ਇਸਦੇ ਪਾਸ ਗੁਰੂ ਜੀ ਦਾ ਧਨ ਹੈ ਤੇ ਸਾਰਾ ਘਰ ਪਠਾਨਾਂ ਨੇ ਗੰਗੂ ਦਾ ਲੁਟ ਲੀਤਾ॥

ਜਦ ਸਰਹੰਦ ਪੁਜੇ ਤਾਂ ਵਜੀਦ ਨੇ ਬੁਰਜ ਵਿਚ ਕੈਦ ਕਰ ਦਿਤਾ। ਪੋਹ ਦਾ ਮਹੀਨਾ ਕੈਹਰ ਦੀ ਸਰਦੀ ਰੇਸ਼ਮੀ ਸੇਜਾ ਤੇ ਸੌਣ ਵਾਲੇ ਖਾਲਸਾ ਕੌਮ ਦੇ ਸਿਰਤਾਜ ਭੁੰਜੇ ਸੌਂ ਗਏ। ਤੇ ਪਾਪਾਂ ਭਰੀ ਰਾਤ ਸਾਸ ਗਿਣਕੇ ਮਾਤਾ ਜੀ ਨੇ ਕਟੀ ਤੇ ਦਿਨ ਚੜ੍ਹਿਆ ਸਵੇਰੇ ਵਜੀਦੇ ਨੇ ਕਚੈਹਰੀ ਆਕੇ ਬੁਲਾ ਭੇਜਿਆ। ਮਾਤਾ ਬਹੁਤ ਚਿੰਤਾ ਕੀਤੀ ਤਾਂ ਫਤਹ ਸਿੰਘ ਜੀ ਹੌਸਲਾ ਦੇਕੇ ਬੋਲੇ–

"ਫਤੇ ਸਿੰਘ ਜੀ ਬੋਲਿਆ ਸੁਣ ਮਾਤਾ ਮੇਰੀ।
ਕੀ ਹੈ ਸਾਨੂੰ ਆਖਦੀ ਇਹ ਚਿੰਤਾ ਤੇਰੀ।
ਕਿਉਂ ਡਰ ਰਖਦੀ ਮੌਤ ਦਾ ਹੈ ਬੁਢੀ ਠੇਰੀ।
ਸਗੋਂ ਤੈਨੂੰ ਹੈ ਚਾਹੀਦਾ ਦੇਹ ਅਸਾਂ ਦਲੇਰੀ।
ਭਾਣੇ ਦੇ ਵਿਰ ਕਰੇਗਾ ਜੋ ਹੋਣਾ ਫੇਰੀ।
ਮਨੇਮੁਖ ਗੁਰ ਤੋਂ ਸਿਖ ਸੋ ਨਹੀਂ ਲਗੇ ਡੇਰੀ।
ਅਗਾ ਪਿਛਾ ਦਿਨਾਂ ਦਾ ਨਹੀਂ ਗਲ ਵਡੇਰੀ।
ਜੋ ਜੰਮਿਆਂ ਸੋ ਮਰੇਗਾ ਮਾਤਾ ਇਕ ਵੇਰੀ।
ਸਾਨੂੰ ਹੁਣ ਤੂੰ ਤੋਰਦ ਕਰ ਖੁਸ਼ੀ ਘਨੇਰੀ।
ਚਾਰ ਦਿਨਾਂ ਦੇ ਜੀਵਣ ਫਿਰ ਮਿਟੀ ਢੇਰੀ।

ਜਦ ਇਸਤਰਾਂ ਦੇ ਹੌਸਲੇ ਭਰੇ ਬਚਨ ਸ਼ੇਰ ਦੇ ਮੂੰਹ ਤੋਂ ਨਿਕਲੇ ਸੁਣੇ ਤਾ ਮਾਤਾ ਜੀ ਨੇ ਅਸੀਸ ਦਿਤੀ ਕਿ ਬਚਯੋ ਗੁਰੂ ਤੁਹਾਡੇ ਅੰਗ ਸੰਗ ਹੈ ਕਿਸੇਤਰਾਂ ਡੋਲਨਾ ਨਹੀਂ ਧਰਮ ਨੂੰ ਸਿਦਕ

ਨਾਲ ਨਿਬਾਹੁਣਾ। ਏਸਤਰਾਂ ਦੀ ਸਿਖਿਆ ਦੇਕਰ ਦੋਵੇਂ ਲਾਲ ਤੋਰ ਦਿਤੇ ਤਾਂ ਕਚੈਹਰੀ ਜਾਕੇ ਦਬਕੇ ਫਤਹ ਗਜਾਈ। ਜਿਸਨੂੰ ਸੁਣਦੇ ਸਾਰ ਸਾਰੀ ਕਚੈਹਰੀ ਹੈਰਾਨ ਰਹ ਗਈ। ਤਾਂ ਇਕ ਦੁਸ਼ਟ ਸੁਚਾ ਨੰਦ ਖਤਰੀ ਨੇ ਆਖਿਆ ਬਚਯੋ ਹੋਸ਼ਕਰੋ। ਏਥੇ ਖਾਨ ਸਾਹਿਬ ਦੇ ਸਾਹਮਣੇ ਸਿਰ ਨਿਵਾਕੇ ਸਲਾਮ ਆਖੋ। ਤੇ ਅਪਨੀ ਸਜਾ ਵਾਸਤੇ ਮਾਫੀ ਮੰਗੋ ਤਾਂ ਸਾਹਿਬ ਜੋਰਾਵਰ ਸਿੰਘ ਜੀ ਆਖਿਆ ਸਾਨੂੰ ਗੁਰੂ ਜੀ ਨੇ ਇਹੋ ਦਸਿਆ ਹੈ ਜਿਥੇ ਜਾਓ ਫਤਹ ਗਜਾਓ। ਤੇ ਸਿਰ ਇਕ ਅਕਾਲ ਪੁਰਖ ਅਗੇ ਝੁਕਾਉਣਾ। ਤੇਰੇ ਜੈਸੇ ਪੇਟ ਪਾਲੂਆਂ ਤੇ ਧਰਮ ਨੂੰ ਕਲੰਕਿਤ ਕਰਨ ਵਾਲਿਆਂ ਦੇ ਸ਼ਰੀਰ ਨੂੰ ਕੀੜਿਆਂ ਨੇ ਵੀ ਨਹੀਂ ਖਾਣਾ। ਜਦ ਏਸਤਰਾਂ ਦੇ ਨਿਡਰ ਬਚਣ ਸੁਣੇ ਤਾਂ ਵਜੀਦਾ ਆਖਨ ਲਗਾ, ਵੇਖੋ ਬਚਯੋ? ਸਾਨੂੰ ਸ਼ਰਾ ਸ਼ਰੀਕਤ ਦਸਦੀ ਹੈ ਕਿ ਮਸੂਮ ਬਚਿਆਂ ਉਤੇ ਕਿਸੇਤਰਾਂ ਵਾਰ ਨਾਂ ਕੀਤਾ ਜਾਵੇ ਏਸ ਲਈ ਜੇ ਤੁਸੀਂ ਦੀਨ ਇਸਲਾਮ ਨੂੰ ਮੰਨੋਗੇ ਤਾਂ ਤੁਹਾਡੀ ਜਾਨ ਬਖਸ਼ੀ ਜਾਵੇਗੀ ਤੇ ਨਾਲ ਹੀ ਵਡੇ ਵਡੇ ਖਾਨ ਤੁਹਾਨੂੰ ਅਪਣੀਆਂ ਧੀਆਂ ਦੇ ਡਲੇ ਦੇਣਗੇ ਤੇ ਸਾਰੇ ਮੁਸਲਮਾਨ ਤੁਹਾਨੂੰ ਪੀਰ ਕਰਕੇ ਪੂਜਣਗੇ। ਤਾਂ ਸਾਹਿਬ ਜਾਦਿਆ ਉਤਰ ਦਿਤਾ—

"ਬੋਲੇ ਬੋਲ ਕਬੋਲ ਤੂੰ ਸਭ ਬੇਅੰਦਾਜਾ।
ਗੁਰ ਪੂਰੇ ਨੇ ਛੋਡਿਆ ਏਹ ਤੁਸਾਂ ਜਹਾਜਾ।
ਤੇਰੇ ਵਸ ਨਾਂ ਮੂਰਖਾ ਏਹ ਧੁਰਦਾ ਵਾਜਾ।
ਪੰਥ ਖਾਲਸਾ ਦਿਸੰਦਾ ਕੌਮਾਂ ਦਾ ਰਾਜਾ।
ਤਿਸਨੂੰ ਅਸੀਂ ਤਿਆਗਕੇ ਨਹੀਂ ਕਰੇ ਕੁਕਾਜਾ।
ਪਲੇ ਸੁਚ ਅਸਾਡੜੇ ਨਹੀਂ ਕੂੜ ਨਿਵਾਜਾ।
ਤੂੰ ਸੂਬਾ ਸਰਹੰਦ ਦਾ ਔਰੰਗੇ ਸਾਜਾ।
ਪਿਤਾ ਅਸਾਂ ਸਚ ਪਾਤਸ਼ਾਹ ਦੋ ਲੋਕਾਂ ਰਾਜਾ।
ਸਿੰਘ ਖਾਣਗੇ ਤੁਸਾਂ ਨੂੰ ਕਰ ਮੇਵਾ ਖਾਜਾ।
ਕਰਲੈ ਜੋ ਜਾ ਆਉਂਦੀ ਸਠ ਬੇਨਵਾਜਾ।"

ਜਦ ਏਹ ਨਿਰਭੈ ਰਿਦੇ ਤੋਂ ਨਿਕਲੇ ਹੋਏ ਬਚਨ ਵਜੀਦੇ ਨੇ ਸੁਣੇ ਤਾਂ ਸਤੀਂ ਕਪੜੀ ਅਗ ਲਗ ਉਠੀ ਤਦ ਇਕ ਵਡੇ ਖਾਂ ਨੇ

ਜਿਸਦਾ ਪਿਓ ਗੁਰੂ ਜੀ ਨੇ ਜੰਗ ਵਿਚ ਮਾਰਿਆ ਸੀ ਕਿ ਤੂੰ ਬਦਲਾ ਲੈ ਲੈ ਤਾਂ ਓਨਾ ਕਿਹਾ ਮੈਂ ਮਸੂਮ ਬਚਿਆਂ ਤੋਂ ਬਦਲਾ ਨਹੀਂ ਲੈ ਸਕਦਾ। ਅਤੇ ਮਲੇਰ ਕੋਟਲੇ ਦੇ ਨਵਾਬ ਨੇ ਆਖਿਆ ਖੁਦਾ ਦਾ ਵਾਸਤਾ ਜੇ ਇਹ ਨਿਰਦੋਸ਼ ਬਚਿਆਂ ਨੂੰ ਨਾਂ ਮਾਰੋ। ਪਰ ਕੋਲੋਂ ਸੁਚਾ ਨੰਦ ਦੁਸ਼ਟ ਦੀਵਾਨ ਨੇ ਆਖਿਆ ਖਾਨ ਜੀ ਗੁਰੂ ਗੋਬਿੰਦ ਸਿੰਘ ਜੀਨੇ ਪਹਾੜੀ ਰਾਜਿਆਂ ਅਰ ਸਾਰੀ ਫੌਜ ਦਾ ਨਾਸ ਕਰ ਦਿਤਾ ਹੈ ਇਸ ਲਈ ਇਸਨੂੰ ਕਦੇ ਨਾਂ ਛਡੋ। ਵਡੇ ਹੋਏ ਏਨਾਂ ਨੇ ਮੁਸਲਮਾਨਾਂ ਦਾ ਖੁਰਾ ਖੋਜ ਨਹੀਂ ਛਡਣਾ ਇਸਨੂੰ ਜਰੂਰ ਮਾਰੋ ਤਾਂ ਵਜੀਦੇ ਨੇ ਮਾਰਨੇ ਦਾ ਹੁਕਮ ਕੀਤਾ। ਕਿਲੇ ਦੀ ਕੰਧ ਗਿਰਾਕੇ ਜੀਉਂਦੇ ਹੀ ਚਿਣ ਦਿਤਿਆ ਤੇ ਜਦ ਛਾਤੀਆਂ ਤੀਕਨ ਚਿਣੇ ਗਏ ਤਾਂ ਵਜੀਦੇ ਨੇ ਫਰ ਆਕੇ ਕਿਹਾ ਓ ਜਾਲਮ ਬਚਿਓ ਅਜੇ ਭੀ ਵੇਲਾ ਹੈ ਮੇਰਾ ਕਹਿਣਾ ਮੰਨੋ ਤੇ ਦੀਨ ਇਸਲਾਮ ਕਬੂਲ ਕਰੋ। ਏਸਤਰਾਂ ਆਖਕੇ ਬਥੇਰਾ ਕਿਹਾ ਸਾਹਿਬਜਾਦੇ ਨਾ ਮੰਨੇ ਤੇ ਸਗੋਂ ਉਤਰ ਦਿਤਾ ਸਾਨੂੰ ਜਾਨ ਪਿਆਰੀ ਨਹੀਂ ਕੇਵਲ ਧਰਮ ਪਿਆਰਾ ਹੈ। ਤੁਹਾਡੀ ਬਾਦਸ਼ਾਹੀ ਦਾ ਹੁਣ ਅੰਤ ਹੈ। ਫਿਰ ਸਾਹਿਬ ਜਾਦਿਆਂ ਨੂੰ ਸਾਰਾ ਚਿਣ ਦਿਤਿਆ। ਉਸੇ ਵੇਲੇ ਸਖਤ ਭੁਚਾਲ ਆਇਆ ਤੇ ਕੰਧ ਡਿਗ ਪਈ ਤੇ ਦੋਨੋਂ ਲੋਥਾਂ ਆ ਪਈਆਂ। ਸਾਰੇ ਸ਼ਹਿਰ ਵਿਚ ਹਲ ਚਲ ਮਚ ਗਈ ਕਿ ਹੁਣ ਜਰੂਰ ਸਿੰਘ ਸਰਹੰਦ ਨੂੰ ਇਟ ੨ ਕਰਨਗੇ॥

ਉਧਰ ਜੋ ਨੋਕਰ ਅਨੰਦ ਪੁਰੋਂ ਨਾਲ ਆਇਆ ਸੀ ਮਾਤਾ ਜੀਨੇ ਸਾਹਿਬ ਜਾਦਿਆਂਨੂੰ ਦੇਖਨਭੇਜਿਆਤਾਂ ਦੋਨਾਂ ਲੋਥਾਂ ਨੂੰ ਦੇਖਕੇ ਸ਼ਾਹਿਬਰਤੇ ਸਿੰਘ ਜੀਦੇ ਕਮਰ ਨਾਲੋਂ ਕਟਾਰ ਖੋਲਕੇ ਮਰ ਗਿਆ॥

—o—

## ਲਾਲਾ ਟੋਡਰ ਮਲ ਨੇ ਸਾਹਿਬ ਜਾਦਿਆਂ ਦਾ ਸਸਕਾਰ ਕਰਨਾ

ਜਦ ਸਾਰਾ ਹਾਲ ਟੋਡਰ ਮਲ ਨੇ ਸੁਣਿਆਂ ਤਾਂ ਉਸਨੇ ਸੋਚਿਆ ਭਾਵੇਂ ਮੇਰਾ ਸਾਰਾ ਧਨ ਲਗ ਜਾਵੇ ਮਗਰ ਮੈਂ ਇਨਾਂ ਨੂੰ ਬਚਾਵਾਂਗਾ ਪਰ ਸਰਹੰਦ ਪੁਜਨ ਤੋਂ ਪਹਿਲਾਂ ਹੀ ਭਾਣਾ ਵਰਤ ਚੁਕਾ

ਸੀ ਤੇ ਮਾਤਾ ਜੀ ਅਗੇ ਜਾਕੇ ਅਰਜ ਕੀਤੀ ਮਾਤਾ ਜੀ ਸਾਹਿਬ ਜਾਦੇ ਤਾਂ ਸ਼ਹੀਦ ਹੋ ਗਏ ਹਨ ਪਰ ਧਰਮ ਨਹੀਂ ਹਾਰਿਆ ਸਾਥ ਹੀ ਏਹ ਭੀ ਸੁਣਿਆ ਕਿ ਗੁਰੂ ਸਾਹਿਬ ਜੀ ਵਡੇ ਸਾਹਿਬ ਜਾਦਿਆਂ ਸਮੇਤ ਚਮਕੌਰ ਦੇ ਜੰਗ ਵਿਚ ਸ਼ਹੀਦ ਹੋ ਗਏ ਹਨ। ਮਾਤਾ ਜੀਨੇ ਇਹ ਸੁਣਕੇ ਆਖਿਆ ਕਿ ਅਜ ਮੈਂ ਸਪੂਤੀ ਹੋਈ ਹਾਂ ਜਿਸਦਾ ਸਾਰਾ ਟਬਰ ਦੇਸ਼ ਰਖਿਆ ਵਾਸਤੇ "ਬਲੀ" ਹੋਇਆ ਹੈ। ਇਹ ਆਪਨੇ ਜਪੁਜੀ ਸਾਹਿਬ ਦਾ ਪਾਠ ਕਰਕੇ ਮਾਤਾ ਜੀ ਨੇ ਪ੍ਰਾਨ ਤਿਆਗ ਦਿਤੇ ਤੇ ਟੋਡਰ ਮਲ ਨੇ ਬਹੁਤ ਸਾਰਾ ਰੁਪਯਾ ਖਰਚ ਕਰਕੇ ਜ਼ਮੀਨ ਮੁਲ ਲੈਕੇ ਚੰਦਨ ਚਿਤਾ ਰਚਕੇ ਤਿੰਨਾਂ ਦਾ ਸਸਕਾਰ ਕੀਤਾ ਜਿਥੇ ਹੁਣ ਗੁਰਦੁਵਾਰਾ ਹੈ॥

# ਕਾਜੀ ਪੀਰ ਮੁਹੰਮਦ ਖਾਂ ਨੂੰ ਮਿਲਨਾ ਤੇ ਨਬੀ ਖਾਂ ਗਨੀ ਖਾਂ ਨੇ ਸੇਵਾ ਕਰਨੀ

ਚਮਕੌਰੋਂ ਨਿਕਲਕੇ ਗੁਰੂ ਜੀ ਆ ਹੀ ਰਹੇ ਸਨ ਲਭੂ ਤੇ ਹਮਨੂੰ ਮਹੀਂ ਚਾਰਦੇ ਨੇ ਰੌਲਾ ਪਾਇਆ ਕਿ ਗੁਰੂ ਨਠਾ ਜੇ ਫੜ ਲਓ, ਗੁਰੂ ਜੀਨੇ ਧਨ ਦੇਕੇ ਚੁਪ ਕਰਾਣਾ ਚਾਹਿਆ ਪਰ ਓਹ ਨਾਂ ਟਲੇ ਤਾਂ ਗੁਰੂ ਜੀ ਨੇ ਤਲਵਾਰ ਨਾਲ ਦੋਨਾਂ ਦੇ ਸਿਰ ਕਟਕੇ ਨਰਕ ਵਿਚ ਭੇਜਿਆ। ਇਕ ਦਿਨ ਬਨ ਵਿਚ ਰਾਤ ਰਹੇ। ਅਗਲੇ ਦਿਨ ਗੁਲਾਬੇ ਦੇ ਘਰ ਪੁਜੇ ਉਸਨੇ ਵੜਨ ਨਾਂ ਦਿਤਾ ਤਾਂ ਗੁਰੂ ਜੀ ਕੰਧ ਟਪਕੇ ਚਲੇ ਗਏ ਓਸਨੇ ਪ੍ਰਸ਼ਾਦ ਛਕਾਇਆ॥

ਗੁਰੂ ਜੀ ਬਹਿਲੋਲ ਪੁਰ ਵਿਚ ਕਾਜੀ ਪੀਰ ਮੁਹੰਮਦ ਦੇ ਘਰ ਰਹੇ ਓਸਨੇ ਮਿਤ੍ਰਤਾ ਦਾ ਬੜਾ ਅੰਗ ਪਾਲਿਆ ਤੇ ਮਾਛੀ ਵਾੜੇ ਦੇ ਨਬੀ ਖਾਂ ਗਨੀ ਖਾਂ ਨੂੰ ਬੁਲਾਕੇ ਗੁਰੂ ਜੀ ਦੀ ਸੇਵਾ ਕਰਾਈ, ਤੇ ਕਾਲੇ ਕਪੜੇ ਗੁਰੂ ਜੀ ਨੂੰ ਪਵਾਏ, ਏਥੇ ਮਾਨ ਸਿੰਘ ਦਯਾ ਸਿੰਘ ਜੋ ਚਮਕੌਰੋਂ ਨਾਲ ਨਿਕਲੇ ਸੀ ਮਿਲ ਪਏ ਤੇ ਗੁਰੂ ਸਾਹਿਬ ਨੂੰ ਉਚ ਦਾ ਪੀਰ ਬਨਾਕੇ ਚਾਰੇ ਜਨੇ ਲੈ ਗਏ। ਇਕ ਪਾਸੇ ਨਬੀ ਖਾਂ ਗਨੀ ਖਾਂ ਨੇ ਫੜਿਆ ਤੇ ਦੂਸਰੇ ਪਾਸੇ ਭਾਈ ਮਾਨ ਸਿੰਘ ਦਯਾ ਸਿੰਘ ਨੇ

ਫੜਿਆ ਤੇ ਪੀਰ ਮੁਹੰਮਦ ਚੌਰੀ ਕਰਨ ਲਗਾ। ਇਸ ਤਰੀਕੇ ਨਾਲ ਬਾਹਰ ਨਿਕਲੇ, ਸਾਰੀ ਫੌਜ ਮਿਲ ਪਈ ਤਾਂ ਓਨਾ ਕਿਹਾ ਖਾਨਾ ਖਾਓ। ਤਾਂ ਨਬੀ ਖਾਂ ਗਨੀ ਖਾਂ ਕਿਹਾ ਪੀਰ ਜੀ ਨੂੰ ੧੨ ਬਰਸਾਂ ਦਾ ਰੋਜਾ ਹੈ ਸੋ ਤਿੰਨੇ ਜਣੇ ਛਡਕੇ ਮੁੜ ਆਏ। ਇਸਤੋਂ ਅਗੇ ਗੁਰੂ ਜੀ ਮਾਲਵੇ ਵਿਚ ਰੈਹਣ ਲਗੇ, ਸਾਹਿਬ ਜਾਦਿਆਂ ਦੀ ਖਬਰ ਸੁਣੀ ਤਾਂ ਗੁਰੂ ਜੀਨੇ ਕਿਹਾਕਿ ਬਹੁਤਹਛਾ ਕੀਤਾ ਜੋ ਧਰਮਦੀ ਖਾਤਰ ਕੁਰਬਾਨ ਹੋਗਏ ਫਿਰ ਦਿਲਵਾਂ ਵਿਚ ਪੁਜੇ ਤੇ ਮੋਦੀ ਕੋਲ ਮਿਲਿਆ ਸਾਰੀ ਵਿਥਿਆ ਸੁਣਕੇ ਰੋਣ ਲਗਾ ਤਾਂ ਗੁਰੂ ਜੀ ਨੇ ਧੀਰਜ ਦਿਤਾ ਤੇ ਗੁਰੂ ਜੀ ਦੀ ਭੇਟਾ ਬਹੁਤ ਸਾਰੇ ਸ਼ਸਤ੍ਰ ਘੋੜੇ ਭੇਟਾ ਕੀਤੇ ਪਿਛੋਂ ਹੋਰ ਬਹੁਤ ਸਿਖ ਭੀ ਆ ਮਿਲੇ ਤੇ ਘੋੜੇ ਸ਼ਸਤ੍ਰ ਲੈ ਆਏ॥

## ਜੰਗ ਮੁਕਤਸਰ (ਮਹਾਂ ਸਿੰਘ ਨੇ ਬਿਦਾਵੇ ਦਾ ਕਾਗਜ਼ ਪੜਵਾਉਣਾ)

ਸੂਬੇ ਸਰਹੰਦ ਦੀ ਚੜ੍ਹਾਈ ਸੁਣਕੇ ਕਈ ਸਿਖ ਆ ਗਏ ਜੋ ਬਿਦਾਵਾ ਲਿਖਕੇ ਦੇ ਗਏ ਸੀ। ਓਨਾਂ ਨੂੰ ਘਰੋਂ ਫਿਟਕਾਰਾਂ ਮਿਲੀਆਂ ਤਾਂ ਫਿਰਆ ਗਏ ਏਧਰ ਸਾਰੀ ਫੌਜਵੀ ਆ ਗਈ ਤੇ ਸਿਖਾਂ ਨੇ ਖੂਬ ਹਥ ਵਿਖਾਏ, ਪਹਿਲ ਕੁਝ ਸਿਖ ਭਜਨ ਲਗੇ ਸੀ ਤਾਂ ਮਾਈ ਭਾਗੋ ਨੇ ਕਿਹਾ ਕਿਓਂ ਗੁਰੂ ਤੋਂ ਬੇ ਮੁਖ ਹੁੰਦੇ ਹੋ! ਤਾਂ ਸਿਖ ਜਾਨ ਤੋੜਕੇ ਲੜੇ ਤੇ ਓਨਾਂ ਸੋਚਿਆ ਗੁਰੂ ਜੀ ਨੂੰ ਮਾਰਨ ਨਾਂ ਜਾਨ ਤਾਂ ਓਥੇ ਹਾ ਚਿਟੀਆਂ ਚਦਰਾਂ ਤਾਣਕੇ ਸੁਕੇ ਤਲ੍ਹਾ ਵਿਚੋਂ ਬਾਹਰ ਹੋਕੇ ਲੜੇ ਧੰਨ ਖਾਲਸੇ ਦੀ ਬਹਾਦਰੀ ਹੈ ਆਪ ਮਾਈ ਭਾਗੋ ਭੀ ਸ਼ਹੀਦ ਹੋਈ ਫਿਰ ਤੁਰਕੇ ਮੈਦਾਨ ਛਡਕੇ ਨਸ ਗਏ॥

ਜਿਥੇ ਚਾਲੀ ਸਿੰਘ ਸ਼ਹੀਦ ਹੋ ਚੁਕੇ ਸਨ ਤਦ ਓਨਾਂ ਦੇ ਮੂੰਹ ਗੁਰੂ ਜੀ ਨੇ ਰੁਮਾਲ ਨਾਲ ਸਾਫ ਕਰਦੇ ਤੇ ਵਰ ਦੇਂਦੇ ਸਨ ਤਾਂ ਆਗਿਆ ਸਿੰਘ ਜੋ ਅਜੇ ਸਿਸਕਦਾ ਸੀ ਜਦ ਓਸਦੇ ਪਾਸ ਗਏ ਤਾਂ ਓਸਨੇ ਆਖਿਆ ਗੁਰੂ ਜੀ ਟੁਟੀ ਗੰਡੋ ਤਾਂ ਗੁਰੂ ਜੀ ਬਿਦਾਵੇਦਾ

ਕਾਗਤ ਪਾੜ ਦਿਤਾ, ਤੇ ਸ਼ਹੀਦਾਂ ਦਾ ਨਾਮ ਚਾਲੀ ਮੁਕਤੇ ਰਖਿਆ ॥

## ਬੰਦੇ ਨੂੰ ਮਿਲਨਾ ਤੇ ਨਦੇੜ ਪੁਜਣਾ

ਗੁਰੂ ਜੀ ਨੇ ਫਿਰ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮਾਂ ਲਿਖਿਆ ਜਿਸ ਵਿਚ ਲਿਖਿਆ ਕਿ ਜ਼ੁਲਮ ਦਾ ਬੇੜਾ ਗਰਕ ਇਸਤ੍ਹਾਂ ਹੁੰਦਾ ਹੈ ਜਿਸਨੂੰ ਪੜ੍ਹਕੇ ਔਰੰਗਜ਼ੇਬ ਫਿਰ ਜੀਉਂਦਾ ਨਹੀਂ ਉਠਿਆ ਤੇ ਨਦੇੜ ਜਾਕੇ ਪੰਜ ਤੀਰ ਦੇਕੇ ਬੰਦੇ ਨੂੰ ਤੋਰਿਆ ਜਿਸਨੇ ਆਕੇ ਸਰਹੰਦ ਦੀ ਇਟ ਇਟ ਕੀਤੀ ਤੇ ਸੂਬੇ ਸਰਹੰਦ ਨੂੰ ਮਾਰ ਮੁਕਾਇਆ ਤੇ ਜ਼ਾਲਮਾਂ ਦਾ ਨਸ਼ਟ ਕੀਤਾ ਜੋ ਪਰਸੰਗ ਅਗੇ ਆਵੇਗਾ ॥

*ਗੁਰੂ ਜੀ ਫਿਰ ਗੁਦਾਵਰੀ ਦੇ ਕੰਢੇ ਆ ਗਏ ਤੇ ਹਜ਼ੂਰ ਸਾਹਿਬ ਰਹਿਨ ਲਗੇ। ਜਿਥੇ ਦੁਸ਼ਟ ਨੀਚ ਤੁਰਕ ਨੇ ਗੁਰੂ ਜੀ ਨੂੰ ਕਟਾਰ ਮਾਰਿਆ ਸੀ ਜਿਸਤੇ ਗੁਰੂ ਜੀ ਨੂੰ ਬਹੁਤ ਜ਼ਖਮ ਹੋਇਆ ਤਾਂ ਬਹਾਦਰ ਸ਼ਾਹ ਨੇ ਸੁਵਾਇਆ ਅਰ ਗੁਰੂ ਸਾਹਿਬ ਆਪਨਾ ਅੰਤ ਸਮਾਂ ਜਾਨਕੇ ਗੁਰੂ ਗ੍ਰੰਥ ਸਾਹਿਬ ਜੀਨੂੰ ਗੁਰਿਆਈ ਦੇਕਰ ਤੰਬੂ ਅੰਦਰ ਗਏ ਬਾਹਰ ਨਹੀਂ ਨਿਕਲੇ:-

'ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਮੁਝਕੋ ਮਿਲਬੋ ਚਹੇ ਖੋਜ ਇਸੀ ਮੈ ਲੇਹਿ॥

ਸੋ ਗੁਰੂ ਜੀ ਇਕ ਸਿਖ ਨੂੰ ਬਾਹਰੋਂ ਆਉਂਦੇ ਮਿਲੇ ਜੋ ਹੁਣ ਤਕ ਜਾਹਰੀ ਕਲਾ ਹਾਜ਼ਰ ਹਜ਼ੂਰ ਹਨ-

---

*ਸਾਰੇ ਅਹਿਵਾਲ ਪੜਨ ਲਈ ਤਵਾਰੀਖ ਸ੍ਰੀ ਗੁਰੂ ਖਾਲਸਾ ਪੜੋ ਜਿਸਵਿਚ ਦਸਾਂ ਪਾਤਸ਼ਾਹੀਆਂਦਾ ਸੰਪੂਰਣ ਜੀਵਨਹੈ ਭੇਟਾ ੫) ਪਤਾ-ਮੈਨੇਜਰ ਗੋਲਡਨਪ੍ਰੈਸ ਪਾਸ(ਬਾਗ ਜਲਿਆਂਵਾਲਾ)ਅੰਮ੍ਰਿਤਸਰ

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਤਾਰ।
ਜਗਮਗਜਤ ਬਿਰਾਜ ਰਹੀ ਸ੍ਰੀ ਅਬਚਲ ਨਗਰ ਅਪਾਰ।

# ਸਿਖਾਂ ਦੀਆਂ ਬਾਰਾਂ ਮਿਸਲਾਂ ਦਾ ਹਾਲ

## (੧) ਮਿਸਲ ਭੰਗੀਆਂ ਦੀ-

ਇਸਦਾ ਨਾਮੀ ਸਰਦਾਰ ਹਰੀ ਸਿੰਘ ੨੦੦੦੦ ਹਜਾਰ ਫੌਜ, ਸਵਾ ਕਰੋੜ ਦੇ ਮੁਲਕ ਦਾ ਮਾਲਿਕ ਸੀ। ਅੰਮ੍ਰਿਤਸਰ ਇਨਾਂ ਦੀ ਰਾਜ ਧਾਨੀ ਸੀ। ਏਹ ਭੰਗ ਬਹੁਤ ਪੀਂਦੇ ਸਨ। ਇਸ ਕਰਕੇ ਭੰਗੀ ਨਾਮ ਪੈਗਿਆ॥

## (੨) ਮਿਸਲ ਘਨਈਆਂ ਦੀ

ਇਸਦਾ ਮਾਲਕ ਸਰਦਾਰ ਜੈ ਸਿੰਘ ਸੀ ੧੦੦੦੦ ਫੌਜ ਅਰ ਕਈ ਲਖ ਦੇ ਮੁਲਕ ਦਾ ਮਾਲਕ ਸੀ, ਰਾਜਧਾਨੀ ਏਹਨਾਂ ਦੀ ਸੋਹੀਆਂ ਗ੍ਰਾਮ ਸੀ, ਇਹ ਸਰਦਾਰ ਕ੍ਰਿਸ਼ਨ ਚੰਦ੍ਰ ਜੀ ਵਰਗਾ ਬਾਂਕਾ ਟੇਡਾ ਬਨਿਆਂ ਰੈਂਹਦਾ ਸੀ ਇਸ ਲਈ ਨਾਮ ਘਨਈਏ ਪੈਗਿਆ ਏਸੇ ਸਰਦਾਰ ਦੀ ਪੋਤ੍ਰੀ ਸਦਾ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਸੁਪਤਨੀ ਸੀ॥

## (੩) ਮਿਸਲ ਨਕਈਓਂ ਕੀ

ਇਸਦਾ ਸਰਦਾਰ ਹੀਰਾ ਸਿੰਘ ਨਾਮੀ ਹੋਇਆ। ਇਹਨਾਂ ਦੀ ਰਾਜਧਾਨੀ ਚੂਹਣੀਆਂ ਸ਼ੇਖੂ ਪੂਰਾ ਸੀ। ਇਸੀ ਮਿਸਲ ਦੇ ਸਰਦਾਰ ਵਜ਼ੀਰ ਸਿੰਘ ਦੀ ਬੇਟੀ ਮਹਾਂਰਾਜਾ ਰਣਜੀਤ ਸਿੰਘ ਦੀ ਪਟਰਾਣੀ ਸੀ, ਜਿਸਦਾ ਬੇਟਾ ਖੜਕ ਸਿੰਘ ਪੋਤਾ ਕਵਰ ਨੌ ਨਿਹਾਲ ਸਿੰਘ ਹੋਯਾ। ਸ੍ਰੀ ਗੁਰੂ ਨਾਨਕ ਜੀ ਦੇ ਜਨਮ ਵਾਲੇ ਦੇਸਦਾ ਨਾਮ ਨਕਾ ਹੈ। ਓਸਦੇ ਵਾਸੀ ਹੋਣ ਤੇਂ ਨਾਮ ਨਕਈ ਪੈ ਗਿਆ॥

## (੪) ਮਿਸਲ ਰਾਮਗੜ੍ਹੀਆਂ ਦੀ

ਇਸਦਾ ਨਾਮੀ ਸਰਦਾਰ ਜਸਾ ਸਿੰਘ ਸੀ। ਜਾਤ ਦਾ ਤਰਖਾਨ ੯ ਹਜ਼ਾਰ ਫ਼ੌਜ ਵੀਹ ਲੱਖ ਰੁਪੈ ਦੀ ਆਮਦਨੀ ਵਾਲਾ ਹੋਗੁਜ਼ਰਿਆ ਅੰਮ੍ਰਿਤਸਰ ਜੀ ਦੇ ਰਾਮਗੜ੍ਹੀਆ ਕਿਲੇ ਵਿਚ ਰੈਹਣ ਕਰਕੇ ਨਾਮ ਰਾਮਗੜ੍ਹੀਆ ਪੈ ਗਿਆ। ਸ੍ਰੀ ਦਰਬਾਰ ਸਾਹਿਬ ਦੇ ਕੰਢੇ ਪੂਰਬ ਪਾਸੇ ਦੇ ਮੀਨਾਰ ਏਨਾਂ ਦੇ ਹੀ ਬਨਾਏ ਹੋਏ ਹਨ॥

## [੫] ਮਿਸਲ ਸ਼ੁਕ੍ਰ ਚੱਕੀਆਂ

ਇਸਦਾ ਨਾਮੀ ਸਰਦਾਰ ਚੜ੍ਹਤ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਦਾਦਾ ੯੦੦੦ ਫੌਜ, ਬਾਰਾਂ ਲਖ ਦੇ ਮੁਲਕ ਦਾ ਮਾਲਕ ਰਾਜਧਾਨੀ ਗੁਜਰਾਂ ਵਾਲਾ ਸੀ, ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਏਸਦਾ ਪੋਤ੍ਰ ਮਹਾਰਾਜਾ ਰੁਣਜੀਤ ਸਿੰਘ ਸਿੰਘਾਂ ਦਾ ਮਹਾਰਾਜਾ ਹੋ ਗਿਆ ਸੀ ਜੋ ਸ਼ੇਰ ਪੰਜਾਬ ਕਹਾਯਾ ਸ਼ੁਕਰ ਚਕ ਇਨਾਂ ਦਾ ਪਹਿਲਾ ਪਿੰਡ ਸੀ ਜਿਸ ਕਰਕੇ ਨਾਂ ਸ਼ੁਕਰ ਚਕੀਏ ਕਹੇ ਜਾਂਦੇ ਹਨ॥

## [੬] ਮਿਸਲ ਡਲੇ ਵਾਲੀਆਂ ਦੀ

ਇਸਦਾ ਮਾਲਕ ਸਰਦਾਰ ਗੁਰਦਿਆਲ ਸਿੰਘ ਖਤ੍ਰੀ ਸੀ। ਏਸੇ ਮਿਸਲ ਵਿਚ ਸਰਦਾਰ ਤਾਰਾ ਸਿੰਘ ਗੈਬੀ ਬੜਾ ਨਾਮ ਸ ੮੦੦੦ ਫੌਜ ਕਈ ਲਖ ਦੀ ਆਮਦਨੀ ਸੀ, ਰਾਹੋਂ, ਰੋਪੜ, ਨਕੋਦਰ ਰਾਜਧਾਨੀ ਸੀ। ਡਲੇ ਗਾਉਂ ਦੇ ਵਸਨ ਵਾਲੇ ਸਨ, ਇਸ ਲਈ ਨਾਮ ਡਲੇ ਵਾਲੀਏ ਕਹਾਏ ਜਾਂਦੇ ਹਨ॥

## [੭] ਮਿਸਲ ਨਿਸ਼ਾਨਾਂ ਵਾਲੀ

ਇਸਦੇ ਨਾਮੀ ਸਰਦਾਰ ਸੰਗਤ ਸਿੰਘ ਡੰਗਾ ਸਿੰਘ ਹੋਏ ਰਾਜਧਾਨੀ ਏਨਾਂ ਦੀ ਅੰਬਾਲਾ ਥਨੇਸਰ ਸੀ। ਖਾਲਸੇ ਦੇ ਜੰਗ

ਸਮੇਂ ਇਹ ਨਿਸ਼ਾਨ ਪਕੜਕੇ ਅਗੇ ਖਲੋਂਦੇ ਸਨ, ਏਸ ਕਰਕੇ ਨਾਮ ਨਿਸ਼ਾਨਾਂ ਵਾਲੇ ਪ੍ਰਸਿਧ ਹੋਏ ॥

## [੮] ਮਿਸਲ ਸ਼ਹੀਦਾਂ ਵਾਲੀ

ਖਾਲਸੇ ਦੀ ਫੌਜ [illegible] ਬਾਬਾ ਦੀਪ ਸਿੰਘ ਜੀ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਕਹਾਏ। ਅਰ ਮੋਹਰੀ ਹੋ ਅਗੇ ਲੜਦੇ ਸਨ, ਅਰ ਬੜੇ ਸੂਰਬੀਰ ਜੋਧਾ ਸਨ। ਅਹਮਦਸ਼ਾਹ ਦੁਰਾਨੀ ਦੇ ਵੇਲੇ ਸੰਨ ੧੮੧੯ ਵਿਚ ਜੰਗ ਕਰ ਗੁਰਪੁਰੀ ਸਿਧਾਰੇ। ਬੰਸ ਬਾਬੇ ਦੀਪ ਸਿੰਘ ਜੀਦਾ ਸਜਾਦ ਪੁਰ ਮਾਜਰੀ ਹੈ। ਬਾਬੇ ਗੁਰਬਖਸ਼ ਸਿੰਘ ਜੀ ਦਾ ਰੋਪੜ ਪਾਸ ਪਖਰਾਲੀ ਗ੍ਰਾਮ ਵਿਚ ਹੈ ॥

## [੯] ਮਿਸਲ ਕਰੋੜੀਆਂ ਦੀ

ਕਰੋੜਾ ਸਿੰਘ ਸਰਦਾਰ ਖਤ੍ਰੀ ਇਨਾਂ ਦਾ ਵਡਾ ਸੀ। ਏਨਾਂ ਵਿਚੋਂ ਹੀ ਸਰਦਾਰ ਬਘੇਲ ਸਿੰਘ ਹੋਯਾ ਜਿਸਨੇ ੩ ਮਹੀਨੇ ਦਿਲੀ ਵਿਚ ਹਕੂਮਤ ਕਰਕੇ ਗੁਰਦੁਵਾਰੇ ਬਨਾਏ ਅਤੇ ਕੰਮ ਕੀਤੇ। ਇਨਾਂ ਦੀ ੧੨੦੦੦ ਫੌਜ ੨੦ ਲਖ ਆਮਦਨੀ ਸੀ। ਰਾਜਧਾਨੀ ਇਨਾਂ ਦੀ ਦੁਆਬੇ ਵਿਚ ਭੰਗਾ ਗ੍ਰਾਮ ਅਰ ਜਮਨਾਂ ਕਿਨਾਰੇ ਛਲੌਂਦੀ ਸੀ ਕਰੋੜਾ ਸਿੰਘ ਦੇ ਨਾਮ ਤੇ ਕਰੋੜੀਆਂ ਦੀ ਮਿਸਲ ਕਹਾਈ ॥

## [੧੦] ਮਿਸਲ ਫਰਜਲਾ ਪੁਰੀਆਂ

ਇਸਦਾ ਨਾਮੀ ਸਰਦਾਰ ਨਵਾਬ ਕਪੂਰ ਸਿੰਘ ਸੀ ਜਿਸਨੇ ਸਰਦਾਰ ਜਸਾ ਸਿੰਘ ਕਪੂਰਥਲੇ ਵਾਲੇ ਨੂੰ ਲਾਇਕ ਕੀਤਾ। ਫਰਜਲਾ ਪੁਰੇ ਦਾ ਨਾਮ ਏਨਾਂ ਨੇ ਸਿੰਘ ਪੁਰੀ ਰਖਿਆ। ਇਸ ਲਈ ਨਵਾਬ ਕਪੂਰਸਿੰਘ ਸਿੰਘ ਪੁਰੀਆ ਕਹਾਇਆ। ਅਰ ਖਾਲਸੇ ਦਾ ਜਥੇਦਾਰ ਸ੍ਰੀ ਅੰਮ੍ਰਿਤਸਰ ਪ੍ਰਚਾਰ ਕਰਕੇ ਬਹੁਤ ਸਿੰਘਾਂ ਨੂੰ ਇਸਨੇ ਛਕਾਇਆ ਜਾਲੰਧਰ ਮਹੱਲਾਂ ਇਸਦੀ ਰਾਜਧਾਨੀ ਸੀ ॥

## [੧੧] ਮਿਸਲ ਆਹਲੂਵਾਲੀਆਂ

ਇਸਦਾ ਨਾਮੀ ਸਰਦਾਰ ਜਸਾ ਸਿੰਘ ਸੀ ਜੋ ਲਾਹੌਰ ਦੇ ਕੋਲ ਆਹਲੂ ਗ੍ਰਾਮ ਦਾ ਰਹਿਣ ਵਾਲਾ ਸੀ ਇਸ ਕਰਕੇ ਆਹਲੂਵਾਲੀਏ ਪ੍ਰਸਿਧ ਹੋਯਾ। ਇਸਦੀ ਰਾਜਧਾਨੀ ਕਪੂਰਥਲੇ ਸੀ। ਇਸਦੀ ੫੦੦੦ ਫੌਜ ਪੰਦਰਾਂ ਲਖ ਦਾ ਮੁਲਕ ਸੀ ਨਵਾਬ ਕਪੂਰ ਸਿੰਘ ਜੀ ਤੋਂ ਅੰਮ੍ਰਤ ਛਕਿਆ। ਅਗੇ ਖਾਲਸੇ ਵਿਚ ਬੜੇ ੨ ਨਾਮੀ ਸਰਦਾਰ ਹੀ ਛਕਾਯਾ ਕਰਦੇ ਸੀ॥

## [੧੨] ਮਿਸਲ ਫੂਲਕਿਆ ਦੀ

ਫੂਲ ਦੇ ਬੇਟੇ ਰਾਮੇ ਦਾ ਪੁਤਰ ਸਰਦਾਰ ਆਲਾ ਸਿੰਘ ਬੜਾ ਬਹਾਦਰ ਸੀ। ਜਿਸਦੀ ਰਾਜਧਾਨੀ ਪਟਿਆਲਾ ਹੈ। ਏਸੇ ਦੇ ਛੋਟੇ ਭਾਈਯੋਂ ਦੇ ਭਦੌੜ ਰਾਮ ਪੁਰ ਜੈਸੇ ਮਕਾਨ ਹੈ। ਫੂਲ ਦੇ ਦੂਜੇ ਬੇਟੇ ਤਿਲਕੇ ਦੇ ਬੰਸ ਵਿਚ ਉਪਜੇ ਸਰਦਾਰ ਹਮੀਰ ਸਿੰਘ ਨੇ ਨਾਭਾ ਨਾਭਾ ਰਾਜਧਾਨੀ ਬਨਾਈ। ਮਹਾਰਾਜੇ ਗਜਪਤ ਸਿੰਘ ਨੇ ਜੀਂਦ ਬਨਾਈ। ਗਜਪਤ ਸਿੰਘ ਦਾ ਦੋਹਤ੍ਰਾ ਮਹਾਰਾਜਾ ਰਣਜੀਤ ਸਿੰਘ ਹੋਯਾ॥

ਕੈਂਥਲ ਦੀ ਰਾਜਧਾਨੀ ਭਾਈ ਭਗਤੂ ਦੇ ਬੰਸ ਵਿਚੋਂ ਉਪਜੇ ਦੇਸੂ ਸਿੰਘ ਨੇ ਬਨਾਈ। ਫਰੀਦ ਕੋਟ ਹੀ ਲਾਹੌਰ ਦੇ ਰਾਜ ਜਾਨੇ ਸਮੇਂ ਕਪੂਰੇ ਕੇ ਬੰਸ ਵਿਚ ਪਹਾੜਾ ਸਿੰਘ ਨੇ ਬਨਾਈ॥

## ਭਾਈ ਗਜਨ ਸਿੰਘ ਅਕਾਲੀ ਦੀ ਸਾਖੀ

ਗੁਰ ਘਰ ਦਾ ਇਕ ਸਿੰਘ ਬਹਾਦਰ ਸੂਰਾ ਅਤੀ ਬਹਾਦਰ।
ਧਰਮ ਕਰਮ ਤੇ ਰਹਿਤ ਬਿਬੇਕੀ ਗੁਰਬਾਣੀ ਦਾ ਸਾਗਰ।
ਉਠ ਪਰਭਾਤੇ ਬਾਣੀ ਜਪਦਾ ਸੀ ਕਰਨੀ ਦਾ ਪੂਰਾ।
ਪਾਹੁਲ ਪੀਕੇ ਖੰਡੇ ਦੀ ਓਹ ਰਹੇ ਬਹਾਦਰ ਸੂਰਾ।

ਚਹੁੰ ਤਖਤਾਂ ਦਾ ਦਰਸ਼ਨ ਪਾਕੇ ਸ੍ਰੀ ਅਮ੍ਰਿਤਸਰ ਰਹਿੰਦਾ।
ਜਪ ਰਹਿਰਾਸ ਦਾ ਪਾਠ ਕਰੇ ਨਿਤ ਸਤਿਨਾਮ ਵਾਹਿਗੁਰੂ ਕਹਿੰਦਾ।
ਇਕ ਵੇਲੇ ਪ੍ਰਸ਼ਾਦ ਓਹ ਛਕਦਾ ਖਾਣੇ ਦਾ ਰਸ ਲੈਵੇ।
ਵਿਚ ਪਰਕਰਮਾਂ ਝਾੜੂ ਦੇਵੇ ਲੰਗਰ ਸਦਾ ਕਰੇਵੇ।
ਬਾਹਰੋਂ ਜੋ ਸਿਖ ਸੰਗਤ ਆਵੇ ਪ੍ਰੇਮ ਸੇ ਉਸੇ ਛਕਾਵੇ।
ਹੋਰ ਜੋ ਮੰਗੇ ਹਾਜ਼ਰ ਕਰਦਾ ਚਟਣੀ ਸਾਂਸ ਟਕਾਵੇ।
ਮੁਗਲਾਂ ਦਾ ਜ਼ੋਰ ਅਤੀ ਓਹ, ਜ਼ੁਲਮ ਲੋਕਾਂ ਤੇ ਕਰਦੇ।
ਚੰਗਾ ਮਾਲ ਜਿਥੇ ਓਹ ਵੇਖਨ ਚਟੀ ਭਰਕੇ ਲੈਂਦੇ।
ਪਸ਼ੌਰ ਦਾ ਇਕ ਪ੍ਰੇਮੀ ਸਿਖ ਸੀ ਹਟੀ ਉਸਦੀ ਲੁਟੀ।
ਪੈਸਾ ਉਸਦਾ ਰਹਿਣ ਨਾਂ ਦਿਤਾ ਜੜ੍ਹ ਉਸਦੀ ਸੀ ਪੁਟੀ।
ਆਖਰ ਤੰਗ ਹੋਕੇ ਓਹ ਗੁਰ ਦੀ ਨਗਰੀ ਦੇ ਵਿਚ ਆਯਾ।
ਗਜਨ ਸਿੰਘ ਨੇ ਘਰ ਲਜਾਕੇ ਪ੍ਰੇਮ ਪ੍ਰਸ਼ਾਦ ਛਕਾਇਆ।
ਆਖਿਆ ਹੋਰ ਜੋ ਸੇਵਾ ਹੋਵੇ ਮੈਂ ਕਰਦਾ ਹਾਂ ਹਾਜ਼ਰ।
ਸਭ ਕੁਛ ਗੁਰਦਾ ਮੈਂ ਗੁਰਦਾ ਹਾਂ ਜੋ ਕੁਛ ਹੈ ਸੋ ਹਾਜ਼ਰ।
ਆਖੇ ਸਿੰਘ ਸਾਹਿਬ ਜੀ ਮੈਨੂੰ ਲੋੜ ਨ ਕਾਈ।
ਪਰ ਦੋ ਬਾਤਾਂ ਦੀ ਹੈ ਚਿੰਤਾ ਮੈਨੇ ਦਿਲ ਨੂੰ ਲਾਈ।
ਕਰਜ਼ਾ ਦੇਣਾ ਤਿੰਨ ਹਜ਼ਾਰ ਹੈ ਲੜਕੀ ਦਾ ਵਿਆਹ ਕਰਨਾ।

(੧) ਸਿਖ ਹੋਵੈ ਕਿਸ ਕਰਜ਼ ਨ ਲੇਵੈ।
ਜੋ ਲੇਵੈ ਤਾਂ ਭਾਇ ਕਰ ਦੇਵੈ।

(੨) ਸਿਖ ਹੋਇ ਜੋ ਕਰੇ ਕਰੋਧ।
ਕੰਨਿਆਂ ਮੂਲ ਨ ਦੇਵੇ ਸੋਧ।
ਧੀ ਭੈਣ ਦਾ ਪੈਸਾ ਖਾਇ।
ਸੁਣੋ ਲਾਲ! ਜਮ ਧਕੇ ਖਾਇ।

(ਰਹਿਤ ਨਾਮਾ)

ਦਿਨ ਰਾਤ ਇਸਦੇ ਫਿਕਰਾਂ ਵਿਚ ਜਾਨ ਮੇਰੀ ਸੁਕ ਜਾਂਵੇ।
ਉਤਰੇ ਕਰਜ਼ਾ ਚੈਨ ਮੋਹਿ ਆਵੇ ਦੁਖੀ ਰੈਣ ਵਿਹਾਂਵੇ।
ਭਾਈ ਆਖਿਆ ਧੀਰਜ ਕਰ ਤੂੰ ਜੋ ਕੁਛ ਹੈ ਸੋ ਹਾਜ਼ਰ।

ਸਭ ਬਖਸ਼ਸ਼ ਸਤਿਗੁਰ ਜੀਦੀ ਹੈ ਮੈਂ ਗਰੀਬ ਹਾਂ ਚਾਕਰ।
ਧਨ ਜੋ ਸੀ ਸਭ ਉਸਨੇ ਦਿਤਾ ਸੀ ਉਪਕਾਰੀ ਸੂਰਾ।
ਲੜਕੀ ਦਾ ਵਿਵਾਹ ਭੀ ਕੀਤਾ ਦਹੇਜ ਦਿਤਾ ਉਸ ਪੂਰਾ।
ਜੰਵ ਜਮਾਈ ਸਤ ਦਿਨ ਉਸਨੇ, ਜੋ ਕੁਛ ਬਾਕੀ ਰਿਹਾ।
ਸਭ ਕੁਛ ਹਾਜ਼ਰ ਸਿਖ ਨੇ ਕੀਤਾ ਧਨ ਦਾ ਲਾਹਾ ਲਿਆ।
ਆਖਰ ਆਖੇ ਮੇਰੀ ਕਮਾਈ ਸੁਫਲ ਹੋਈ ਅਜ ਪਿਆਰੇ।
ਤਨ, ਮਨ, ਧਨ, ਸਭ ਗੁਰ ਜੀ ਦਾ ਜਾਰ ਤੋਂ ਜਾਂ ਬਲਿਹਾਰੇ।
ਐਸੇ ਸਿੰਘ ਪ੍ਰੇਮੀ ਪੁਰਾਣੇ ਓਸ ਵੇਲੇ ਸੀ ਹੁੰਦੇ।
ਦੁਖੀਆਂ ਦਾ ਸੀ ਦਰਦ ਵੰਡਾਂਦੇ ਅਪਣਾ ਸੁਖ ਨਹੀਂ ਚਾਹੁੰਦੇ।

—o—

## ਸਾਖੀ ਦਿਲੀ ਤੋੜ ਸਿੰਘ ਨਿਹੰਗ ਦੀ

ਵਸਤੀ ਭਗਤ ਚੁਹਟੇ ਦੇ ਵਿਚ ਬ੍ਰਾਹਮਣ ਢਾਹਾਂ ਮਾਰੇ।
ਹਾਇ ਮੈਂ ਲੁਟਿਆ! ਹਾਇ ਮੈਂ ਲੁਟਿਆ! ਏਹੋ ਪਿਆ ਪੁਕਾਰੇ।
ਮੇਰਾ ਵਾਲੀ ਰਿਹਾ ਨਾ ਕੋਈ ਹੈ ਕੋਈ ਸਿਖ ਜੋ ਆਵੇ।
ਤੁਰਦਾ ਜਾਂਦਾ ਬੇੜਾ ਮੇਰਾ ਆਕੇ ਬੰਨੇ ਲਾਵੇ।
ਨਿਹੰਗ ਸਿੰਘ ਜੀ ਬਾਣੀ ਪੜ੍ਹਦੇ ਸੁਖਮਣੀ ਪਾਠ ਉਚਾਰੇ।
ਸੁਣਕੇ ਅਵਾਜ ਓਹ ਨਠੇ ਆਏ ਕੌਣ ਪਿਆ ਪੁਕਾਰੇ।
ਆਕ ਦੇਖਿਆ ਬ੍ਰਾਹਮਣ ਸੀ ਇਕ ਸਿਰ ਨੰਗਾ ਪਿਆ ਰੋਵੇ।
ਮੇਰੀ ਲੜਕੀ ਮੁਗਲ ਹਨ ਖੋਂਦੇ ਇਹ ਦੁਖ ਮੈਨੂੰ ਹੋਵੇ।
ਓਸੇ ਵੇਲੇ ਸਿੰਘ ਸੂਰੇ ਨੇ ਬ੍ਰਾਹਮਨ ਦੇ ਘਰ ਜਾਕੇ।
ਮੁਗਲਾਂ ਨੂੰ ਹੇ ਮਾਰ ਭਜਾਇਆ ਲੜਕੀ ਦਾ ਦੁਖ ਖੋਹੇ।
ਆਖਰ ਸਿੰਘ ਜੀ ਦ੍ਵਿਜ ਨੂੰ ਆਖੇ ਸੁਨ ਪੰਡਤ ਜੀ ਪਿਆਰੇ।
ਜਿਤਨਾ ਚਿਰ ਵਿਆਹ ਨਹੀਂ ਕਰਦੇ ਅਸੀਂ ਰਹਾਂਗੇ ਤਿਆਰੇ!
ਸੋ ਭਾਈ ਜੀ ਉਸਦੀ ਰਾਖੀ ਦਿਨੇ ਰਾਤ ਸੀ ਕਰਦੇ।
ਮੁਗਲ ਕੋਈ ਨੇੜੇ ਨ ਆਵੇ ਬ੍ਰਾਹਮਣ ਤੋਂ ਉਹ ਡਰਦੇ।
ਲੜਕੀ ਦਾ ਵਿਆਹ ਉਸ ਕੀਤਾ ਬ੍ਰਾਹਮਣ ਖੁਸ਼ੀ ਮਨਾਈ।
ਲੜਕੀ ਆਪਣੇ ਸਹੁਰੇ ਗਈ ਬਾਕੀ [illegible]

# ਬੰਦੇ ਦੀਆ ਅਜਮਤਾਂ ਤੇ ਸਰਹੰਦ ਉਜਾੜਨੀ

ਬੰਦਾ ਬਹਾਦਰ ਜਿਸ ਵੇਲੇ ਗੁਰੂ ਜੀ ਦੀ ਆਗਿਆ ਲੈਕਰ ਨਦੇੜ ਆਯਾ ਤਾਂ ਉਸ ਨੇ ਬੜਿਆਂ ਅਜਮਤਾਂ ਦਿਖਲਾਈਆਂ ਸਭ ਸਿੰਘ ਉਸਦੇ ਨਾਲ ਸ਼ਾਮਲ ਹੋ ਗਏ, ਹੁਕਮ ਨਾਮੇ ਭੇਜਕੇ ਸਿੰਘ ਸਦਾ ਲਏ, ਤੇ ਹਰ ਮਦਾਨ ਫਤੇ ਪਾਉਂਦੇ ਹੋਏ ਬਨੂੜ ਨੂੰ ਆ ਫਤੇ ਕੀਤਾ ੪ ਆਦਮੀਂ ਭੇਸ ਧਾਰਕੇ ਫਿਰਦੇ ਸਨ ਬੰਦੇ ਨੇ ਪਹਿਚਾਨ ਕੇ ਦੋਨਾਂ ਨੂੰ ਕਤਲ ਕੀਤਾ ਦੋਨਾਂ ਦੇ ਨਕ ਕਟ ਦਿਤੇ ਤੇ ਆਖਿਆ ਕਿ ਵਜੀਦੇ ਨੂੰ ਕਹੋ ਕਿ ਗੁਰੂ ਕਾ ਬੰਦਾ ਆਇਆ ਹੈ ਜੋ ਤੇਰਾ ਨਾਸ ਕਰੇਗਾ ਤੂੰ ਤਕੜਾ ਹੋਜਾ ਤੇਰੇ ਸਾਰੇ ਟਬਰ ਨੂੰ ਮਾਰਕੇ ਸਰਹੰਦ ਨੂੰ ਉਜਾੜੇਗਾ। ਕਾਜ਼ੀਆਂ ਦੇ ਪਿੰਡ ਨੂੰ ਉਜਾੜਦਾ ਹੋਯਾ ਮੁਸਤਫਾ ਬਾਦ ਆਏ ਤਾਂ ਇਥੇ ਸ਼ਾਹੀ ਫੌਜ ਖੜੀ ਸੀ ਜੋ ਪਸ਼ੌਰੋਂ ਖਜਾਨਾ ਲੈਕੇ ਆ ਰਹੀ ਸੀ। ਉਨਾਂ ਇਕ ਗਊ ਕਤਲ ਕੀਤੀ ਜਿਸ ਕਰਕੇ ਸਿੰਘਾਂ ਜੋਸ਼ ਕਰਕੇ ਉਨਾਂ ਨੂੰ ਮਾਰਿਆ। ਸਿੰਘ ਥੋੜੇਸੀ ਬੰਦਾ ਖਬਰਪਾਕੇ ਆਯਾਤਾਂ ਸ਼ਾਹੀਦਲ ਤੋਪਾਂ ਲੈਕਰਆਇਆ ਬੰਦੇ ਨੇ ਅਜਮਤ ਕਰਕੇ ਤੋਪਾਂ ਬੰਦ ਕਰ ਦਿਤੀਆਂ। ਗੁਰੂ ਕਾ ਇਕ ਤੀਰ ਚਲਾਇਆ ਤਾਂ ਤੁਰਕਾਂ ਦੀ ਅਖੰ ਵਿਚ ਵਜਾ ਸਭ ਨਸ ਗਏ ਮੈਦਾਨ ਬੰਦੇ ਦੇ ਹਥ ਆਇਆ ਏਸੇ ਤਰਾਂ ਇਕ ਦਿਨ ਸਿਖਾਂ ਨੇ ਤਨਖਾਹਾਂ ਮੰਗੀਆਂ ਤਾਂ ਮੁਠਾਂ ਭਰ ਭਰਕੇ ਜਮੀਨ ਵਿਚੋਂ ਮੋਹਰਾਂ ਦੀਆਂ ਦੇ ਦਿਤੀਆਂ, ਇਹ ਸਭ ਗੁਰੂ ਜੀ ਦੀਆਂ ਬਖਸ਼ਸ਼ਾਂ ਸਨ॥

ਬੰਦਾ ਖਾਲਸੇ ਦਾ ਕਟਕ ਲੈਕੇ ਸਰਹੰਦ ਪੁਜਾ ਉਧਰੋਂ ਖਾਨ ਵਜੀਦਾ ਫੌਜਾਂ ਲੈਕੇਆਯਾ ਬੜਾ ਭਾਰੀ ਜੁਧਹੋਇਆ। ਸਿੰਘਾਂ ਨੇ ਬੜੇ ਹਥ ਦਿਖਾਏ ਆਖਰ ਵਜੀਦੇ ਦਾ ਸਿਰ ਬੰਦੇ ਕਟ ਸਿਟਿਆ ਤੇ ਸਰਹੰਦ ਉਜਾੜਕੇ ਹਲ ਚਲਾਏ। ਕਈਆਂ ਨੂੰ ਕੁਤਿਆਂ ਪਾਸੋਂ ਪੜਵਾਇਆ ਤੇ ਮਾਰ ਮਾਰ ਕੇ ਤੁਰਕਾਂ ਦਾ ਬੁਰਾ ਹਾਲ ਕੀਤਾ ਤੇ ਸਾਰਾ ਟਬਰ ਭੀ ਉਸਦਾ ਕਤਲ ਕੀਤਾ॥

# ਕਪੂਰੇ ਤੋਂ ਨਵਾਬ ਕਪੂਰ ਸਿੰਘ ਬਨਣਾ

ਸਿੰਘਾਂ ਨੇ ਜਦ ਪੰਜਾਬ ਵਿਚ ਬਹੁਤ ਹਥ ਦਿਖਾਏ ਤਾਂ ਖਾਨ ਬਹਾਦਰ ਤੇ ਅਸਲਾਮ ਖਾਂ ਸੂਬਾ ਪੰਜਾਬ ਨੇ ਸੋਚਿਆ ਕਿ ਸਿਖ ਸੂਬਾ ਪੰਜਾਬ ਵਿਚ ਅਮਨ ਚੈਨ ਨਹੀਂ ਹੋਣ ਦੇਂਦੇ ਇਸ ਕਰਕੇ ਇਨਾਂ ਨਾਲ ਮੇਲ ਕੀਤਾ ਜਾਵੇ ਤਾਂ ਚੰਗਾ ਹੈ। ਤਦ ਸਬੇਗ ਸਿੰਘ ਨੇ ਸਦਕੇ ਆਖਿਆ ਕਿ ਕਿਸੇ ਤਰਾਂ ਗੂੜਾ ਮੇਲ ਸਿੰਘਾਂ ਨਾਲ ਕਰਾ ਦਿਤੋ ਜਿਸ ਕਰਕੇ ਓਹ ਅਪਨਾ ਗੁਜਾਰਾ ਲੈਕੇ ਗੁਤੂ ਚਕ ਅਰਾਮ ਨਾਲ ਬੈਠਨ ਤੇ ਅਸੀਂ ਸੁਖ ਦੀ ਨੀਂਦ ਸਵੀਂਏ। ਤਾਂ ਪੰਜ ਹਜਾਰ ਰੁਪਯਾ ਮਹੀਨਾਂ ਬਾਰਾਂ ਪਿੰਡਾਂ ਦਾ ਪਣਾ ਤੇ ਨਵਾਬੀ ਦੀ ਖਿਲਤ ਲੈਕੇ ਅਕਾਲ ਬੁੰਗੇ ਆਏਸੋ ਖਿਲਤ ਲਵੇ ਕਈ ਨਹਾਂ ਕੋਈ ਕਹੇ ਪਾੜ ਦਿਓ, ਕੋਈ ਕਹੇ ਸਾੜ ਦਿਓ, ਇਸਤ੍ਰਾਂ ਬਹੁਤ ਕਿਹਾ ਐਸੇਤਰ ਕਈਆਂਸਿੰਘਾਂ ਅਗੇਧਰਕੇਆਖਿਆ ਪਰਕਿਸੇ ਨਵਾਬੀਕਬੂਲੀ ਨਹੀਂ ਪਰੰਤੂ ਸਬੇਗ ਸਿੰਘ ਦੇ ਆਖਨ ਤੇ ਸਿੰਘਾਂ ਨੇ ਕਿਹਾ ਇਸ ਪਖੇ ਝਲਨ ਵਾਲੇ ਦੇ ਦਿਓ ਗੁਰੂ ਜੀ ਦਾ ਵਾਕ ਸੱਚ ਹੈ "ਟਹਿਲ ਮਹਿਲ ਜਾਂਕੋ ਮਿਲੈ ਤਾਂਕੋ ਸਾਧ ਕ੍ਰਿਪਾਲ" ਸੋ ਕਪੂਰੇ ਨੂੰ ਮਿਲੀ ਜੋ ਨਵਾਬ ਕਪੂਰ ਸਿੰਘ ਪੰਥ ਵਿਚ ਬੜਾ ਉਜਾਗਰ ਹੋਯਾ। ਏਸ ਪਾਸੋਂ ਪੰਥ ਦੇ ਬਹੁਤ ਆਦਮੀਆਂ ਨੇ ਅੰਮ੍ਰਤ ਛਕਯਾ। ਇਹ ਗੁਰ ਘਰ ਦਾ ਪ੍ਰੇਮੀ ਲੰਗੋਟ ਦਾ ਪਕਾ ਤੇ ਸਿਦਕੀ ਸਰਦਾਰ ਸੀ॥

# ਅਕਾਲੀ ਫੂਲਾ ਸਿੰਘ ਜੀ ਤੇ ਮਹਾਰਾਜਾ ਰਣਜੀਤ ਸਿੰਘ

ਅਕਾਲੀ ਫੂਲਾ ਸਿੰਘ ਜੀ ਬੜੇ ਪ੍ਰਤਾਪਵਾਨ ਸਨ ਮਹਾਰਾਜ ਰਣਜੀਤ ਸਿੰਘ ਨੇ ਇਨ੍ਹਾਂ ਦਾ ਪ੍ਰਤਾਪ ਵੇਖਕੇ ਇਨ੍ਹਾਂ ਨੂੰ ਫੌਜ ਦਾ ਜਰਨੈਲ ਕਰਦਿਤਾ ਤੇ ਬਹੁਤ ਫੌਜ ਇਨਾਂ ਦੇ ਤਾਬੇ ਅਕਾਲੀਆਂ ਦੀ ਕਰ ਦਿਤੀ, ਇਹ ਸੂਰਬੀਰ ਜੋਧਾ ਨੇ ਬੜਾ ਉਪਕਾਰਕੀਤਾ, ਮੁਲਤਾਨ ਕਸੂਰ ਦੀ ਫਤਹ ਇਨਾਂ ਕਰਕੇ ਹੀ ਮਹਾਰਾਜਾ ਨੂੰ ਹੋਈ ਸੀ। ਪਸ਼ੌਰ

ਦੀ ਫਤਹ ਵੀ ਇਨਾਂ ਨੇ ਸਰਦਾਰ ਮਤਾਬ ਸਿੰਘ ਦੇ ਨਾਲ ਜਾਕੇ ਕੀਤੀ ਸੀ। ਸਰਦਾਰ ਹਰੀ ਸਿੰਘ ਨਲੂਆ ਭੀ ਇਨਾਂ ਦੀ ਬੜੀ ਹੀ ਇਜ਼ਤ ਕਰਦਾ ਹੁੰਦਾ ਸੀ, ਇਹ ਮਹਾਰਾਜਾ ਰਣਜੀਤ ਸਿੰਘ ਦੀ ਸਭਾ ਦੇ ਸ਼ਿੰਗਾਰ ਸਨ, ਜਪ ਤਪ ਵਿਚ ਪਕੇ ਤੇ ਬੜੇ ਗੁਰ ਜੀਦੇ ਸਰਧਾਲੂ ਸਿੰਘ ਸਨ॥

ਜਦ ਕਸ਼ਮੀਰ ਫਤਹ ਕਰਕੇ ਲਾਹੌਰ ਆਏ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਜਲੂਸ ਕਢਿਆ ਤੇ ਅਕਾਲੀ ਜੀ ਨੂੰ ਗੁਰੂ ਜੀ ਦੀ ਨਗਰੀ ਵਿਚ ਸੁਤੰਤ੍ਰ ਰੈਹਣ ਦੀ ਬੇਨਤੀ ਕੀਤੀ ਤਾਂ ਅੰਮ੍ਰਿਤਸਰ ਹੀ ਆ ਰਹੇ। ਜਿਥ ਹੁਣ ਵੀ ਆਪਦੀ ਯਾਦਗਾਰ ਵਿਚ ਫੂਲਾ ਸਿੰਘ ਅਕਾਲੀ ਦਾ ਬੁਰਜ ਮਸ਼ਹੂਰ ਹੈ॥

ਇਨਾਂ ਦਾ ਜੋਤੀ ਜੋਤ ਸਮਾਵਨਾਂ ਇਸਤ੍ਰਾਂ ਹੋ ਕਿ ਸਰਹੱਦ ਤੇ ਬੜਾ ਭਾਰੀ ਸੰਗ੍ਰਾਮ ਗਾਜ਼ੀਆਂ ਨਾਲ ਹੋਇਆ ਉਸ ਘੋਰ ਸੰਗ੍ਰਾਮ ਵਿਚ ਗਾਜ਼ੀਆਂ ਦਾ ਮੂੰਹ ਭੰਨਿਆਂ। ਆਖਰ ਖਾਲਸੇ ਦੀ ਜਿਤ ਕਰਾਕੇ ਸ਼ਹੀਦ ਹੋ ਗਏ ਜਿਥੇ ਆਪਦੀ ਸੈਮਾਧ ਨੁ ਸ਼ੈਹਰੇ ਦੇ ੪ ਮੀਲ ਬਨੀ ਹੋਈ ਹੈ। ਜਿਸ ਨਾਲ ਮਹਾਰਾਜਾ ਰਣਜੀਤ ਸਿੰਘ ਨੇ ਜਗੀਰਾਂ ਤੇ ਲੰਗਰ ਲਗਾ ਦਿਤੇ ਹਨ॥

ਮਹਾਰਾਜਾ ਰਣਜੀਤ ਸਿੰਘ ਏਨਾਂ ਦੀ ਬੜੀ ਕਦਰ ਕਰਦੇ ਸਨ। ਏਸ ਸੂਰਬੀਰ ਜੋਧੇ ਦਾ ਮਹਾਰਾਜੇ ਨੂੰ ਬਹੁਤ ਹੀ ਅਫ਼ਸੋਸ ਹੋਇਆ॥

## ਭਾਈ ਹੀਰਾ ਨੰਦ ਜੀ ਗੋਰਾਵਾੜਾ

ਤੇਗ ਬਹਾਦਰ ਸਤਗੁਰ ਪੂਰੇ ਅੰਮ੍ਰਿਤਸਰ ਜਦ ਆਏ।
ਦਰਬਾਰ ਸਾਹਿਬ ਦੇ ਬੂਹੇ ਬੰਦ ਕਰ ਮਸੰਦਾਂ ਤਾਲੇ ਲਾਏ।
ਸਤਿਗੁਰ ਪੂਰਾ ਉਸੇ ਵੇਲੇ ਵਲੇ ਦੇ ਵਿਚ ਆਇਆ।
'ਅੰਮ੍ਰਿਤਸਰੀਏ ਅੰਦਰਸੜੀਏ' ਮੁਖੋਂ ਏਹ ਅਲਾਇਆ।

ਹੀਰਾ ਨੰਦ ਜੀ ਓਸੇ ਵੇਲੇ ਵਲੇ ਦੇ ਵਿਚ ਆਏ।
ਚਰਣੀ ਪੈਕੇ, ਸੀਸ ਨਿਵਾਕੇ ਭੁਲ ਪਿਆ ਬਖਸ਼ਏ।
ਚਿਟਾ ਸੁੰਦਰ ਲੰਮੀ ਦਾਹੜੀ ਸੁੰਦਰ ਮੁਖੜੇ ਵਾਲਾ।
ਗੁਰਬਾਣੀ ਦਾ ਰਸੀਆ ਪੂਰਾ ਗੁਰ ਦੀ ਸੇਵਾ ਵਾਲਾ।
ਹਥਜੋੜ ਪਿਆ ਅਰਜ਼ਾਂਕਰਦਾ ਹੇ ਸਤਿਗੁਰ ਸਾਨੂੰ ਬਖਸ਼ੋ।
ਤੂੰ ਪਾਵਨ ਤੇ 'ਅਸੀਂ ਪਤਤ ਹਾਂ ਸਾਨੂੰ ਚਰਣੀ ਰਖਸੋ।
ਸ੍ਰੀ ਗੁਰੂ ਤੇਗ ਬਹਾਦਰ ਨੇ ਤਦ ਵਲੇ ਇਹ ਫੁਰਮਾਯਾ।
ਦਸ ਬਾਬਾ ! ਤੂੰ ਚਾਹੁਣਾ ਕੀ ਹੈ ਗੁਰਜੀ ਇਹ ਅਲਾਯਾ।
ਹੀਰਾ ਆਖੇ ਸਤਿਗੁਰ ਪੂਰੇ ਟੁਟੀ ਸਾਡੀ ਰੀਡੋ।
“ਅਮ੍ਰਿਤਸਰੀਏ ਅੰਦਰ ਸੜੀਏ’ ਏਸ ਸਰਾਪ ਨੂੰ ਛਡੋ।
ਗੁਰੂ ਆਖਦੇ ਸੁਣ ਸਿਖ ਭੋਲੇ ਸਾਨੂੰ ਕ੍ਰੋਧ ਨਾ ਮਾਸਾ।
ਹਛਾ ਜੋ ਕੋਈ ਦਰਸ਼ਨ ਕਰਸੀ ਤਿਸਨੂੰ ਸਰਾਪ ਨ ਆਸਾ।
ਹੋਰ ਸੰਗਤਾਂ ਵਲੇ ਸਾਹਿਬ ਦਰਸ਼ਨਕਰਨ ਨੂੰ ਆਈਆਂ।
ਓਸੇਵੇਲੇ ਗੁਰੂਅਲਾਇਆ “ਮਾਈਆਂ ਰਬ ਰਜਾਈਆਂ”।
ਏਸੇ ਤਰਾਂ ਹੀਰਾ ਨੰਦ ਜੀ ਸਿਖੀ ਦੇ ਵਿਚ ਰਹਿੰਦਾ।
ਕਲਗੀਧਰਦੇ ਦਰਸ਼ਨਦਾ ਤਦਰਾਤਾਦਨੇਚਿਤ ਚਾਹੁੰਦਾ।
ਪੁਰ ਅਨੰਦ ਸੀ ਦਰਸ਼ਨ ਕਰਨੇ ਇਕ ਵੇਰ ਜਦ ਆਯਾ।
ਦਸ ਭਾਈ ਕੀ ਚਾਹੁੰਦਾ ਹੈਂ ਗੁਰ ਜੀ ਇਹ ਫੁਰਮਾਯਾ।
ਭਾਈ ਆਖੇ ਹੇ ਸਤਿਗੁਰ ਜੀ ਧਨ ਦੀ ਕਮੀ ਨ ਕਾਈ।
ਪਰਇਕ ਪੁਤਰ ਘਰਵਿਚ ਨਹੀਂ ਹੈ ਇਸਨੇ ਚਿੰਤਾ ਲਾਈ।
ਸ੍ਰੀ ਦਸਮੇਸ਼ ਮੁਖੋਂ ਅਲਾਯਾ ਪੁਤ੍ਰ ਹੋਸੀ ਯੋਧਾ।
ਸਿਖ ਧਰਮ ਦੀ ਲਾਜ ਰਖਸੀ ਧਰਮ ਨੂੰ ਦੇਸੀ ਮੋਢਾ।
ਹੁਕਮ ਨਾਮਾ ਨਾਲ ਬਖਸ਼ਿਆ ਸਿਖੀ ਬਖਸ਼ੀ ਪੂਰੀ।
ਲੁਛਿੰਦ ਸਿੰਘ ਜਦ ਪੈਦਾ ਹੋਏ ਸਿਖੀ ਲਈ ਹਜ਼ੂਰੀ।
ਸਦਾ ਪੰਥ ਜੀ ਸੇਵ ਕਮਾਂਦਾ ਨਾਲ ਖਾਲਸੇ ਮਿਲਕੇ।
ਪਰਉਪਕਾਰ ਜੰਗ ਜੁਧ ਅੰਦਰ ਹਿਸਾ ਲੈਂਦਾ ਖਿੜਕੇ॥
ਕਈ ਸੰਗਰਾਮਾਂ ਵਿਚ ਓਸਨੇ ਚੰਗੇ ਹਥ ਦਿਖਾਏ
ਆਖਰ ਅਮ੍ਰਿਤਸਰ ਵਿਚ ਉਸਨੇ ਬਾਕੀ ਦਿਨ ਕਟਾਏ।
ਸੰਤਤ ਉਸਦੀ ਸੰਤ ਸਿੰਘ ਜੀ ਗੁਰ ਦੀ ਸੇਵ ਕਮਾਵੇ।

ਵੀਹ ਸਿੰਘਾਂ ਨੂੰ ਪ੍ਰਸ਼ਾਦ ਛਕਾਕੇ ਫਿਰ ਉਹ ਭੋਜਨ ਪਾਵੇ।
ਗਰੀਬ ਗੁਰਬਾ ਜੋ ਨਜਰੀ ਆਵੇ ਦਾਨ ਦੇਇ ਜਸ ਪਾਵੇ।
ਗਜਾ ਸਿੰਘ ਸੀ ਪੁਤ ਉਸਦਾ ਗੁਰ ਦੀ ਟਹਿਲ ਕਮਾਵੇ।
ਗਯਾਨ ਸਿੰਘ ਗਯਾਨੀ ਦਾ ਮਿਤਰ ਗੁਰਦੀ ਕਥਾ ਸੁਨਾਵੇ।
ਸ਼ਾਮ ਸਿੰਘ ਸੰਤਾਂ ਦੇ ਡੇਰੇ ਦਿਨ ਰਾਤ ਰਸਦ ਪੁਚਾਵੇ।
ਸਰਮੁਖ ਸਿੰਘ ਨਿਹੰਗ ਦੇ ਡੇਰੇ ਸੇਵਾ ਕਰੀ ਉਸ ਭਾਰੀ।
ਸਤ ਸੰਗਤ ਸਭਾ ਕਾਇਮ ਕਰਕੇ ਮੇਲੇ ਕੀਤੇ ਜਾਰੀ।
ਅੰਮ੍ਰਿਤਸਰ ਵਿਚ ਗੁਰਮਰਯਾਦਾ ਪਹਿਲਾਂ ਇਸਨੇ ਕਢੀ।
ਸਰਦੂਲ ਸਿੰਘ ਆਰਯਾ ਸਿੰਘ ਮਿਲਕੇ ਜੜ ਮਨਮਤ ਦੀ ਵਢੀ
ਪੰਜਾਬੀ ਦਾ ਅਤੀ ਪ੍ਰਚਾਰਕ ਚਤਰ ਸਿੰਘ ਪੁਤ ਆਯਾ।
ਹਜ਼ਾਰਾਂ ਪੁਸਤਕ ਛਾਪੇ ਉਸਨੇ ਥੋੜਾ ਮੁਲ ਰਖਾਯਾ।
ਸ਼ਾਮ ਸਿੰਘ ਹੈ ਛੋਟਾ ਭਾਈ ਕੰਮ ਕ੍ਰਿਪਾਨ ਕਰਾਵੇ।
ਸੇਵਾਂ ਮਾਈ ਬਜਾਰ ਵਿਚ ਉਹ ਹਟੀ ਖੂਬ ਚਲਾਵੇ।
ਚਤੁਸਿੰਘ ਦਾ ਪੁਤ੍ਰ ਜੀਉਣਸਿੰਘ ਪੁਸਤਕ ਬਹੁਤ ਛਪਾਵੇ।
ਮੁਫਤ ਵਾਂਗ ਮੁਲ ਥੋੜਾ ਲੈਂਦੇ ਪੰਜਾਬੀ ਪ੍ਰਚਾਰ ਕਰਾਵੇ।

## ਮਸੇ ਰੰਗੜ ਨੂੰ ਮਾਰਨਾਂ

ਮਸਾਂ ਰੰਗੜ ਮੰਡਾਲੀਆ ਜੋ ਪਯਣੇ ਦਾਤ ਸੀ ਸਿਖਾਂ ਦੇ ਪਕੜਨੇ ਕਰਕੇ ਸ੍ਰੀ ਅੰਮ੍ਰਿਤਸਰ ਆ ਰਿਹਾ ਅਰ ਬੜੀ ਬੇਅਦਬੀ ਕਰਨ ਲਗਾ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਪਲੰਘ ਵਿਛਾਕੇ ਮਾਸ ਕਬਾਬ ਖਾਵੇ। ਸ਼ਰਾਬ ਪੀਂਦਾ ਕੰਜਰੀਆਂ ਨਚਾਵੇ ਤਾਂ ਇਹ ਖਬਰ ਬੁਢਾ ਸਿੰਘ ਦੇ ਦਲ ਨੂੰ ਬੀਕਾ ਨੇਰ ਪਹੁੰਚੀ ਤਾਂ ਭਾਈ ਮਤਾਬ ਸਿੰਘ ਜੀ ਮੀਰਾਂਕੋਟੀਏ ਜਥੇਦਾਰ ਬੁਢਾ ਸਿੰਘ ਦੀ ਅਸੀਸ ਲੈਕੇ ਅੰਮ੍ਰਿਤਸਰ ਪਹੁੰਚੇ ਅਰ ਮਸੇ ਦਾ ਸਿਰ ਆਕੇ ਕਟ ਦਿਤਾ ਹੋਰ ਭੀ ਜੋ ਉਸਦੇ ਸਾਥੀ ਸੀ ਮਾਰ ਮੁਕਾਏ ਜਿਸ ਕਰਕੇ ਅੰਮ੍ਰਿਤਸਰ ਵਿਚੋਂ ਤੁਰਕ ਨਸ ਗਏ ॥

# ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਭਾਈ ਮਨੀਸਿੰਘ ਜੀਦੀਸ਼ਹੀਦੀ ਇਸਤਰਾਂ ਹੈ ਕਿ ਅਮ੍ਰਿਤਸਰ ਵਿਚ ਇਹ ਬੜੇ ਗੁਣੀ ਸਨ ਕਥਾ ਵਾਰਤਕ ਦੇ ਗਿਆਨੀ ਸਨ। ਬਾਣੀ ਨੂੰ ਜੁਦਾ ਕਰ ਕਰ ਸਿਖਾਂ ਨੂੰ ਸੁਣਉਂਦੇ ਸਨ ਅਰ ਟੀਕਾ ਵੀ ਬਹੁਤ ਬਾਣੀਆਂ ਦਾ ਕੀਤਾ ਸੀ, ਵੇਦ ਸ਼ਾਸਤ੍ਰ ਅਰ ਫਾਰਸੀ ਭੀ ਪੜੇ ਹੋਏ ਸਨ, ਕਈ ਅਨਪੜ੍ਹ ਸਿਖ ਭਾਈ ਜੀ ਨੂੰ ਇਹ ਕੈਂਹਦੇ ਸਨ ਕਿ ਗੁਰੂ ਕੀ ਬਾਣੀ ਨੂੰ ਤੁਸੀਂ ਖੰਡਤ ਕੀਤਾ ਹੈ ਇਸ ਕਰਕੇ ਤੁਹਾਨੂੰ ਅੰਗ ਅੰਗ ਕਟਾਨੇ ਚਾਹੀਏ ਤਾਂ ਭਾਈ ਜੀ ਡਰ ਕਿ ਸਰਾਪ ਤੁਹਾਡਾ ਫਿਰੇਗਾ ਨਹੀਂ ਸੋ ਐਸਾ ਹੀ ਹੋਇਆ ਭਾਈ ਜੀ ਨੇ ਆਖਿਆ ਕਿ ਸਿਖੀ ਮੁੜ ਹਥ ਨਹੀਂ ਆਉਣੀ ਤੇ ਵਿਚਾਰਕੇ ਭਾਈ ਜੀ ਆਖਿਆ ਇਹ ਬਾਤ ਬਿਲਕੁਲ ਝੂਠ ਹੈ ਜਦ ਪੈਗੰਬਰ ਨੇ ਆਖਿਆ ਦੋਜ਼ਖ ਬਹਿਸ਼ਤ ਅਮਲਾਂ ਪਰ ਹੈ ਓਥੇ ਮੇਰੀ ਪੇਸ਼ ਨਹੀਂ ਚਲਦੀ ਸ ਮੈਨੂੰ ਕਿਸਤਰਾਂ ਦੇ ਸਕਦੇ ਸਨ। ਇਹ ਗਲ ਸੁਣਕੇ ਕਾਜੀਆਂ ਨੇ ਫਤਵਾ ਦਿਤਾ ਕਿ ਇਸਨੂੰ ਕਤਲ ਕਰ ਦਿਓ। ਸੋ ਭਾਈ ਜੀ ਨੂੰ ਕਤਲ ਵਾਸਤੇ ਲੈ ਗਏ। ਸ਼ੈਹਰ ਦੇ ਪੈਂਚਾਂ ਨੇ ਬਥੇਰਾ ਕਿਹਾ ਇਸ ਕੋਲੋਂ ਚਟੀ ਲੈਕੇ ਛਡ ਦਿਓ। ਇਸ ਕੁਤਵਾਲ ਨੇ ਸ਼ਹਿਰ ਵਿਚ ਬੜਾ ਅਮਨ ਰਖਿਆ ਹੈ ਚੋਰ ਡਾਕੂ ਨਹੀਂ ਆਉਂਦਾ। ਫਿਰ ਸ਼ਾਹਬਾਜ਼ ਸਿੰਘ ਨੇ ਕਿਹਾ ਕਿ ਬਿਨਾਂ ਗੁਨਾਹ ਕਤਲ ਕਰਨ ਦਾ ਹੁਕਮ ਨਹੀਂ ਫਿਰ ਕਾਜ਼ੀਆਂ ਨੇ ਇਸਨੂੰ ਭੀ ਫਤਵਾ ਦੇ ਦਿਤਾ। ਆਖਰ ਦੋਨਾਂ ਨੂੰ ਸ਼ਹੀਦ ਕਰ ਦਿਤਾ॥

ਜਦ ਇਹ ਬ੍ਰਿਤਾਂਤ ਸਿਖਾਂ ਨੂੰ ਪਹੁੰਚਾ ਤੇ *ਹਕੀਕਤ ਰਾਇ

---

*ਹਕੀਕਤ ਰਾਇ ਸਹਿਜਧਾਰੀ ਸਿਖ ਸੀ ਏਨੇ ਗੁਰੂ ਘਰ ਦੀਆਂ ਸ਼ਹੀਦੀਆਂ ਸੁਣੀਆਂ ਹੋਈਆਂ ਸਨ ਇਸ ਲਈ ਏਹਨੇ ਭੀ ਸ਼ਹੀਦੀ ਪਾਈ ਪਰ ਧਰਮ ਨਹੀਂ ਛਡਿਆ। ਇਸਦੀ ਮਾਂ ਨੇ ਭੀ ਖਾਲਸੇ ਅਗੇ ਫਰਿਆਦ ਕੀਤੀ ਸੀ॥

ਖਬਰ ਸੁਣੀ ਤਾਂ ਸਿਖਾਂ ਨੇ ਲਾਹੌਰ ਤੇ ਚੜ੍ਹਾਈ ਕਰ ਦਿਤੀ ਸਿਖ ਕਾਜ਼ੀਆਂ ਦੇ ਘਰਾਂ ਵਿਚ ਧਸ ਗਏ ਤੇ ਕਾਜ਼ੀ ਆਦਿਕ ਮੁਕਾ ਦਿਤੇ ਫਲ ਭੁਗਤਾਇਕੇ ਚੰਗੀ ਤਰਾਂ ਸਜਾ ਦਿਤੀ ਫਿਰ ਸ਼ਾਹੀ ਫੌਜ ਨੂੰ ਭਾਂਜ ਦੇਕੇ ਖਾਲਸਾ ਫਿਰ ਬਨ ਵਿਚ ਧਸ ਗਿਆ ਤੇ ਓਸ ਵੇਲੇ ਸਿਖਾਂ ਤੇ ਬੜਾ ਜ਼ੁਲਮ ਸੀ। ਸਿਖਾਂ ਦੇ ਸਿਰ ਮੁਲ ਵਿਕਦੇ ਸੀ॥

## ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ

ਭਾਈ ਤਾਰੂ ਸਿੰਘ ਜੀ ਪੰਥ ਦੀ ਬੜੀ ਸੇਵਾ ਕਰਦੇ ਸਨ ਅਤ ਭਿਆਨਕ ਸਮੇਂ ਵਿਚ ਖਾਲਸੇ ਨੂੰ ਰਸਦ ਪੁਚਾਂਦੇ ਸਨ ਸੂਬੇ ਖਾਨ ਬਹਾਦਰ ਪਾਸ ਕਿਸੇ ਚੁਗਲੀ ਖਾਧੀ ਸੋ ਭਾਈ ਜੀ ਨੂੰ ਪਕੜ ਮੰਗਾਯਾ ਤੇ ਜੋਰ ਨਾਲ ਆਖਿਆ ਮੁਸਲਮਾਨ ਹੋ ਜਾਓ। ਪਰ ਭਾਈ ਜੀ ਕਦ ਮੰਨਦੇ ਸਨ ਚਰਖੜੀ ਪਰ ਚੜ੍ਹਾਯਾ ਪਰ ਭਾਈ ਜੀ ਨਹੀਂ ਮੰਨੇ ਆਖਰ ਨਵਾਬ ਨੇ ਏਹ ਕਿਹਾ ਕਿ ਮਾਰੋ ਜੁਤੀਆਂ ਦੇ ਕੇਸ ਉਡ ਜਾਨਗੇ। ਭਾਈ ਜੀ ਕਿਹਾ "ਕੇਸ ਸਿਰ ਦੇ ਨਾਲ ਜਾਨਗੇ। ਤੈਨੂੰ ਜੁਤੀਆਂ ਮਾਰਕੇ ਅਗੇ ਚਲਾਵਾਂਗੇ" ਸੋ ਐਸਾ ਹੀ ਹੋਇਆ ਖਾਨੂੰ ਨੇ ਨਾਈ ਮੰਗਾਯਾ ਕੇਸ ਨਹੀਂ ਉਤਰੇ ਫਿਰ ਮੋਚੀ ਮੰਗਾਯਾ ਰੰਬੀ ਨਾਲ ਭੀ ਨਹੀਂ ਉਤਰੇ ਇਹ ਪਰਤਖ ਕਰਾਮਾਤ ਦੇਖਕੇ ਦੁਨੀਆਂ ਦੰਗ ਰਹਿਗਈ ਆਖਰ ਭਾਈ ਜੀ ਦੇ ਰੰਬੀ ਨਾਲ ਅਧ ਵਿਚਕਾਰੋ ਸਿਰ ਕਟਿਆ ਫਿਰ ਭੀ ਕੇਸ਼ ਨਹੀਂ ਕਟੇ। ਆਖਰ ਖਾਨੂੰ ਨੇ ਛਡ ਦਿਤਾ ਸੋ ਧਰਮ ਸਾਲ ਵਿਚ ਸਿਖ ਲੈ ਆਏ ਓਧਰ ਖਾਨੂੰ ਦਾ ਪਸ਼ਾਬ ਬੰਦ ਹੋਇਆ, ਕਈ ਦਵਾਵਾਂ ਕੀਤੀਆਂ ਜਾਦੂ ਟੂਣੇ ਕੀਤੇ, ਆਖਰ ਜੋ ਸਿਖ ਕੈਦ ਸਨ ਛਡ ਦਿਤੇ ਤੇ ਸੁਬੇਗ ਸਿੰਘ ਨੂੰ ਭੇਜਿਆ ਭਾਈ ਜੀ ਕਿਹਾ ਪਸ਼ਾਬ ਬੰਦ ਹੀ ਰਹੇਗਾ ਫਿਰ ਖਾਨੂੰ ਨੇ ਪੰਥ ਪਾਸ ਅਰਜ਼ ਕਰ ਦਿਤੀ ਕਿ ਮੇਰੀ ਜਾਨ ਬਖਸ਼ੋ ਮੈ ਫਿਰ ਜ਼ੁਲਮ ਨਹੀਂ ਕਰਾਂਗਾ ਪੰਥ ਦਾ ਸੇਵਕ ਰਹਾਂਗਾ ਅਰ ਸਵਾ ਲਖ ਦੀ ਜਗੀਰ ਹਰੀ ਮੰਦਰ ਦੇ ਨਾਲ ਦੇਵਾਂਗਾ ਤਦ ਨਵਾਬ ਕਪੂਰ ਸਿੰਘ ਨੇ ਆਖਿਆ ਤੇਰੀ ਦਿਤੀ ਹੋਈ ਜਗੀਰ ਨਹੀਂ ਲੈਣੀ ਅਸੀ ਤੇਗ ਦੇ ਬਲ ਨਾਲ ਲਵਾਂਗੇ ਫਿਰ ਪੰਜਾਂ ਸਿੰਘਾਂ ਨੇ ਗੁਰਮਤਾ ਕਰਕੇ

ਅਰਦਾਸ ਕੀਤੀ ਤੇ ਕਿਹਾ ਕਿ ਮੌਤੋਂ ਨਹੀਂ ਛੁਟੇਗਾ ਪਰ ਭਾਇ ਜੀ ਦੀ ਜੁਤੀਆਂ ਸਿਰ ਵਿਚ ਮਾਰਨ ਕਰਕੇ ਪਸ਼ਾਬ ਉਤਰੇਗਾ। ਐ ਇਸਤਰਾਂ ਦੁਖ ਪਾਕੇ ਖਾਨ ਬਹਾਦਰ ਦੀ ਜਿੰਦ ਪਹਿਲੇ ਨਿਕਲੀ ਉਧਰ ਭਾਈ ਜੀਨੇ ੨੨ ਦਿਨ ਅੰਨ ਨਹੀਂ ਖਾਧਾ ਫਿਰ ਓਹ ਭੀ ਗੁਰਪੁਰੀ ਸਿਧਾਰੇ ਇਨਾਂ ਦਾ ਸ਼ਹੀਦ ਗੰਜ ਦਿਲੀ ਦਰਵਾਜੇ ਦੇ ਬਾਹਰ ਬਣਿਆ ਹੋਇਆ ਹੈ॥

## ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ ਤੇ ਪੰਥ ਨੇ ਦੁਸ਼ਟਾਂ ਨੂੰ ਸੋਧਨਾ

ਇਸਤਰਾਂ ਜਦ ਖਾਨ ਬਹਾਦਰ ਮਰ ਗਿਆ ਤਾਂ ਉਸਦਾ ਪੁਤਰ ਯਿਜੇ ਖਾਨ ਲਾਹੌਰ ਦਾ ਸੂਬਾ ਮੁਕੱਰਰ ਹੋਇਆ ਉਸਨੇ ਲਖਪਤਰਾਇ ਨੂੰ ਦੀਵਾਨ ਕੀਤਾ। ਉਸਨੇ ਕਿਹਾ ਕਿ ਸੁਬੇਗ ਸਿੰਘ ਨੂੰ ਕੁਤਵਾਲ ਕਿਉਂ ਰਖਿਆ ਹੈ ਇਹ ਸਿੰਘਾਂ ਨੂੰ ਜਾਕਰ ਖਬਰ ਦੇਂਦਾ ਹੈ ਇਹਦਾ ਰਖਣਾ ਐਸਾ ਹੈ ਜੈਸਾ ਸਰਪ ਪਾਲਣਾ ਹੈ। ਪਾਸਬੈਠੇ ਕਾਜ਼ੀ ਬੋਲੇਸ਼ਰਾ ਕੈਂਦੀਹੈ ਆਦਮੀ ਐਸੇ ਨੂੰ ਯਾ ਦੀਨ ਮਨਾਓ ਯਾਂਕਤਲ ਕਰੋਤਾਂ ਸੁਬੇਗਸਿੰਘ ਕਤਵਾਲ ਨੂੰ ਬੁਲਾਇਆ ਤੇਆਖਿਆ ਤੂੰ ਸਿੰਘਾਂ ਦਾ ਲਿਹਾਜ਼ ਰਖਦਾ ਹੈਂ ਜਿਸ ਕਰਕੇ ਮੁਸਲਮਾਨ ਦੇਖਕੇ ਬੁਰਾ ਮਨਾਉਂਦੇ ਹਨ ਤੇ ਖਾਲਸੇ ਨੂੰ ਭੀ ਰਸਦ ਕਪੜਾ ਆਦਿਕ ਪੁਚਾਉਨਾ ਹੈ ਇਸ ਲਈ ਮੁਸਲਮਾਨ ਹੋਜਾ ਕਿਉਂਕਿ ਆਪ ਬਹਿਸ਼ਤ ਨੂੰ ਜਾਵੇਂਗੇ ਤਦ ਭਾਈ ਜੀ ਆਖਿਆ ਇਹ ਬਾਤ ਬਿਲਕੁਲ ਝੂਠ ਹੈ ਜਦ ਪੈਗੰਬਰ ਦੀ ਮਾਤਾ ਨੇ ਕਿਹਾ ਕਿ ਮੈਨੂੰ ਬਹਿਸ਼ਤ ਚੰਗਾ ਦਿਲਵਾਨਾ ਤਾਂ ਪੈਗੰਬਰ ਨੇ ਆਖਿਆ ਦੋਜ਼ਖ ਬਹਿਸ਼ਤ ਅਮਲਾਂ ਪਰ ਹੈ ਓਥੇ ਮੇਰੀ ਪੇਸ਼ ਨਹੀਂ ਚਲਦੀ ਸੋ ਮੈਨੂੰ ਕਿਸਤਰਾਂ ਦੇ ਸਕਦੇ ਸਨ। ਇਹ ਗਲ ਸੁਣਕੇ ਕਾਜ਼ੀਆਂ ਨੇ ਫਤਵਾ ਦਿਤਾ ਕਿ ਇਸਨੂੰ ਕਤਲ ਕਰ ਦਿਓ। ਸੋ ਭਾਈ ਜੀ ਨੂੰ ਜਲਾਦ ਕਤਲ ਵਾਸਤੇ ਲੈ ਗਏ। ਸ਼ੈਹਰ ਦੇ ਪੈਂਚਾਂ ਨੇ ਬਥੇਰਾ ਕਿਹਾ ਕਿ ਇਸ ਕੋਲੋਂ ਚਟੀ ਲੈਕੇ ਛਡ ਦਿਓ ਇਸ ਕੁਤਵਾਲ ਨੇ ਸ਼ਹਿਰ ਵਿਚ ਬੜਾ ਅਰਾਮ ਰਖਿਆ ਹੈ ਚੋਰ ਡਾਕੂ ਡਰਦੇ ਨਹੀਂ ਆਉਂਦੇ। ਫਿਰ

ਸ਼ਾਹਬਾਜ਼ ਸਿੰਘ ਨੇ ਕਿਹਾ ਬਿਨਾਂ ਗੁਨਾਹ ਕਤਲ ਕਰਨ ਦਾ ਹੁਕਮ ਨਹੀਂ ਫਿਰ ਕਾਜ਼ੀਆਂ ਨੇ ਇਸਨੂੰ ਭੀ ਫਤਵਾ ਦੇ ਦਿਤਾ। ਆਖਰ ਦੋਨਾਂ ਨੂੰ ਸ਼ਹੀਦ ਕਰ ਦਿਤਾ॥

# ਬਾਬਾ ਦੀਪ ਸਿੰਘ ਗੁਰਬਖਸ਼ ਸਿੰਘ ਆਦਿਕ ਸ਼ਹੀਦ

ਅਹਿਮਦਸ਼ਾਹ ਦੁਰਾਨੀ ਜਿਸ ਵੇਲੇ ਆਯਾ ਤਾਂ ਦਰਬਾਰ ਸਾਹਿਬ ਦੀ ਬੜੀ ਬੇਅਦਬੀ ਕੀਤੀ ਤੇ ਬਾਬਾ ਦੀਪ ਸਿੰਘ ਜੀ ੧੦੦੦੦ ਦਾ ਕਟਕ ਸੁਣਕੇ ਤਰਨ ਤਾਰਨੋਂ ਆਏ ਰਸਤੇ ਵਿਚ ਤੁਰਕਾਂ ਨਾਲ ਜੁਧ ਹੋਗਿਆ ਤੇ ਬਾਬੇ ਦਾ ਸਿਰ ਕਟਿਆਗਿਆ ਸਿਖਾਂ ਆਖਿਆ ਬਾਬਾ ਜੀ ਆਪਨੇ ਤਾਂ ਅਮ੍ਰਿਤਸਰ ਜਾਕੇ ਸਿਰ ਦੇਨ ਦਾ ਬਚਨ ਕੀਤਾ ਸੀ ਤਾਂ ਬਾਬੇ ਦੀਪ ਸਿੰਘ ਨੇ ਹਥ ਤੇ ਸਿਰ ਰਖ ਲਿਆ ਪਰ ਸਭ ਦੁਰਾਨੀ ਨਸ ਗਏ। ਬਾਬੇ ਜੀ ਅਮ੍ਰਿਤਸਰ ਦੇ ਪਾਸ ਆਕੇ ਸ਼ਹੀਦ ਹੋ ਗਏ। ਓਥੇ ਓਨਾਂ ਦਾ ਗੁਰਦਵਾਰਾ ਹੈ॥

ਸਮਾਂ ਪਾਕੇ ਫਿਰ ਬੇਅਦਬੀ ਤੁਰਕਾਂ ਸ਼ੁਰੂ ਕੀਤੀ ਤਾਂ ਬਾਬਾ ਗੁਰਬਖਸ਼ ਸਿੰਘ ਜੀ ਬਾਬਾ ਬਸੰਤ ਸਿੰਘ ਜੀ ਰਾਮ ਸਿੰਘ ਆਦਿਕ ਜੰਗ ਕਰਕੇ ਜ਼ੁਲਮ ਦਾ ਨਾਸ ਕੀਤਾ ਤੇ ਦਰਬਾਰ ਸਾਹਿਬ ਦੀ ਬੇਅਦਬੀ ਹਟਾਈ ਤੇ ਸ਼ਹੀਦ ਗੁਰੂ ਜੀ ਦੀ ਪੁਰੀ ਵਿਚ ਹੋਏ। (ਸਾਰਾ ਹਾਲ ਅਗਲੇ ਹਿਸੇ ਵਿਚ ਆਵੇਗਾ ਜੋ ਜੋ ਸਿੰਘਾਂ ਤੇ ਜ਼ੁਲਮ ਕੀਤੇ ਤੇ ਜਿਸਤਰਾਂ ਖਾਲਸੇ ਨੇ ਅਮਨ ਪੈਦਾ ਕੀਤਾ)॥

# ਬਾਬਾ ਖੁਦਾ ਸਿੰਘ ਜੀ ਅਕਾਲੀ

ਬਾਬਾ ਖੁਦਾ ਸਿੰਘ ਬੜੇ ਧਰਮਾਤਮਾ ਸਨ, ਲਾਹੌਰ ਇਨ ਦ ਡੇਰਾ ਚੂਨੇ ਮੰਡੀ ਵਿਚ ਹੈ, ਇਨਾਂ ਦਾ ਪਰਤਾਪ ਬਹੁਤ ਸੀ। ਲੋਕ ਪ੍ਰੇਮ ਨਾਲ ਪਿੰਗਾੜੇ ਚੁਕੀ ਫਿਰਦੇ ਸਨ। ਇਕ ਵੇਰ ਸੰਗਤਾਂ ਨੇ ਬੇਨਤੀ ਕਰਕੇ ਕਾਬਲ ਲੈ ਗਈਆਂ। ਓਥੇ ਸਤਿਨਾਮ ਦਾ ਉਪਦੇਸ਼

ਦੇਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਜਨਮ ਮਰਨ ਕਟਨ ਦੀ ਬਿਧੀ ਪੁਛੀ ਤਾਂ ਬਾਬੇ ਨੇ ਫੁਰਮਾਯਾ:-

"ਮਿਠਾ ਬੋਲਨ ਨਿਉਂ ਚਲਨ ਹਥਹੁ ਭੀ ਕੁਛ ਦੇਇ।
ਰਬ ਤਿਨਾਂ ਦੀ ਸੁਕਲੀ ਜੰਗਲ ਕਾ ਢੂੰਢੇਇ।

ਪੁਨਾ:-

"ਜੋ ਤੈਹਿ ਮਾਰਨ ਮੁਕੀਆਂ ਤਿਨਾਂ ਨ ਮਾਤੀ ਘੁੰਮ।
ਆਪਨੜੇ ਘਰ ਜਾਇਕੇ ਪੈਰ ਤਿਨਾਂ ਦੇ ਚੁੰਮ।

ਇਤ ਆਦਿਕ ਬਚਨ ਸੁਣਕੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ ਅਰ ਸਿਖੀ ਬਹੁਤ ਵਧ ਗਈ ਤਾਂ ਕਾਜ਼ੀਆਂ ਨੇ ਚੁਗਲੀ ਕੀਤੀ ਬਾਦਸ਼ਾਹ ਪਾਸ। ਤਾਂ ਬਾਬੇ ਦੇ ਦਰਸ਼ਨ ਦੀ ਬਾਦਸ਼ਾਹ ਨੇ ਚਾਹ ਪ੍ਰਗਟ ਕੀਤੀ ਤਾਂ ਬਾਬਾ ਜੀ ਪਾਲਕੀ ਵਿਚ ਬੈਠਕੇ ਗਏ। ਤਾਂ ਅਮੀਰਾਂ ਵਜ਼ੀਰਾਂ ਅਰਜ ਕੀਤੀ ਸੋ ਸਭ ਦਰਸ਼ਨ ਕਰਕੇ ਨਿਹਾਲ ਹੋਏ॥

ਖਬਰ ਸੁਣੀ ਤਾਂ ਸਿਖਾਂ ਨੇ ਲਾਹੌਰ ਤੇ ਚੜ੍ਹਾਈ ਕਰ ਦਿਤੀ, ਸਿਖ ਕਾਜ਼ੀਆਂ ਦੇ ਘਰਾਂ ਵਿਚ ਧਸ ਗਏ ਤੇ ਕਾਜ਼ੀ ਆਦਿਕ ਮੁਕਾ ਦਿਤੇ ਫਲ ਭੁਗਤਾਇਕੇ ਚੰਗੀਤਰਾਂ ਸਜਾ ਦਿਤੀ ਫਿਰ ਸ਼ਾਹੀ ਫੌਜ ਨੂੰ ਭਾਂਜ ਦੇਕੇ ਖਾਲਸਾ ਫਿਰ ਰਣ ਵਿਚ ਧਸ ਗਿਆ ਤੇ ਉਸ ਵੇਲੇ ਸਿਖਾਂ ਤੇ ਬੜਾ ਜ਼ੁਲਮ ਸੀ। ਸਿਖਾਂ ਦੇ ਸਿਰ ਮੁਲ ਵਿਕਦੇ ਸੀ ॥

## ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ

ਭਾਈ ਤਾਰੂ ਸਿੰਘ ਜੀ ਪੰਥ ਦੀ ਬੜੀ ਸੇਵਾ ਕਰਦੇ ਸਨ ਅਤ ਭਿਆਨਕ ਸਮੇਂ ਵਿਚ ਖਾਲਸੇ ਨੂੰ ਰਸਦ ਪੁਚਾਂਦੇ ਸਨ ਸੂਬੇ ਖਾਨ ਬਹਾਦਰ ਪਾਸ ਕਿਸੇ ਚੁਗਲੀ ਖਾਧੀ ਸੋ ਭਾਈ ਜੀ ਨੂੰ ਪਕੜ ਮੰਗਾਯਾ ਤੇ ਜੋਰਨਾਲ ਆਖਿਆ ਮੁਸਲਮਾਨਹੋ ਜਾਓ। ਪਰਭਾਈਜੀ ਕਦ ਮੰਨਦੇ ਸਨ ਚਰਖੜੀ ਪਰ ਚੜ੍ਹਾਯਾ ਪਰ ਭਾਈ ਜੀ ਨਹੀਂ ਮੰਨੇ ਆਖਰ ਨਵਾਬ ਨੇ ਏਹ ਕਿਹਾ ਕਿ ਮਾਰੋ ਜੁਤੀਆਂ ਦੇ ਕੇਸ ਉਡ ਜਾਨਗੇ। ਭਾਈ ਜੀ ਕਿਹਾ "ਕੇਸ ਸਿਰਦੇ ਨਾਲ ਜਾਨਗੇ। ਤੈਨੂੰ ਜੁਤੀਆਂ ਮਾਰਕੇ ਅਗੇ ਚਲਾਵਾਂਗੇ" ਸੋ ਐਸਾ ਹੀ ਹੋਇਆ ਖਾਨੂੰ ਨੇ ਨਾਈ ਮੰਗਾਯਾ ਕੇਸ ਨਹੀਂ ਉਤਰੇ ਫਿਰ ਮੋਚੀ ਮੰਗਾਯਾ ਰੰਬੀ ਨਾਲ ਭੀ ਨਹੀਂ ਉਤਰੇ ਇਹ ਪਰਤਖ ਕਰਾਮਾਤ ਦੇਖਕੇ ਦੁਨੀਆਂ ਦੰਗ ਰੈਹਗਈ ਆਖਰ ਭਾਈ ਜੀ ਦੇ ਰੰਬੀ ਨਾਲ ਅਧਾ ਵਿਚਕਾਰੋ ਸਿਰ ਕਟਿਆ ਫਿਰ ਭੀ ਕੇਸ਼ ਨਹੀਂ ਕਟੇ, ਆਖਰ ਖਾਨੂੰ ਨੇ ਛਡ ਦਿਤਾ ਸੋ ਧਰਮ ਸਾਲ ਵਿਚ ਸਿਖ ਲੈ ਆਏ ਓਧਰ ਖਾਨੂੰ ਦਾ ਪਸ਼ਾਬ ਬੰਦਹੋਇਆ, ਕਈ ਦਵਾਵਾਂ ਕੀਤੀਆਂ ਜਾਦੂ ਟੂਣ ਕੀਤੇ, ਆਖਰ ਜੋ ਸਿਖਵੈਦ ਸਨ ਛਡ ਦਿਤੇ ਤੇ ਸੁਬੇਗ ਸਿੰਘ ਨੂੰ ਭੇਜਿਆ ਭਾਈ ਜੀ ਕਿਹਾ ਪਸ਼ਾਬ ਬੰਦ ਹੀ ਰਹੇਗਾ ਫਿਰ ਖਾਨੂੰ ਨੇ ਪੰਥ ਪਾਸ ਅਰਜ਼ ਕਰ ਦਿਤੀ ਕਿ ਮੇਰੀ ਜਾਨ ਬਖਸ਼ੋ ਮੈ ਫਿਰ ਜ਼ੁਲਮ ਨਹੀਂ ਕਰਾਂਗਾ ਪੰਥ ਦਾ ਸੇਵਕ ਰਹਾਂਗਾ ਅਰ ਸਵਾ ਲਖ ਦੀ ਜਗੀਰ ਹਰੀ ਮੰਦਰ ਦੇ ਨਾਲ ਦੇਵਾਂਗਾ ਤਦ ਨਵਾਬ ਕਪੂਰ ਸਿੰਘ ਨੇ ਆਖਿਆ ਤੇਰੀ ਦਿਤੀ ਹੋਈ ਜਗੀਰ ਨਹੀਂ ਲੈਣੀ ਅਸੀ ਤੇਗ ਦੇ ਬਲ ਨਾਲ ਲਵਾਂਗੇ ਫਿਰ ਪੰਜਾਂ ਸਿੰਘਾਂ ਨੇ ਗੁਰਮਤਾ ਕਰਕੇ

ਅਰਦਾਸ ਕੀਤੀ ਤੇ ਕਿਹਾ ਕਿ ਮੌਤੋਂ ਨਹੀਂ ਛੁਟੇਗਾ ਪਰ ਭਾਈ ਜੀ ਦੀ ਜੁਤੀਆਂ ਸਿਰ ਵਿਚ ਮਾਰਨ ਕਰਕੇ ਪਸ਼ਾਬ ਉਤਰੇਗਾ। ਸੋ ਇਸਤਰਾਂ ਦੁਖ ਪਾਕੇ ਖਾਨ ਬਹਾਦਰ ਦੀ ਜਿੰਦ ਪਹਿਲੇ ਨਿਕਲੀ ਉਧਰ ਭਾਈ ਜੀ ਨੇ ੨੨ ਦਿਨ ਅੰਨ ਨਹੀਂ ਖਾਧਾ ਫਿਰ ਓਹ ਭੀ ਗੁਰਪੁਰੀ ਸਿਧਾਰੇ ਇਨਾਂ ਦਾ ਸ਼ਹੀਦ ਗੰਜ ਦਿਲੀ ਦਰਵਾਜੇ ਦੇ ਬਾਹਰ ਬਣਿਆ ਹੋਇਆ ਹੈ॥

## ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ ਤੇ ਪੰਥ ਨੇ ਦੁਸ਼ਟਾਂ ਨੂੰ ਸੋਧਨਾ

ਇਸਤਰਾਂ ਜਦ ਖਾਨ ਬਹਾਦਰ ਮਰ ਗਿਆ ਤਾਂ ਉਸਦਾ ਪੁਤਰ ਜ਼ਿਕਰੀਆ ਖਾਨ ਲਾਹੌਰ ਦਾ ਸੂਬਾ ਮੁਕੱਰਰ ਹੋਇਆ ਉਸਨੇ ਲਖਪਤਰਾਇ ਨੂੰ ਦੀਵਾਨ ਕੀਤਾ। ਉਸਨੇ ਕਿਹਾ ਕਿ ਸੁਬੇਗ ਸਿੰਘ ਨੂੰ ਕੁਤਵਾਲ ਕਿਉਂ ਰਖਿਆ ਹੈ ਇਹ ਸਿੰਘਾਂ ਨੂੰ ਜਾਕਰ ਖਬਰ ਦੇਂਦਾ ਹੈ ਇਹਦਾ ਰਖਨਾ ਐਸਾ ਹੈ ਜੈਸਾ ਸਪ ਪਾਲਨਾ ਹੈ। ਪਾਸ ਬੈਠੇ ਕਾਜ਼ੀ ਬੋਲੇ ਸ਼ਰਾ ਕੈਂਦੀ ਹੈ ਆਦਮੀ ਐਸੇ ਨੂੰ ਯਾਂ ਦੀਨ ਮਨਾਓ ਯਾਂ ਕਤਲ ਕਰੋ ਤਾਂ ਸੁਬੇਗ ਸਿੰਘ ਕੁਤਵਾਲ ਨੂੰ ਬੁਲਾਇਆ ਤੇ ਆਖਿਆ ਤੂੰ ਸਿੰਘਾਂ ਦਾ ਲਿਹਾਜ਼ ਰਖਦਾ ਹੈਂ ਜਿਸ ਕਰਕੇ ਮੁਸਲਮਾਨ ਦੇਖਕੇ ਬੁਰਾ ਮਨਾਉਂਦੇ ਹਨ ਤੇ ਖਾਲਸੇ ਨੂੰ ਭੀ ਰਸਦ ਕਪੜਾ ਆਦਿਕ ਪੁਚਾਉਨਾ ਹੈਂ ਇਸ ਲਈ ਮੁਸਲਮਾਨ ਹੋਜਾ ਕਿਉਂਕਿ ਆਪ ਬਹਿਸ਼ਤ ਨੂੰ ਜਾਵੇਂਗੇ ਤਦ ਭਾਈ ਜੀ ਆਖਿਆ ਇਹ ਬਾਤ ਬਿਲਕੁਲ ਝੂਠ ਹੈ ਜਦ ਪੈਗੰਬਰ ਦੀ ਮਾਤਾ ਨੇ ਕਿਹਾ ਕਿ ਮੈਨੂੰ ਬਹਿਸ਼ਤ ਦੇਗਾ ਦਲਵਾਨਾ ਤਾਂ ਪੈਗੰਬਰ ਨੇ ਆਖਿਆ ਦੋਜ਼ਖ ਬਹਿਸ਼ਤ ਅਮਲਾਂ ਪਰ ਹੈ ਉਥੇ ਮੇਰੀ ਪੇਸ਼ ਨਹੀਂ ਚਲਦੀ ਸੋ ਮੈਨੂੰ ਕਿਸਤਰਾਂ ਲੈ ਸਕਦੇ ਸਨ। ਇਹ ਗਲ ਸੁਣਕੇ ਕਾਜ਼ੀਆਂ ਨੇ ਫਤਵਾ ਦਿਤਾ ਕਿ ਇਸਨੂੰ ਕਤਲ ਕਰ ਦਿਓ। ਸੋ ਭਾਈ ਜੀ ਨੂੰ ਜਲਾਦ ਕਤਲ ਵਾਸਤੇ ਲੈ ਗਏ। ਸ਼ਹਿਰ ਦੇ ਪੈਂਚਾਂ ਨੇ ਬਥੇਰਾ ਕਿਹਾ ਕਿ ਇਸ ਕੋਲੋਂ ਚਟੀ ਲੈਕੇ ਛਡ ਦਿਓ ਇਸ ਕੁਤਵਾਲ ਨੇ ਸ਼ਹਿਰ ਵਿਚ ਬੜਾ ਅਰਾਮ ਰਖਿਆ ਹੈ ਚੋਰ ਡਾਕੂ ਡਰਦੇ ਨਹੀਂ ਆਉਂਦੇ। ਫਿਰ

ਹਥਾਜ ਸਿੰਘ ਨੇ ਕਿਹਾ ਬਿਨਾਂ ਗੁਨਾਹ ਕਤਲ ਕਰਨ ਦਾ ਹੁਕਮ ਨਹੀਂ ਫਿਰ, ਕਾਜ਼ੀਆਂ ਨੇ ਇਸਨੂੰ ਭੀ ਫਤਵਾ ਦੇ ਦਿਤਾ। ਆਖਰ ਦੋਨਾਂ ਨੂੰ ਸ਼ਹੀਦ ਕਰ ਦਿਤਾ॥

## ਬਾਬਾ ਦੀਪ ਸਿੰਘ ਗੁਰਬਖਸ਼ ਸਿੰਘ ਆਦਿਕ ਸ਼ਹੀਦ

ਅਹਿਮਦਸ਼ਾਹ ਦੁਰਾਨੀ ਜਿਸ ਵੇਲੇ ਆਇਆ ਤਾਂ ਦਰਬਾਰ ਸਾਹਿਬ ਦੀ ਬੜੀ ਬੇਅਦਬੀ ਕੀਤੀ ਤੇ ਬਾਬਾ ਦੀਪ ਸਿੰਘ ਜੀ ੧੦੦੦੦ ਦਾ ਕਟਕ ਸੁਣਕੇ ਚੁਰਨ ਤਾਰਨ ਆਏ ਰਸਤੇ ਵਿਚ ਤੁਰਕਾਂ ਨਾਲ ਜੁਧ ਹੋਗਿਆ ਤੇ ਬਾਬੇਦਾ ਸਿਰ ਕਟਿਆਗਿਆਸਿਖਾਂ ਆਖਿਆ ਬਾਬਾ ਜੀ ਆਪਨੇ ਤਾਂ ਅਮਿਤਸਰ ਜਾਕੇ ਸਿਰ ਦੇਨ ਦਾ ਬਚਨ ਕੀਤਾ ਸੀ ਤਾਂ ਬਾਬੇ ਦੀਪ ਸਿੰਘ ਨੇ ਹਥ ਤੇ ਸਿਰ ਰਖ ਲਿਆ ਪਰ ਸਭ ਦੁਰਾਨੀ ਨਸ ਗਏ। ਬਾਬੇ ਜੀ ਅਮ੍ਰਤਸਰ ਦੇ ਪਾਸ ਆਕੇ ਸ਼ਹੀਦ ਹੋ ਗਏ। ਓਥੇ ਓਨਾਂ ਦਾ ਗੁਰਦਵਾਰਾ ਹੈ॥

ਸਮਾਂ ਪਾਕੇ ਫਿਰ ਬੇਅਦਬੀ ਤੁਰਕਾਂ ਸ਼ੁਰੂ ਕੀਤੀ ਤਾਂ ਬਾਬਾ ਗੁਰਬਖਸ਼ ਸਿੰਘ ਜੀ ਬਾਬਾ ਬਸੰਤ ਸਿੰਘ ਜੀ ਰਾਮ ਸਿੰਘ ਆਦਿਕ ਜੰਗ ਕਰਕੇ ਜ਼ੁਲਮ ਦਾ ਨਾਸ ਕੀਤਾ ਤੇ ਦਰਬਾਰ ਸਾਹਿਬ ਦੀ ਬੇਅਦਬੀ ਹਟਾਈ ਤੇ ਸ਼ਹੀਦ ਗੁਰੂ ਜੀ ਦੀ ਪੁਰੀ ਵਿਚ ਹੋਏ। (ਸਾਰਾ ਹਾਲ ਅਗਲੇ ਹਿਸੇ ਵਿਚ ਆਵੇਗਾ ਜੋ ਜ ਸਿੰਘਾਂ ਤੇ ਜ਼ੁਲਮ ਕੀਤੇ ਤੇ ਜਿਸਤਰਾਂ ਖਾਲਸੇ ਨੇ ਅਮਨ ਪੈਦਾ ਕੀਤਾ)॥

## ਬਾਬਾ ਖੁਦਾ ਸਿੰਘ ਜੀ ਅਕਾਲੀ

ਬਾਬਾ ਖੁਦਾ ਸਿੰਘ ਬੜੇ ਪਰਮਾਤਮਾਂ ਸਨ, ਲਾਹੌਰ ਇਨ ਦਾ ਡੇਰਾ ਚੂਨੇ ਮੰਡੀ ਵਿਚ ਹੈ, ਇਨਾਂ ਦਾ ਪਰਤਾਪ ਬਹੁਤ ਸੀ। ਲੋਕ ਪ੍ਰੇਮ ਨਾਲ ਪਿੰਗਾੜੇ ਚੁਕੀ ਫਿਰਦੇ ਸਨ। ਇਕ ਵੇਰ ਸੰਗਤਾਂ ਨੇ ਬੇਨਤੀ ਕਰਕੇ ਕਾਬਲ ਲੈ ਗਈਆਂ। ਓਥੇ ਸਤਿਨਾਮ ਦਾ ਉਪਦੇਸ਼

ਢੇਰੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਜਨਮ ਮਰਨ ਕਟਨ ਦੀ ਬਿਧੀ ਪੁਛੀ ਤਾਂ ਬਾਬੇ ਨੇ ਫੁਰਮਾਯਾ:-

"ਮਿਠਾ ਬੋਲਨ ਨਿਉਂ ਚਲਨ ਹਥਹੁ ਭੀ ਕੁਛ ਦੇਇ।
ਰਬ ਤਿਨ੍ਹਾਂ ਦੀ ਕੁਕਲੀ ਜੰਗਲ ਕਾ ਢੂੰਢੇਇ।

ਪੁਨਾ:-

"ਜੋ ਤੈਹਿ ਮਾਰਨ ਮੁਕੀਆਂ ਤਿਨਾਂ ਨ ਮਾਰੀ ਘੁੰਮ।
ਆਪਨੜੈ ਘਰ ਜਾਇਕੇ ਪੈਰ ਤਿਨਾਂ ਦੇ ਚੁੰਮ।

ਇਤ ਆਦਿਕ ਬਚਨ ਸੁਣਕੇ ਉਨ੍ਹਾਂ ਦਾ ਮਨ ਸ਼ਾਂਤ ਹੋ ਗਿਆ. ਅਰ ਸਿਖੀ ਬਹੁਤ ਵਧ ਗਈ ਤਾਂ ਕਾਜ਼ੀਆਂ ਨੇ ਚੁਗਲੀ ਕੀਤੀ ਬਾਦਸ਼ਾਹ ਪਾਸ। ਤਾਂ ਬਾਬੇ ਦੇ ਦਰਸ਼ਨ ਦੀ ਬਾਦਸ਼ਾਹ ਨੇ ਚਾਹ ਪ੍ਰਗਟ ਕੀਤੀ ਤਾਂ ਬਾਬਾ ਜੀ ਪਾਲਕੀ [illegible] ਬੈਠਕੇ ਗਏ। ਤਾਂ ਅਮੀਰਾਂ ਵਜ਼ੀਰਾਂ ਅਰਜ ਕੀਤੀ ਸੋ ਸਭ ਦਰਸ਼ਨ ਕਰਕੇ ਨਿਹਾਲ ਹੋਏ॥